**PUNJAB VIDHAN SABHA**

*Wednesday, the 4th September, 2024*

*The Vidhan Sabha met in the Punjab Vidhan Sabha Hall, Vidhan Bhawan, Sector-1, Chandigarh at 10.00 A.M. Mr. Speaker (Sardar Kultar Singh Sandhwan) in the Chair.*

-------

**ਮਾਣਯੋਗ ਸਪੀਕਰ:** ਵਾਹਿਗੁਰੂ। ਪ੍ਰਸ਼ਨ ਕਾਲ।

**STARRED QUESTIONS AND ANSWERS**

**ਹਲਕਾ ਬੁਢਲਾਡਾ ਦੀਆਂ ਸੜਕਾਂ ਤੇ ਪੈਚ ਵਰਕ ਕਰਵਾਉਣਾ**

***1279. ਪ੍ਰਿੰਸੀਪਲ ਬੁੱਧ ਰਾਮ**: ਕੀ ਲੋਕ ਨਿਰਮਾਣ (ਭ ਤ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਬੁਢਲਾਡਾ ਦੀਆਂ ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ ਬਣੀਆਂ ਸੜਕਾਂ ਬੁਢਲਾਡਾ, ਗੁਰਨੇ ਕਲਾਂ, ਫਫੜੇ ਭਾਈਕੇ ਤੋਂ ਮਾਨਸਾ ਤੱਕ, ਬੋਹਾ, ਸੇਰ ਖਾਂ ਵਾਲਾ ਤੋਂ ਮਘਾਣੀਆਂ ਤੱਕ ਅਤੇ ਬਰੇਟਾ, ਕੁਲਰੀਆਂ ਤੋਂ ਭਾਵਾ ਤੱਕ ਤਿੰਨ ਸੜਕਾਂ ਦੀ ਹਾਲਤ ਬਹੁਤ ਖਰਾਬ ਹੈ; ਜੇਕਰ ਅਜਿਹਾ ਹੈ ਤਾਂ ਕੀ ਇਨ੍ਹਾਂ ਸੜਕਾਂ ਤੇ ਪਰਾਪਰ ਪੈਚ ਵਰਕ ਕਰਵਾਉਣ ਦਾ ਕੰਮ ਸਰਕਾਰ ਦੇ ਵਿਚਾਰ ਅਧੀਨ ਹੈ?

**ਖੇਤੀਬਾੜੀ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ):** ਜੀ ਹਾਂ, ਲਿੰਕ ਸੜਕ ਮਾਨਸਾ ਤੋਂ ਫਫੜੇ ਭਾਈਕੇ ਵਾਇਆ ਕੋਟ ਲੱਲੂ ਬੱਪੀਆਣਾ-ਫਫੜੇ ਭਾਈਕੇ, ਲਿੰਕ ਸੜਕ ਫਫੜੇ ਭਾਈਕੇ ਤੋਂ ਬੁਢਲਾਡਾ–ਭੀਖੀ ਰੋਡ ਵਾਇਆ ਗੁਰਨੇ ਕਲਾਂ ਅਤੇ ਲਿੰਕ ਸੜਕ ਬੋਹਾ-ਸ਼ੇਰ ਖਾਂ ਵਾਲਾ-ਮਘਾਣੀਆਂ-ਬਰੇਟਾ ਸੜਕ ਦੀ ਹਾਲਤ ਖਰਾਬ ਹੈ ਪਰੰਤੂ ਇਹ ਸੜਕਾਂ ਮੋਟਰੇਬਲ ਹਨ। ਇਹ ਸੜਕਾਂ ਮੁਰੰਮਤ ਲਈ ਡਿਊ ਨਹੀਂ ਹਨ ਅਤੇ ਇਨ੍ਹਾਂ ਸੜਕਾਂ ਤੇ ਪੈਚ ਵਰਕ ਕਰਵਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ।

**ਪ੍ਰਿੰਸੀਪਲ ਬੁੱਧ ਰਾਮ:** ਮਾਣਯੋਗ ਸਪੀਕਰ ਸਾਹਿਬ, ਇਹ ਸੜਕਾਂ ਪ੍ਰਧਾਨ ਮੰਤਰੀ ਸੜਕ ਯੋਜਨਾ ਅਧੀਨ ਹਨ। ਸੜਕਾਂ ਠੀਕ ਚਲਦੀਆਂ ਹਨ, ਕੋਈ ਇਹੋ ਜਿਹੀ ਗੱਲ ਨਹੀਂ ਹੈ ਪਰ ਪੈਚਵਰਕ ਕਰਨ ਵਾਲਾ ਹੈ। ਮੇਰਾ ਕੰਸਰਨ ਇਹ ਹੈ ਕਿ ਕਈ ਵਾਰੀ ਅਸੀਂ ਛੇ ਸਾਲਾਂ ਬਾਅਦ ਪੈਚਵਰਕ ਕਰਦੇ ਹਾਂ। ਜੇਕਰ ਪੈਚਵਰਕ ਹੋ ਜਾਂਦਾ ਹੈ ਤਾਂ ਇਨ੍ਹਾਂ ਸੜਕਾਂ ਦੀ ਉਮਰ ਹੋਰ ਲੰਬੀ ਹੋ ਜਾਵੇਗੀ। ਮੇਰਾ ਕੰਸਰਨ ਸਿਰਫ ਇੰਨਾ ਹੀ ਹੈ ਕਿ ਜੇ ਛੋਟਾ ਜਿਹਾ ਇੱਕ ਪੈਚਅੱਪ ਕਰਵਾ ਦੇਣ ਕਿਉਂਕਿ ਸੜਕ ਤੇ ਟੋਏ ਪਏ ਹੋਏ ਹਨ, ਸੜਕਾਂ ਦਾ ਇੰਨਾ ਨੁਕਸਾਨ ਨਹੀਂ ਹੋਵੇਗਾ। ਇਸ ਦੇ ਨਾਲ ਹੀ ਇੱਕ ਹੋਰ ਸੜਕ, ਬੋਹਾ-ਉੱਦਤ-ਮਲਕੋਂ ਤੇ ਝੁਨੀਰ ਵਾਲੀ ਰਹਿ ਗਈ ਹੈ, ਇਸ ਦੀ ਵੀ ਬੁਰੀ ਹਾਲਤ ਹੈ। ਜੇਕਰ ਇਸ ਦਾ ਪੈਚਵਰਕ ਵੀ ਨਾਲ ਹੀ ਲੱਗ ਜਾਵੇ ਤਾਂ ਅਸੀਂ ਮੰਤਰੀ ਜੀ ਦੇ ਬਹੁਤ ਧੰਨਵਾਦੀ ਹੋਵਾਂਗੇ।

**ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਇਹ ਠੀਕ ਹੈ ਕਿ ਮੈਂਬਰ ਸਾਹਿਬ ਨੇ ਕਿਹਾ ਹੈ ਕਿ ਇਨ੍ਹਾਂ ਸੜਕਾਂ ਦਾ ਪੈਚਅੱਪ ਵਰਕ ਹੋ ਜਾਵੇ। ਅਸੀਂ ਜ਼ਰੂਰ ਕਰਵਾਵਾਂਗੇ ਪਰ ਜਿਵੇਂ ਆਪਾਂ ਸਾਰੇ ਹੀ ਜਾਣਦੇ ਹਾਂ ਕਿ ਆਰ.ਡੀ.ਐਫ. ਰੁਕਿਆ ਪਿਆ ਹੈ, ਉਹ ਥੋੜ੍ਹੇ ਸਮੇਂ ਵਿੱਚ ਆ ਜਾਵੇਗਾ, ਉਸ ਨਾਲ ਅਸੀਂ ਤਕਰੀਬਨ ਸਾਰੀਆਂ ਸੜਕਾਂ ਦਾ ਨਵੀਨੀਕਰਨ ਕਰ ਦੇਵਾਂਗੇ, ਚਾਹੇ ਰਿਪੇਅਰ ਲਈ ਥੋੜ੍ਹਾ ਮੋਟਾ ਸਮਾਂ ਰਹਿੰਦਾ ਵੀ ਹੋਵੇ।

**ਮਾਣਯੋਗ ਸਪੀਕਰ**: ਧੰਨਵਾਦ ਜੀ।

-------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1277**

(ਸਬੰਧਿਤ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------

**ਰਜਿਸਟਰੀ ਤੋਂ ਤੁਰੰਤ ਬਾਅਦ ਇੰਤਕਾਲ ਕਰਨਾ**

***1271. ਸਰਦਾਰ ਹਰਮੀਤ ਸਿੰਘ ਪਠਾਨਮਾਜਰਾ:** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਜਿਸਟਰੀ ਤੋਂ ਬਾਅਦ ਨਾਲ ਦੀ ਨਾਲ ਇੰਤਕਾਲ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਹਾਂ ਤਾਂ ਇਹ ਕਦੋਂ ਤੱਕ ਲਾਗੂ ਕਰ ਦਿੱਤਾ ਜਾਵੇਗਾ?

**ਸ੍ਰੀ ਬ੍ਰਮ ਸ਼ੰਕਰ:** ਸ੍ਰੀਮਾਨ ਜੀ, ਰਜਿਸਟਰੀ ਤੋਂ ਤੁਰੰਤ ਬਾਅਦ ਨਾਲ ਦੀ ਨਾਲ ਇੰਤਕਾਲ ਕਰਨ ਸਬੰਧੀ ਕੋਈ ਵੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ। ਪ੍ਰਸ਼ਾਸਨਿਕ ਸੁਧਾਰ ਵਿਭਾਗ (ਪ੍ਰਸ਼ਾਸਨਿਕ ਸੁਧਾਰ-2 ਸ਼ਾਖਾ), ਪੰਜਾਬ ਸਰਕਾਰ ਦੇ ਪੱਤਰ ਨੰ: 5/7/2018-2.ਜੀ.ਆਰ/152 ਮਿਤੀ 5.2.2019 ਰਾਹੀਂ ਜਾਰੀ ਹਦਾਇਤਾਂ ਮੁਤਾਬਕ ਇੰਤਕਾਲ ਦਰਜ ਕਰਨ ਦਾ ਸਮਾਂ ਰਜਿਸਟਰੀ ਹੋਣ ਤੋਂ 30 ਦਿਨਾਂ ਤੱਕ ਦਾ ਹੁੰਦਾ ਹੈ। ਬਹੁਤ ਹੀ ਮਾਣਯੋਗ ਸਪੀਕਰ ਸਾਹਿਬ, ਮੈਂ ਮਾਣਯੋਗ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਦਾ ਇੰਤਕਾਲ ਦਾ ਸਮਾਂ 30 ਦਿਨਾਂ ਦਾ ਹੁੰਦਾ ਹੈ। ਇਸ ਵਿੱਚ ਰੈਗੂਲਰ ਆਰਡਰ ਹੈ।

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ**: ਸਪੀਕਰ ਸਾਹਿਬ, ਬਹੁਤ ਸਾਰੇ ਕੇਸ ਇਹੋ ਜਿਹੇ ਹਨ ਜਿਨ੍ਹਾਂ ਦੇ ਇੰਤਕਾਲ ਰੁਕਿਆਂ ਨੂੰ ਕਈ-ਕਈ ਸਾਲ ਹੋ ਗਏ ਹਨ। ਕੋਈ ਪਟਵਾਰੀ ਛੇਤੀ ਗੌਰ ਨਹੀਂ ਕਰਦਾ। ਜਿਵੇਂ ਆਪਾਂ ਕਹਿੰਦੇ ਹਾਂ ਕਿ ਪੰਜਾਬ ਵਾਲੇ ਸਭ ਤੋਂ ਐਡਵਾਂਸ ਹਨ। ਯੂ.ਪੀ., ਬਿਹਾਰ ਵਿੱਚ ਕੋਈ ਫਰਦ ਲੈਣੀ ਹੈ ਤਾਂ 10/- ਰੁਪਏ ਵਿੱਚ ਫਰਦ ਮਿਲ ਜਾਂਦੀ ਹੈ। ਸਾਡੇ ਇੱਥੇ 2000/-, 5000/- ਤੋਂ ਲੈ ਕੇ 10,000/- ਰੁਪਏ ਫਰਦ ਦਾ ਲੱਗ ਜਾਂਦਾ ਹੈ। ਉਸ ਤੋਂ ਬਾਅਦ ਜਿਵੇਂ ਉਨ੍ਹਾਂ ਨੇ 40 ਦਿਨ ਦਾ ਸਮਾਂ ਰੱਖਿਆ ਹੁੰਦਾ ਹੈ, ਜੇ ਕਿਸੇ ਨੂੰ ਇਤਰਾਜ਼ ਹੈ ਤਾਂ ਉਸ ਵਿੱਚ ਇਤਰਾਜ਼ ਲਗਾ ਕੇ ਬੰਦਾ ਕਹਿ ਸਕਦਾ ਹੈ ਕਿ ਮੈਨੂੰ ਇਸ ਤੇ ਇਤਰਾਜ਼ ਹੈ, ਜੇਕਰ ਇਤਰਾਜ਼ ਨਹੀਂ ਹੈ ਤਾਂ ਉਸ ਤੋਂ ਬਾਅਦ ਉਸ ਦੀ ਕੋਈ ਪੁੱਛਗਿੱਛ ਨਹੀਂ ਹੁੰਦੀ, ਉਸ ਦਾ ਇੰਤਕਾਲ ਚੜ੍ਹੇਗਾ। ਉਸ ਤੇ ਕੋਈ ਕਿੰਤੂ-ਪਰੰਤੂ ਨਹੀਂ ਹੁੰਦੀ। ਸਾਡੇ ਇੱਥੇ ਜਿਹੜਾ

ਵੀ ਕੋਈ ਐਪਲੀਕੇਸ਼ਨ ਦੇ ਦਿੰਦਾ ਹੈ, ਉਸ ਦੀ ਸਾਲ-ਸਾਲ ਤੱਕ ਸੁਣਵਾਈ ਨਹੀਂ ਹੁੰਦੀ। ਇਹ ਪਟਵਾਰੀਆਂ ਦੇ ਥੋੜ੍ਹੇ ਜਿਹੇ ਕੰਨ ਖਿੱਚ ਕੇ, ਲੋਕਾਂ ਦੇ ਬਹੁਤ ਇੰਤਕਾਲ ਰੁਕੇ ਹੋਏ ਹਨ, ਉਹ ਹੋਣੇ ਚਾਹੀਦੇ ਹਨ। ਮੈਂ ਕੁਐਸ਼ਚਨ ਲਗਾਇਆ ਸੀ, ਉਸ ਬਾਰੇ ਮੈਂ ਥੋੜ੍ਹੀ ਜਿਹੀ ਗੱਲ ਕਰਾਂਗਾ ਕਿ ਸਾਡੀ ਲੜਾਈ ਦੀ ਜੜ੍ਹ ਗਿਰਦਾਵਰੀ ਹੈ। ਅੱਜ ਯੂ.ਪੀ., ਐਮ.ਪੀ. ਵਿੱਚ ਕਿਤੇ ਵੀ ਗਿਰਦਾਵਰੀ ਨਹੀਂ ਹੈ। ਜੇਕਰ ਗਿਰਦਾਵਰੀ ਖਤਮ ਕਰ ਦਿੱਤੀ ਜਾਵੇ ਤਾਂ ਮੈਨੂੰ ਨਹੀਂ ਲੱਗਦਾ ਕਿ ਪੰਜਾਬ ਵਿੱਚ ਕੋਈ ਵੀ ਰੇੜਕਾ ਰਹੇਗਾ। ਤੁਸੀਂ 50 ਸਾਲਾਂ ਬਾਅਦ ਯੂ.ਪੀ. ਚਲੇ ਜਾਓ, ਤੁਹਾਡੀ ਜ਼ਮੀਨ ਤੁਹਾਡੇ ਨਾਮ ਤੇ ਬੋਲਦੀ ਹੋਣੀ ਚਾਹੀਦੀ ਹੈ। ਇੱਕ ਥਾਣੇ ਵਿੱਚ ਐਪਲੀਕੇਸ਼ਨ ਦੇਣੀ ਪੈਂਦੀ ਹੈ। ਉੱਥੇ ਮੰਗਲਵਾਰ ਦਾ ਦਿਨ ਹੁੰਦਾ ਹੈ, ਥਾਣੇ ਵਾਲੇ, ਪਟਵਾਰੀ, ਕਾਨੂੰਨਗੋ, ਤਹਿਸੀਲਦਾਰ, ਸਭ ਉੱਥੇ ਬੈਠੇ ਹੁੰਦੇ ਹਨ।

**1000/Sukhpiar Singh/Rajneesh kumar**

ਉਹ ਉਥੇ ਤੁਹਾਡੀ ਐਪਲੀਕੇਸ਼ਨ ਨਾਲ ਦੀ ਨਾਲ ਲੈ ਕੇ, ਨਿਸ਼ਾਨਦੇਹੀ ਕਰਕੇ ਕਹਿ ਦਿੰਦੇ ਹਨ ਕਿ ਇਹ ਜ਼ਮੀਨ ਇਸ ਦੀ ਹੈ। ਪੰਜਾਹ ਸਾਲਾਂ ਬਾਅਦ ਵੀ ਜ਼ਮੀਨ ਉਸੇ ਦੇ ਨਾਮ ਬੋਲਦੀ ਹੁੰਦੀ ਹੈ। ਜਿਹੜੇ ਸਾਡੇ ਐਨ.ਆਰ.ਆਈ. ਬੰਦੇ ਬਾਹਰ ਬੈਠੇ ਹਨ ਜਾਂ ਕੋਈ ਵੀ ਬੰਦਾ ਸਾਡੀ ਜ਼ਮੀਨ ਲੈਂਦਾ ਹੈ।

**ਮਾਣਯੋਗ ਸਪੀਕਰ:** ਹਰਮੀਤ ਜੀ, ਤੁਸੀਂ ਸਵਾਲ ਪੁੱਛ ਲਓ ਜੀ।

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ**: ਸਪੀਕਰ ਸਾਹਿਬ, ਮੈਂ ਉਹੀ ਪੁੱਛਣ ਲੱਗਾ ਹਾਂ। ਜਿਹੜੇ ਸਾਡੇ ਐਨ.ਆਰ.ਆਈ. ਵੀਰ ਹਨ, ਉਨ੍ਹਾਂ ਨੂੰ ਬਾਹਰੋਂ ਆ ਕੇ ਆਪਣੀ ਜ਼ਮੀਨ ਛੁਡਵਾਉਣੀ ਹੀ ਔਖੀ ਹੋ ਜਾਂਦੀ ਹੈ। ਸਾਰੀ-ਸਾਰੀ ਉਮਰ ਬੰਦੇ ਦੀ ਇਸ ਤਰ੍ਹਾਂ ਹੀ ਲੰਘ ਜਾਂਦੀ ਹੈ। ਇੰਤਕਾਲਾਂ ਵਿੱਚ ਵੀ ਇਹੀ ਇਸ਼ੂ ਹੈ। ਮੈਂ ਮੰਤਰੀ ਸਾਹਿਬ ਨੂੰ ਇਹੀ ਕਹਿਣਾ ਚਾਹਾਂਗਾ ਕਿ ਡੀ.ਸੀ. ਸਾਹਿਬ ਨੂੰ ਕਹੋ, ਪੰਜਾਬ ਦੀਆਂ ਡਿਟੇਲਾਂ ਕਢਵਾਓ, ਜਿਸ ਵਿੱਚ ਪਤਾ ਲੱਗ ਜਾਵੇਗਾ ਕਿ ਕਿੰਨੇ ਲੋਕ ਪੰਜਾਬ ਦੇ ਇੰਤਕਾਲਾਂ ਤੋਂ ਤੰਗ ਹੋਏ ਪਏ ਹਨ।

**ਮੰਤਰੀ**: ਬਹੁਤ ਹੀ ਮਾਣਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਬਾਅਦ ਮਾਣਯੋਗ ਮੁੱਖ ਮੰਤਰੀ ਜੀ ਦੇ ਦਿਸ਼ਾ-ਨਿਰਦੇਸ਼ਾਂ ਦੇ ਮੁਤਾਬਿਕ ਪਹਿਲੀ ਵਾਰ ਜਨ-ਮਾਲ ਅਦਾਲਤ ਲਗਾਉਣੀ ਚਾਲੂ ਕੀਤੀ ਗਈ। ਇਹ ਅਦਾਲਤ ਪਹਿਲੀ ਵਾਰ ਲੁਧਿਆਣਾ ਅਤੇ ਜਲੰਧਰ ਵਿਖੇ ਲਗਾਈ ਗਈ ਸੀ। ਸਪੀਕਰ ਸਾਹਿਬ, ਮੈਂ ਪੈਂਡਿੰਗ ਇੰਤਕਾਲਾਂ ਦਾ ਵੇਰਵਾ ਡੀ.ਸੀ. ਸਾਹਿਬ ਅਤੇ ਹੋਰ ਆਫੀਸਰ ਸਾਹਿਬਾਨਾਂ ਨੂੰ ਨਾਲ ਲੈ ਕੇ ਲੋਕਾਂ ਵਿੱਚ ਬੈਠ ਕੇ ਪੁੱਛਿਆ ਸੀ। ਉਸ ਦਿਨ ਜਲੰਧਰ ਵਿਖੇ 900 ਤੋਂ ਜ਼ਿਆਦਾ ਇੰਤਕਾਲ ਹੋਏ ਸਨ। ਉਸ ਤੋਂ ਬਾਅਦ ਪਹਿਲੀ ਵਾਰ ਛੁੱਟੀ ਵਾਲੇ ਦਿਨ ਸ਼ਨੀਵਾਰ ਨੂੰ ਅਸੀਂ ਸਪੈਸ਼ਲ ਡੇਅ ਇੰਤਕਾਲਾਂ ਲਈ ਰੱਖਿਆ ਸੀ। ਦਸ ਤੋਂ ਜ਼ਿਆਦਾ ਤਹਿਸੀਲਾਂ ਵਿਜ਼ਟ ਕੀਤੀਆਂ ਗਈਆਂ। 33 ਹਜ਼ਾਰ ਤੋਂ ਜ਼ਿਆਦਾ ਇੰਤਕਾਲ ਇੱਕ ਦਿਨ ਵੀ ਕੀਤੇ ਗਏ ਸਨ। ਸਪੀਕਰ ਸਾਹਿਬ, ਉਸ ਤੋਂ ਬਾਅਦ ਫਿਰ ਅਸੀਂ ਇੱਕ ਹਫਤੇ ਬਾਅਦ ਇੰਤਕਾਲਾਂ ਦਾ ਸਪੈਸ਼ਲ ਡੇਅ ਰੱਖਿਆ। ਜਿਸ ਵਿੱਚ 55 ਹਜ਼ਾਰ ਦੇ ਕਰੀਬ ਇੰਤਕਾਲ ਇੱਕ ਦਿਨ ਵਿੱਚ ਦਰਜ ਕੀਤੇ ਗਏ ਸਨ। ਪੰਜਾਬ ਦੇ ਇਤਿਹਾਸ ਵਿੱਚ ਮੈਂ ਕਹਿ ਸਕਦਾ ਹਾਂ ਕਿ ਦੋ ਦਿਨਾਂ ਵਿੱਚ 85 ਹਜ਼ਾਰ ਦੇ ਕਰੀਬ ਇੰਤਕਾਲ ਦਰਜ ਕੀਤੇ ਗਏ ਸਨ। ਮੈਂ ਅਫ਼ਸਰ ਸਾਹਿਬਾਨਾਂ ਤੋਂ ਇੰਤਕਾਲਾਂ ਦੀ ਪੈਂਡੈਂਸੀ ਮੰਗੀ ਸੀ।

**Mr. Speaker:** Very good.

**ਮੰਤਰੀ**: ਮੈਂ ਮੈਂਬਰ ਸਾਹਿਬ ਦੀ ਗੱਲ ਨਾਲ ਸਹਿਮਤ ਹਾਂ। ਮੈਂ ਚਾਹੁੰਦਾ ਹਾਂ ਕਿ ਇੰਤਕਾਲਾਂ ਵਿੱਚ ਕਿਸੇ ਵੀ ਬੰਦੇ ਨੂੰ ਦਿੱਕਤ ਨਹੀਂ ਆਉਣੀ ਚਾਹੀਦੀ । ਸੋ, ਅਸੀਂ ਡਿਟੇਲਜ਼ ਲਗਾਤਾਰ ਲੈਂਦੇ ਰਹਿੰਦੇ ਹਾਂ। ਅਗਰ ਕੋਈ ਖਾਸ ਪੈਂਡੈਂਸੀ ਹੈ ਤਾਂ ਉਸ ਅਫ਼ਸਰ ਨੂੰ ਕਾਰਨ ਵੀ ਪੁੱਛਿਆ ਜਾਂਦਾ ਹੈ। ਅਗਰ ਇਸ ਵਿੱਚ ਕੋਈ ਕੁਤਾਹੀ ਹੈ ਤਾਂ ਦੁਬਾਰਾ ਚੈੱਕ ਕਰ ਲਵਾਂਗੇ ਕਿਉਂਕਿ 30 ਦਿਨਾਂ ਦਾ ਸਮਾਂ ਸਿਰਫ ਇਤਰਾਜ਼ ਲਈ ਹੁੰਦਾ ਹੈ। ਇਸ ਲਈ ਉਸ ਨੂੰ ਤੁਰੰਤ ਕਰਨਾ ਹੁੰਦਾ ਹੈ। ਜੇਕਰ ਨਹੀਂ ਕਰਾਂਗੇ ਤਾਂ ਲੀਗਲ ਮੈਟਰ ਸਾਹਮਣੇ ਆਉਣਗੇ। ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਤੁਹਾਡੇ ਰਾਹੀਂ ਐਸ਼ਿਓਰ ਕਰਦਾ ਹਾਂ ਕਿ ਮੈਂ ਕੱਲ੍ਹ ਹੀ ਦੇਖਾਂਗਾ ਔਰ ਜਿੰਨੀਆਂ ਵੀ ਪੰਜਾਬ ਵਿੱਚ ਇੰਤਕਾਲਾਂ ਦੀਆਂ ਪੈਂਡੈਂਸੀਆਂ ਪਈਆਂ ਹਨ, ਉਹ ਖਤਮ ਕਰ ਦਿੱਤੀਆਂ ਜਾਣਗੀਆਂ। ਲੋਕਾਂ ਦੇ ਇੰਤਕਾਲ ਦਰਜ ਹੋਣਗੇ।

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ**: ਮੰਤਰੀ ਸਾਹਿਬ ਨੇ ਕਿਹਾ ਹੈ ਕਿ ਦੋ ਦਿਨਾਂ ਵਿੱਚ 85 ਹਜ਼ਾਰ ਇੰਤਕਾਲ ਹੋਏ ਹਨ। ਇਹ ਮੰਨ ਵੀ ਗਏ ਹਨ ਕਿ ਜੇਕਰ ਦੋ ਦਿਨਾਂ ਵਿੱਚ ਰੁਕੇ ਹੋਏ 85 ਹਜ਼ਾਰ ਇੰਤਕਾਲ ਦਰਜ ਹੋਏ ਹਨ ਤਾਂ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਕਿੰਨੇ ਹੀ ਇੰਤਕਾਲ ਰੁਕੇ ਪਏ ਹੋਣਗੇ। ਮੈਂ ਚਾਹੁੰਦਾ ਹਾਂ ਕਿ ਜੇਕਰ ਪੰਜਾਬ ਦੇ ਹਰੇਕ ਜ਼ਿਲ੍ਹੇ ਵਿੱਚ ਇੱਕ ਕੈਂਪ ਲਗਾਇਆ ਜਾਵੇ ਅਤੇ ਇਸ ਨੂੰ ਤਹਿਸੀਲਵਾਈਜ਼ ਚੁੱਕਿਆ ਜਾਵੇ ਤਾਂ ਮੇਰਾ ਖਿਆਲ ਹੈ ਕਿ ਇੰਤਕਾਲ ਜਲਦੀ ਦਰਜ ਹੋ ਜਾਣਗੇ ਅਤੇ ਲੋਕਾਂ ਦਾ ਬਹੁਤ ਜ਼ਿਆਦਾ ਭਲਾ ਹੋਵੇਗਾ। ਮੰਤਰੀ ਸਾਹਿਬ, ਮੈਂ ਇੱਕ ਹੋਰ ਬੇਨਤੀ ਕਰਾਂਗਾ ਕਿ ਗਿਰਦਾਵਰੀਆਂ ਖਤਮ ਕਰ ਦਿਓ। ਲੰਬੜਦਾਰ ਦੋ ਨੰਬਰ ਵਿੱਚ ਗਵਾਹੀਆਂ ਦੇਣ ਦਾ ਕੰਮ ਕਰਦੇ ਹਨ। ਕਿਸੇ ਦੀ ਵੀ ਗਲਤ ਗਵਾਹੀ ਪਾ ਕੇ ਰਜਿਸਟਰੀਆਂ ਗਲਤ ਹੋ ਜਾਂਦੀਆਂ ਹਨ। ਜਦੋਂ ਗਿਰਦਾਵਰੀ ਖਤਮ ਹੋ ਜਾਵੇਗੀ ਤਾਂ ਕੋਰਟਾਂ ਵਿੱਚ ਸਟੇਆਂ ਖਤਮ ਹੋ ਜਾਣਗੀਆਂ। ਸੋ, ਇਸ ਤੇ ਤੁਹਾਨੂੰ ਜ਼ਰੂਰ ਗੌਰ ਕਰਨੀ ਚਾਹੀਦੀ ਹੈ। ਜਿਹੜੀਆਂ ਪੰਜਾਬ ਦੀਆਂ ਬਹੁਤ ਸਾਰੀਆਂ ਤਕਸੀਮਾਂ ਰੁਕੀਆਂ ਪਈਆਂ ਹਨ, ਉਹ ਹੋ ਜਾਣਗੀਆਂ ਅਤੇ ਬਹੁਤ ਸਾਰਾ ਰੌਲਾ ਖਤਮ ਵੀ ਹੋ ਜਾਵੇਗਾ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਮੰਤਰੀ ਸਾਹਿਬ, ਮੈਂ ਧੰਨਵਾਦ ਕਰਦਾ ਹਾਂ। ਮੈਂਬਰ ਸਾਹਿਬ ਨੇ ਬਹੁਤ ਵਧੀਆ ਗੱਲ ਕੀਤੀ ਹੈ। ਮੰਤਰੀ ਜੀ, ਕੈਂਪ ਦੀ ਸ਼ੁਰੂਆਤ ਫਰੀਦਕੋਟ ਤੋਂ ਕਰ ਦਿਓ। ਧੰਨਵਾਦ ਜੀ।

**ਸ਼੍ਰੀ ਸੰਦੀਪ ਜਾਖੜ (ਬੈਠੇ-ਬੈਠੇ)**: ਕੈਂਪ ਲਗਾਉਣ ਦੀ ਨੌਬਤ ਹੀ ਨਾ ਆਵੇ।

**ਮਾਣਯੋਗ ਸਪੀਕਰ**: ਹਾਂ ਜੀ, ਇਹ ਗੱਲ ਵੀ ਠੀਕ ਹੈ ਪਰੰਤੂ ਜਿੱਥੇ ਕਿਤੇ ਸਟੇਟਾਂ ਦੇ ਚੰਗੇ ਮਾਡਲ ਹਨ, ਉਨ੍ਹਾਂ ਨੂੰ ਸਟੱਡੀ ਕਰਵਾ ਲਿਆ ਜਾਵੇ ਜਿਵੇਂ ਤੇਲੰਗਾਨਾ ਦਾ ਮਾਡਲ ਸੁਣਿਆ ਹੈ, ਉਹ ਸਟੱਡੀ ਕਰਵਾ ਲਓ। ਹਾਂ ਜੀ, ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ।

--------

## ਨਵਾਂ ਰਾਸ਼ਨ ਕਾਰਡ ਬਣਾਉਣਾ ਜਾਂ ਨਵਾਂ ਮੈਂਬਰ ਜੋੜਨ ਸਬੰਧੀ ਨੀਤੀ

***1225.ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਨਵਾਂ ਰਾਸ਼ਨ ਕਾਰਡ ਬਣਵਾਉਣਾ/ਨਵਾਂ ਮੈਂਬਰ ਜੋੜਨ ਜਾਂ ਰਾਸ਼ਨ ਕਾਰਡ ਵਿੱਚੋਂ ਨਾਮ ਕਟਵਾਉਣ ਲਈ ਕੋਈ ਸਰਕਾਰ ਦੀ ਨੀਤੀ ਬਣੀ ਹੋਈ ਹੈ; ਜੇਕਰ ਕੋਈ ਨੀਤੀ (ਪਾਲਿਸੀ) ਬਣੀ ਹੈ ਤਾਂ ਉਸ ਨੂੰ ਜਨਤਕ ਕੀਤਾ ਜਾਵੇ;

(ਅ) ਜੇਕਰ ਨੀਤੀ ਨਹੀਂ ਬਣੀ ਤਾਂ ਭਵਿੱਖ ਵਿੱਚ ਸਰਕਾਰ ਦੀ ਕੋਈ ਯੋਜਨਾ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸ਼੍ਰੀ ਲਾਲ ਚੰਦ**: (ੳ) ਰਾਜ ਸਰਕਾਰ ਵਲੋਂ ਮਿਤੀ 29.09.2014 ਨੂੰ ਏ.ਪੀ.ਐਲ ਰਾਸ਼ਨ ਕਾਰਡਾਂ ਨੂੰ ਖਤਮ ਕਰਨ ਦੇ ਹੁਕਮ ਜਾਰੀ ਕੀਤੇ ਸਨ। ਇਸ ਤੋਂ ਬਾਅਦ, ਰਾਜ ਵਿੱਚ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਦੇ ਤਹਿਤ ਕੇਵਲ ਅੰਤੋਦਿਆ ਅੰਨ ਯੋਜਨਾ (AAY) ਅਤੇ ਪ੍ਰਾਇਰਟੀ ਹਾਊਸਹੋਲਡ (PHH) ਸ਼੍ਰੇਣੀਆਂ ਦੇ ਹੀ ਰਾਸ਼ਨ ਕਾਰਡ ਜਾਰੀ ਕੀਤੇ ਜਾ ਰਹੇ ਹਨ।

ਕੋਈ ਵੀ ਰਾਸ਼ਨ ਕਾਰਡ ਧਾਰਕ ਆਪਣੇ ਰਾਸ਼ਨ ਕਾਰਡ ਵਿੱਚ ਮੌਜੂਦਾ ਪਰਿਵਾਰਕ ਮੈਂਬਰ ਦਾ ਨਾਮ ਕਟਵਾਉਣ ਲਈ ਖੁਰਾਕ ਅਤੇ ਸਪਲਾਈ ਵਿਭਾਗ ਦੇ ਸਬੰਧਤ ਖੇਤਰੀ ਦਫਤਰ ਵਿਖੇ ਬੇਨਤੀ ਦੇ ਸਕਦਾ ਹੈ। ਪ੍ਰੰਤੂ, ਕਿਉਂਜੋ ਭਾਰਤ ਸਰਕਾਰ ਨੇ NFSA ਅਧੀਨ ਪੰਜਾਬ ਰਾਜ ਲਈ 1.41 ਕਰੋੜ ਲਾਭਪਾਤਰੀਆਂ ਦੀ ਕੈਪਿੰਗ ਨਿਸ਼ਚਿਤ ਕੀਤੀ ਹੋਈ ਹੈ ਅਤੇ ਇਹ ਕੈਪਿੰਗ ਪਹਿਲਾਂ ਹੀ ਪਾਰ ਹੋ ਚੁੱਕੀ ਹੈ, ਇਸ ਲਈ ਹਾਲ ਦੀ ਘੜੀ ਨਵੇਂ ਰਾਸ਼ਨ ਕਾਰਡ ਬਣਾਉਣ/ਲਾਭਪਾਤਰੀਆਂ ਦੇ ਨਾਮ ਸ਼ਾਮਲ ਨਹੀਂ ਕੀਤੇ ਜਾ ਰਹੇ ਹਨ। ਭਾਰਤ ਸਰਕਾਰ ਨੂੰ ਰਾਜ ਲਈ NFSA ਅਧੀਨ ਲਾਭਪਾਤਰੀਆਂ ਦੀ ਸੀਮਾ ਵਧਾਉਣ ਲਈ ਬੇਨਤੀ ਕੀਤੀ ਗਈ ਹੈ।

(ਅ) ਵਿਭਾਗ ਵਲੋਂ ਨਵੇਂ ਰਾਸ਼ਨ ਕਾਰਡ ਬਣਉਣ/ਨਵੇਂ ਮੈਂਬਰ ਜੋੜਨ ਸਬੰਧੀ ਨੀਤੀ ਵਿਚਾਰ ਅਧੀਨ ਹੈ।

**1005/Manika Rani/Rajneesh kumar**

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਮਾਣਯੋਗ ਸਪੀਕਰ ਸਾਹਿਬ, ਮੈਂ ਤਾਂ ਇਹ ਗੱਲ ਪੁੱਛੀ ਹੀ ਨਹੀਂ ਕਿ ਕਿੰਨੇ ਮੈਂਬਰ ਦਰਜ ਹਨ ਜਾਂ ਕਿੰਨੇ ਮੈਂਬਰ ਨਵੇਂ ਹਨ। ਮੈਂ ਤਾਂ ਸਿਰਫ ਇਹ ਪੁੱਛਿਆ ਹੈ ਕਿ ਸਾਲ 2013 ਤੋਂ ਜੋ ਰਾਸ਼ਨ ਕਾਰਡ ਬਣਾਉਣ ਦਾ ਸਿਸਟਮ ਚਾਲੂ ਹੋਇਆ ਸੀ, ਜਿਸ ਵਿੱਚ ਇੱਕ ਕਰੋੜ 59 ਲੱਖ ਲੋਕ ਰਜਿਸਟਰਡ ਹਨ, ਹਰ ਪਰਿਵਾਰਾਂ ਵਿੱਚ ਜਨਮ ਮਰਨ ਆਮ ਗੱਲ ਹੈ। ਹਰੇਕ ਪਰਿਵਾਰ ਵਿੱਚ ਲੋਕ ਜੰਮਦੇ ਵੀ ਹਨ ਅਤੇ ਮਰਦੇ ਵੀ ਹਨ ਪਰ ਜਿਨ੍ਹਾਂ ਦੇ ਪਰਿਵਾਰ ਵਿੱਚ ਜੀਅ ਚਲੇ ਜਾਂਦਾ ਹੈ, ਉਸ ਦਾ ਨਾਮ ਕਿਹੜੇ ਦਫਤਰ ਵਿੱਚ ਜਾ ਕੇ ਕਟਾਉਣਾ ਹੈ, ਕੀ ਇਸ ਸਬੰਧੀ ਕੋਈ ਨੀਤੀ ਹੈ? ਜੇਕਰ ਕੋਈ ਨਵਾਂ ਮੈਂਬਰ ਘਰ ਵਿੱਚ ਆਉਂਦਾ ਹੈ ਤਾਂ ਉਸ ਦਾ ਨਾਮ ਕਿਸ ਦਫਤਰ ਵਿੱਚ ਜਾ ਕੇ ਦਰਜ ਕਰਵਾਉਣਾ ਹੈ, ਕੀ ਇਸ ਦੇ ਲਈ ਸਰਕਾਰ ਦੀ ਕੋਈ ਨੀਤੀ ਹੈ? ਜੇਕਰ ਅਜਿਹੀ ਕੋਈ ਨੀਤੀ ਨਹੀਂ ਹੈ ਤਾਂ

ਪੰਜਾਬ ਦੀ ਅੱਧੇ ਤੋਂ ਵੱਧ ਆਬਾਦੀ ਜਿਸ ਸਿਸਟਮ ਨਾਲ ਜੁੜੀ ਹੋਈ ਹੈ, ਉਸ ਵਿੱਚ ਅਜੇ ਤੱਕ ਕੋਈ ਨੀਤੀ ਕਿਉਂ ਨਹੀਂ ਬਣੀ? ਇਸ ਬਾਰੇ ਮੰਤਰੀ ਸਾਹਿਬ ਕੁਝ ਦੱਸ ਸਕਦੇ ਹਨ?

**ਮਾਣਯੋਗ ਸਪੀਕਰ:** ਮੰਤਰੀ ਜੀ, ਐਡੀਸ਼ਨ ਜਾਂ ਡਿਲੀਸ਼ਨ ਦੀ ਪਾਲਿਸੀ ਬਾਰੇ ਕੁਝ ਕਹਿਣਾ ਹੈ?

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਕੋਈ ਵੀ ਰਾਸ਼ਨ ਕਾਰਡ ਧਾਰਕ ਆਪਣੇ ਰਾਸ਼ਨ ਕਾਰਡ ਵਿੱਚ ਮੌਜੂਦਾ ਪਰਿਵਾਰਕ ਮੈਂਬਰ ਦਾ ਨਾਮ ਕਟਾਉਣ ਲਈ ਖੁਰਾਕ ਅਤੇ ਸਪਲਾਈ ਵਿਭਾਗ ਦੇ ਸਬੰਧਤ ਖੇਤਰੀ ਦਫਤਰ ਵਿਖੇ ਬੇਨਤੀ ਦੇ ਸਕਦਾ ਹੈ ਪ੍ਰੰਤੂ ਜੋ ਭਾਰਤ ਸਰਕਾਰ ਨੇ ਐਨ.ਐਫ.ਐਸ.ਏ. ਅਧੀਨ ਪੰਜਾਬ ਰਾਜ ਲਈ ਇੱਕ ਕਰੋੜ 41 ਲੱਖ ਲਾਭਪਾਤਰੀਆਂ ਦੀ ਕੈਪਿੰਗ ਨਿਸ਼ਚਿਤ ਕੀਤੀ ਹੋਈ ਹੈ ਅਤੇ ਕੈਪਿੰਗ ਪਹਿਲਾਂ ਹੀ ਪਾਰ ਹੋ ਚੁੱਕੀ ਹੈ। ਇਸ ਲਈ ਹਾਲ ਦੀ ਘੜੀ ਨਵੇਂ ਰਾਸ਼ਨ ਕਾਰਡ ਬਣਾਉਣ/ਲਾਭਪਾਤਰੀਆਂ ਦੇ ਨਾਮ ਸ਼ਾਮਿਲ ਨਹੀਂ ਕੀਤੇ ਜਾ ਰਹੇ ਹਨ। ਭਾਰਤ ਸਰਕਾਰ ਨੂੰ ਰਾਜ ਲਈ ਐਨ.ਐਫ.ਐਸ.ਏ. ਅਧੀਨ ਲਾਭਪਾਤਰੀਆਂ ਦੀ ਸੀਮਾ ਵਧਾਉਣ ਲਈ ਬੇਨਤੀ ਕੀਤੀ ਗਈ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਸਪੀਕਰ ਸਾਹਿਬ, ਇੱਥੇ ਤਕਰੀਬਨ 117 ਮੈਂਬਰ ਬੈਠੇ ਹਨ। ਕੋਈ ਇੱਕ ਵੀ ਮੈਂਬਰ ਬਾਂਹ ਖੜ੍ਹੀ ਕਰਕੇ ਕਹਿ ਦੇਵੇ ਕਿ ਜਿਹੜਾ ਫੂਡ ਸਪਲਾਈ ਦਫਤਰ ਹੈ, ਉੱਥੇ ਐਪਲੀਕੇਸ਼ਨ ਦੇਣ ਤੋਂ ਬਾਅਦ ਨਾਮ ਕੱਟਿਆ ਜਾਂਦਾ ਹੈ ਜਾਂ ਨਾਮ ਦਰਜ ਹੋ ਜਾਂਦਾ ਹੈ। ਮੈਨੂੰ ਨਹੀਂ ਲੱਗਦਾ ਕਿ ਸਦਨ ਵਿੱਚ ਮੰਤਰੀ ਸਾਹਿਬ ਨੂੰ ਇਸ ਤਰ੍ਹਾਂ ਦੀ ਸਟੇਟਮੈਂਟ ਦੇਣੀ ਚਾਹੀਦੀ ਹੈ। ਮੈਂ ਚਾਹੁੰਦਾ ਹਾਂ ਕਿ ਸਦਨ ਵਿੱਚ ਮੇਰੇ ਪ੍ਰਸ਼ਨ ਦਾ ਸਹੀ ਉੱਤਰ ਦਿੱਤਾ ਜਾਵੇ। ਰਾਸ਼ਨ ਕਾਰਡਾਂ ਵਿੱਚ ਨਾ ਤਾਂ ਕਿਸੇ ਦਾ ਨਾਮ ਕੱਟਿਆ ਜਾਂਦਾ ਹੈ ਅਤੇ ਨਾ ਹੀ ਕਿਸੇ ਦਾ ਨਾਮ ਐਡ ਹੁੰਦਾ ਹੈ। ਇਸ ਸਬੰਧੀ ਕੋਈ ਵੀ ਪਾਲਿਸੀ ਨਹੀਂ ਹੈ।

**ਮਾਣਯੋਗ ਸਪੀਕਰ:** ਹਾਂ ਜੀ, ਨਿੱਜਰ ਸਾਹਿਬ, ਤੁਸੀਂ ਕੁਝ ਕਹਿਣਾ ਚਾਹੁੰਦੇ ਹੋ।

**ਸਰਦਾਰ ਇੰਦਰਬੀਰ ਸਿੰਘ ਨਿੱਜਰ:** ਸਰ, ਪਹਿਲਾਂ ਤਾਂ ਮੈਂ ਜਿੰਨੇ ਵੀ ਮੈਂਬਰ ਸਾਹਿਬਾਨ, ਪੂਰੇ ਪੰਜਾਬ ਅਤੇ ਪੂਰੇ ਵਿਸ਼ਵ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਲੱਖ ਲੱਖ ਵਧਾਈ ਦਿੰਦਾ ਹਾਂ। ਮੈਂ ਤੁਹਾਡੇ ਮਾਧਿਅਮ ਨਾਲ ਇਹ ਬੇਨਤੀ ਕਰਨੀ ਸੀ ਕਿ ਜਿਵੇਂ ਆਮ ਤੌਰ ਤੇ ਚਰਚਾ ਚੱਲਦੀ ਹੈ ਕਿ ਟਰਾਲੀਆਂ ਅਤੇ ਕਾਰਾਂ ਵਿੱਚ ਲੋਕ ਰਾਸ਼ਨ ਲੈ ਕੇ ਜਾਂਦੇ ਹਨ। ਇਸ ਤਰ੍ਹਾਂ ਦਾ ਕੋਈ ਸਿਸਟਮ ਬਣਾਇਆ ਜਾਵੇ ਕਿ ਅਮੀਰਾਂ ਦੇ ਬਣੇ ਰਾਸ਼ਨ ਕਾਰਡ ਕੱਟੇ ਜਾਣ। ਇਹ ਬਹੁਤ ਹੀ ਲਾਜ਼ਮੀ ਹੈ। ਫਿਰ ਹੀ ਗਰੀਬਾਂ ਦੇ ਰਾਸ਼ਨ ਕਾਰਡ ਬਣਾਏ ਜਾ ਸਕਦੇ ਹਨ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਸਰਦਾਰ ਜਗਰੂਪ ਸਿੰਘ ਗਿੱਲ ਜੀ।

-------------

## ਬਠਿੰਡਾ ਤੋਂ ਦਿੱਲੀ ਏਅਰਪੋਰਟ ਤੱਕ ਵੋਲਵੋ ਬੱਸ ਸਰਵਿਸ ਸ਼ੁਰੂ ਕਰਨਾ

***1254. ਸਰਦਾਰ ਜਗਰੂਪ ਸਿੰਘ ਗਿੱਲ:** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਬਠਿੰਡਾ ਸ਼ਹਿਰ ਅਤੇ ਇਸ ਦੇ ਨਾਲ ਲੱਗਦੇ ਨੇੜਲੇ ਇਲਾਕਿਆਂ ਵਿੱਚੋਂ ਬਾਹਰਲੇ ਦੇਸ਼ਾਂ ਨੂੰ ਜਾਣ ਵਾਲੇ ਲੋਕਾਂ ਦੀ ਵੱਧ ਰਹੀ ਗਿਣਤੀ ਦੇ ਮੱਦੇਨਜ਼ਰ ਸਰਕਾਰ ਬਠਿੰਡਾ ਤੋਂ ਦਿੱਲੀ ਏਅਰਪੋਰਟ ਤੱਕ ਵੋਲਵੋ ਬੱਸ ਸਰਵਿਸ ਸ਼ੁਰੂ ਕਰਨ ਦੀ ਕੋਈ ਤਜਵੀਜ਼ ਰੱਖਦੀ ਹੈ. ਜੇਕਰ ਹਾਂ ਤਾਂ ਕਦੋਂ ਤੱਕ ?

**ਸ਼੍ਰੀ ਲਾਲਜੀਤ ਸਿੰਘ ਭੁੱਲਰ:** ਪੀ.ਆਰ.ਟੀ.ਸੀ ਕੋਲ ਮੌਜੂਦਾ ਸਮੇਂ ਬਠਿੰਡਾ ਤੋਂ ਦਿੱਲੀ ਏਅਰਪੋਰਟ ਲਈ ਇੰਟੈਗਰਲ ਕੋਚ ਬੱਸ ਦਾ ਕੋਈ ਰੂਟ ਪਰਮਿਟ ਮੌਜੂਦ ਨਹੀਂ ਹੈ ਜਿਸ ਕਾਰਨ ਹਾਲ ਦੀ ਘੜੀ ਪੀ.ਆਰ.ਟੀ.ਸੀ. ਵੱਲੋਂ ਬਠਿੰਡਾ ਤੋਂ ਦਿੱਲੀ ਏਅਰਪੋਰਟ ਤੱਕ ਬੱਸ ਸਰਵਿਸ ਨਹੀਂ ਚਲਾਈ ਜਾ ਰਹੀ। ਫਿਰ ਵੀ ਇਸ ਰੂਟ ਦੀ ਵਾਇਬਿਲਟੀ ਸਟੱਡੀ ਕਰਨ ਉਪਰੰਤ ਭਵਿੱਖ ਵਿੱਚ ਇਸ ਰੂਟ ਨੂੰ ਚਲਾਉਣ ਸਬੰਧੀ ਯੋਗ ਫੈਸਲਾ ਕੀਤਾ ਜਾਵੇਗਾ। ਬਠਿੰਡਾ ਸਾਡਾ ਪੀ.ਆਰ.ਟੀ.ਸੀ. ਦਾ ਡਿਪੂ ਹੈ। ਜੀ.ਐਮ. ਸਾਹਿਬ ਡਿਊਟੀ ਲਗਾ ਦਿੰਦੇ ਹਾਂ। ਜੇਕਰ ਸਾਨੂੰ ਉੱਥੋਂ ਸਵਾਰੀ ਮਿਲਦੀ ਹੈ ਤਾਂ ਭਵਿੱਖ ਵਿੱਚ ਦਿੱਲੀ ਏਅਰਪੋਰਟ ਨੂੰ ਬੱਸ ਚਲਾ ਦੇਵਾਂਗੇ।

**ਸਰਦਾਰ ਜਗਰੂਪ ਸਿੰਘ ਗਿੱਲ**: ਸਰ, ਬਠਿੰਡਾ IELTS ਦਾ ਹੱਬ ਹੈ। ਉੱਥੇ ਪ੍ਰਾਈਵੇਟ ਬੱਸਾਂ ਚੱਲਦੀਆਂ ਹਨ ਜੋ ਕਿ ਰਾਤ ਨੂੰ ਦਿੱਲੀ ਜਾਂਦੀਆਂ ਹਨ ਅਤੇ ਉੱਥੇ ਬਹੁਤ ਸਾਰੀਆਂ ਪ੍ਰਾਈਵੇਟ ਟੈਕਸੀਆਂ ਰੋਜ਼ ਅਪ-ਡਾਊਨ ਕਰਦੀਆਂ ਹਨ। ਅਗਰ ਅਸੀਂ ਉੱਥੋਂ ਵਾਲਵੋ ਬੱਸ ਚਲਾਉਂਦੇ ਹਾਂ ਤਾਂ ਪੰਜਾਬ ਸਰਕਾਰ ਨੂੰ ਇਸ ਦਾ ਬਹੁਤ ਫਾਇਦਾ ਹੋਵੇਗਾ ਅਤੇ ਉਸ ਇਲਾਕੇ ਦੇ ਲੋਕਾਂ ਨੂੰ ਸਸਤੀ ਆਉਣ ਜਾਣ ਦੀ ਸੁਵਿਧਾ ਪ੍ਰਾਪਤ ਹੋ ਸਕਦੀ। ਮੇਰੀ ਬੇਨਤੀ ਹੈ ਕਿ ਇਸ ਤੇ ਇਮੀਡੇਟ ਗੌਰ ਕਰਕੇ ਬਠਿੰਡਾ ਤੋਂ ਦਿੱਲੀ ਵਾਸਤੇ ਵਾਲਵੋ ਬੱਸ ਸ਼ੁਰੂ ਕੀਤੀ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਰਾਣਾ ਇੰਦਰ ਪ੍ਰਤਾਪ ਸਿੰਘ

**1010/Gurpreet kaur/Monika sharma**

## ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 1302*

**ਮਾਣਯੋਗ ਸਪੀਕਰ**: ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---------

## ਜਲੰਧਰ ਸਰਕਲ ਵਿੱਚ ਬਿਜਲੀ ਵਿਭਾਗ ਦੀਆਂ ਆਸਾਮੀਆਂ ਦੇ ਵੇਰਵੇ

***1304. ਸ਼੍ਰੀ ਅਵਤਾਰ ਸਿੰਘ ਜੂਨੀਅਰ** : ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

* For Starred Question No. 1302 and reply thereto, please see...............................

(ੳ) ਜਲੰਧਰ ਸਰਕਲ ਵਿੱਚ ਸਾਲ 2023-24 ਵਿੱਚ ਜੇ.ਈ. ਇਲੈਕਟ੍ਰੀਕਲ, ਲਾਇਨਮੈਨ, ਅਸਿਸਟੈਂਟ ਲਾਇਨ ਮੈਨ ਦੇ ਅਹੁਦੇ ਲਈ ਮਨਜ਼ੂਰਸ਼ੁਦਾ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

(ਅ) ਇਨ੍ਹਾਂ ਆਸਾਮੀਆਂ ਲਈ ਰੈਗੂਲਰ ਭਰਤੀ ਨਾਲ ਭਰੀਆਂ ਗਈਆਂ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

(ੲ) ਠੇਕੇ ਤੇ ਰੱਖੇ ਕਰਮਚਾਰੀਆਂ ਦੀ ਉਪਰੋਕਤ ਸ਼੍ਰੇਣੀ ਵਿੱਚ ਖਾਲੀ ਆਸਾਮੀਆਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਠੇਕੇ ਤੇ ਰੱਖੇ ਕਰਮਚਾਰੀਆਂ ਨੂੰ ਵੱਖ-ਵੱਖ ਆਸਾਮੀਆਂ ਤੇ ਕਿੰਨੀ-ਕਿੰਨੀ ਤਨਖਾਹ ਦਿੱਤੀ ਜਾਂਦੀ ਹੈ?

**ਸਰਦਾਰ ਹਰਭਜਨ ਸਿੰਘ** : ਸ਼੍ਰੀਮਾਨ ਜੀ,

(ੳ) ਜਲੰਧਰ ਸਰਕਲ ਵਿਚ ਸਾਲ 2023-2024 ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਦੀ ਗਿਣਤੀ ਇਸ ਪ੍ਰਕਾਰ ਹੈ:-

| **ਅਸਾਮੀ ਦਾ ਨਾਂ** | **ਕੁੱਲ ਗਿਣਤੀ** |
|---|---|
| ਜੇ.ਈ. ਇਲੈਕਟ੍ਰੀਕਲ | 183 |
| ਲਾਇਨਮੈਨ | 721 |
| ਅਸਿਸਟੈਂਟ ਲਾਇਨਮੈਨ | 1060 |

(ਅ) ਜਲੰਧਰ ਸਰਕਲ ਵਿਚ ਮੌਜੂਦਾ ਰੈਗੂਲਰ ਭਰਤੀ ਨਾਲ ਭਰੀਆਂ ਅਸਾਮੀਆਂ ਦੀ ਗਿਣਤੀ ਇਸ ਪ੍ਰਕਾਰ ਹੈ:-

| **ਅਸਾਮੀ ਦਾ ਨਾਂ** | **ਕੁੱਲ ਗਿਣਤੀ** |
|---|---|
| ਜੇ.ਈ. ਇਲੈਕਟ੍ਰੀਕਲ | 115 |
| ਲਾਇਨਮੈਨ | 593 |
| ਅਸਿਸਟੈਂਟ ਲਾਇਨਮੈਨ | 156 |

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਪੀਕਰ ਸਾਹਿਬ, ਤੁਹਾਡੀ ਮਾਰਫਤ ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਅਸਿਸਟੈਂਟ ਲਾਇਨਮੈਨ ਦੀਆਂ 1007 ਪੋਸਟਾਂ ਹਨ ਅਤੇ ਸਿਰਫ 156 ਹੀ ਭਰੀਆਂ ਹੋਈਆਂ ਹਨ। ਇਨ੍ਹਾਂ ਦੀ ਰੈਗੂਲਰ ਭਰਤੀ ਕਦੋਂ ਤੱਕ ਕਰ ਦਿੱਤੀ ਜਾਵੇਗੀ? ਮੰਤਰੀ ਸਾਹਿਬ ਇਸ ਨੂੰ ਟਾਈਮ ਬਾਊਂਡ ਕਰ ਦੇਣ।

ਦੂਜਾ ਸਵਾਲ ਹੈ ਕਿ ਸਬ-ਕੰਟਰੈਕਟ ਵਿੱਚ ਇਨ੍ਹਾਂ ਨੇ ਲਾਇਨਮੈਨ/ਅਸਿਸਟੈਂਟ ਲਾਇਨਮੈਨ ਰੱਖੇ ਹਨ। ਇਨ੍ਹਾਂ ਵੱਲੋਂ ਸਬ-ਕੰਟਰੈਕਟਰ ਨੂੰ 3 ਲਾਇਨਮੈਨ ਦਾ 54000/- ਰੁਪਿਆ ਦਿੰਦੇ ਹਨ ਪਰ ਉਹ ਇੱਕ ਲਾਇਨਮੈਨ ਨੂੰ ਸਿਰਫ

13000/- ਰੁਪਿਆ ਦਿੰਦਾ ਹੈ। ਤਿੰਨਾਂ ਨੂੰ 39000/- ਰੁਪਿਆ ਸੈਲਰੀ ਮਿਲਦੀ ਹੈ ਪਰੰਤੂ ਸਰਕਾਰ 54000/- ਰੁਪਏ ਦੇ ਰਹੀ ਹੈ। ਕੀ ਇਹ ਦਰੁਸਤ ਹੈ? ਇਸ ਦਾ ਮਤਲਬ ਸਰਕਾਰ ਆਪਣਾ ਪੈਸਾ/ਲੋਕਾਂ ਦਾ ਪੈਸਾ ਦੇ ਰਹੀ ਹੈ। ਇਸ ਵਿੱਚੋਂ ਬਹੁਤ ਸਾਰਾ ਪੈਸਾ ਸਬ-ਕੰਟਰੈਕਟਰ ਕੋਲ ਰਹਿ ਜਾਂਦਾ ਹੈ। ਜਿਹੜੇ ਮੁਲਾਜ਼ਮ ਕੰਮ ਕਰ ਰਹੇ ਹਨ, ਉਨ੍ਹਾਂ ਨੂੰ ਇਹ ਪੈਸਾ ਨਹੀਂ ਮਿਲ ਰਿਹਾ। ਇਸ ਨਾਲ ਸਰਕਾਰ ਦਾ ਵੀ ਨੁਕਸਾਨ ਹੋ ਰਿਹਾ ਹੈ ਅਤੇ ਉਨ੍ਹਾਂ ਬੱਚਿਆਂ ਦਾ ਵੀ ਨੁਕਸਾਨ ਹੋ ਰਿਹਾ ਹੈ।

ਸਰ, ਤੀਜਾ ਸਵਾਲ। ਇੱਕ ਹਫਤੇ ਵਿੱਚ ਮੇਰੇ ਹਲਕੇ ਵਿੱਚ ਦੋ ਮੁਲਾਜ਼ਮ ਜਿਹੜੇ ਕਿ ਸਬ-ਕੰਟਰੈਕਟ ਰਾਹੀਂ ਆਏ ਸਨ, ਇੱਕ ਬੇਟੇ ਦਾ ਨਾਂ ਸੰਨੀ ਸੀ ਅਤੇ ਦੂਜੇ ਦਾ ਸੌਰਵ ਸੀ। ਉਨ੍ਹਾਂ ਦੀ ਰਿਪੇਅਰ ਕਰਦੇ ਸਮੇਂ ਮੌਤ ਹੋ ਗਈ। ਦੋਨੋਂ ਹੀ ਰਿਪੇਅਰ ਕਰ ਰਹੇ ਸਨ ਅਤੇ ਸੌਰਵ ਦੀ ਤਾਂ ਇਹ ਹਾਲਤ ਹੋ ਗਈ ਕਿ ਉਹ ਲਾਈਨ ਤੇ ਚੜ੍ਹਿਆ ਹੋਇਆ ਸੀ ਅਤੇ ਉਸ ਦੀ ਦੇਹ ਉਪਰ ਹੀ ਸੜ ਗਈ। ਸਰ, ਸਬ-ਕੰਟਰੈਕਟ ਹੋਏ ਨੂੰ ਲਗਭਗ 2 ਸਾਲ ਹੋ ਗਏ ਹਨ। ਉਸ ਨੂੰ ਹਾਲੇ ਤੱਕ ਕੁਝ ਵੀ ਮੁਆਵਜ਼ੇ ਵਜੋਂ ਨਹੀਂ ਮਿਲਿਆ। ਕੱਲ੍ਹ ਗਿਆਸਪੁਰਾ ਸਾਹਿਬ ਨੇ ਵੀ ਸਵਾਲ ਚੁੱਕਿਆ ਸੀ ਕਿ ਸਬ-ਕੰਟਰੈਕਟਰ ਨੇ ਹਾਲੇ ਤੱਕ ਵੀ ਸੇਫਟੀ ਇਕੁਇਪਮੈਂਟਸ ਨਹੀਂ ਦਿੱਤੇ। ਪਿਛਲੇ ਸਾਲ ਵਿੱਚ ਜਿੰਨੀਆਂ ਵੀ ਮੌਤਾਂ ਹੋਈਆਂ ਹਨ, ਉਨ੍ਹਾਂ ਬਾਰੇ ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਨ੍ਹਾਂ ਖਿਲਾਫ ਕੋਈ ਪਰਚਾ ਦਰਜ ਕਰਵਾਇਆ ਗਿਆ ਹੈ? ਕਿਉਂਕਿ ਇਹ ਨੈਗਲੀਜੈਂਸ ਦਾ ਹੀ ਨਤੀਜਾ ਹੈ। ਕੀ ਉਨ੍ਹਾਂ ਨੂੰ ਕੋਈ ਜੁਰਮਾਨਾ ਲਗਾਇਆ ਗਿਆ ਹੈ? ਕੀ ਵਜ਼ੀਰ ਸਾਹਿਬ ਇਸ ਬਾਰੇ ਕੁਝ ਦੱਸਣਗੇ?

**ਮਾਣਯੋਗ ਸਪੀਕਰ** : ਮਾਣਯੋਗ ਮੰਤਰੀ ਜੀ, ਇਹ ਸਵਾਲ ਬੜਾ ਵਾਜਬ ਹੈ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਜਦੋਂ ਵੀ ਕੋਈ ਇਹੋ ਜਿਹੀ ਦੁਰਘਟਨਾ ਹੁੰਦੀ ਹੈ, ਇਹ ਪਰਿਵਾਰ ਵਾਸਤੇ ਹੀ ਨਹੀਂ ਸਗੋਂ ਸਾਡੇ ਵਾਸਤੇ ਵੀ ਬੜੀ ਦੁੱਖਦਾਇਕ ਹੁੰਦੀ ਹੈ। ਇਸ ਸਮੇਂ ਸਾਡੇ ਕੋਲ ਜੋ ਪਾਲਿਸੀ ਹੈ, ਉਸ ਅਧੀਨ ਅਸੀਂ 5 ਲੱਖ ਰੁਪਿਆ ਐਕਸਗ੍ਰੇਸ਼ੀਆ ਗਰਾਂਟ ਅਤੇ 5 ਲੱਖ ਰੁਪਿਆ ਇੰਸ਼ੋਰੈਂਸ ਦੇ ਤੌਰ ਤੇ ਪਰਿਵਾਰ ਨੂੰ ਕੰਪਨਸੇਸ਼ਨ ਦਿੱਤੀ ਜਾਂਦੀ ਹੈ।

ਜਿੱਥੋਂ ਤੱਕ ਇਨ੍ਹਾਂ ਨੇ ਪੋਸਟਾਂ ਦੇ ਭਰੇ ਜਾਣ ਦਾ ਸਵਾਲ ਕੀਤਾ ਹੈ, ਇਸ ਬਾਰੇ ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਤੋਂ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਆਈ ਹੈ, ਅਸੀਂ ਹੁਣ ਤੱਕ ਪੀ.ਐਸ.ਪੀ.ਸੀ.ਐਲ. ਅਤੇ ਪੀ.ਐਸ.ਟੀ.ਸੀ.ਐਲ. ਦੀਆਂ 4912 ਪੋਸਟਾਂ ਭਰੀਆਂ ਹਨ। 3928 ਆਸਾਮੀਆਂ ਲਈ ਆਲਰੇਡੀ ਇਸ਼ਤਿਹਾਰ ਦਿੱਤਾ ਹੋਇਆ ਹੈ ਅਤੇ ਪ੍ਰੋਸੀਜ਼ਰ ਚੱਲ ਰਿਹਾ ਹੈ, ਪੇਪਰ ਹੋ ਚੁੱਕੇ ਹਨ ਅਤੇ ਤਿੰਨ-ਚਾਰ ਮਹੀਨਿਆਂ ਤੱਕ ਇਹ ਭਰਤੀਆਂ ਵੀ ਕਰ ਦਿੱਤੀਆਂ ਜਾਣਗੀਆਂ।

**ਮਾਣਯੋਗ ਸਪੀਕਰ** : ਧੰਨਵਾਦ ਮੰਤਰੀ ਜੀ।

**ਸ੍ਰੀ ਅਵਤਾਰ ਸਿੰਘ ਜੂਨੀਅਰ** : ਸਪੀਕਰ ਸਾਹਿਬ, ਤੁਸੀਂ ਮੇਰੀ ਸੈਕਿੰਡ ਸਪਲੀਮੈਂਟੀ ਖਤਮ ਕਰ ਦੇਣੀ ਹੈ ਪਰ ਮੇਰੀ ਪਹਿਲੀ ਸਪਲੀਮੈਂਟਰੀ ਦਾ ਇੱਕ ਵੀ ਜਵਾਬ ਨਹੀਂ ਆਇਆ। ਸਰ, ਮੈਂ ਇਹ ਸਵਾਲ ਪੁੱਛਿਆ ਸੀ ਕਿ ਮੇਰੇ ਹਲਕੇ

ਜਲੰਧਰ ਜ਼ੋਨ ਦੀਆਂ ਭਰਤੀਆਂ ਕਦੋਂ ਤੱਕ ਕਰ ਦਿੱਤੀਆਂ ਜਾਣਗੀਆਂ? ਮੈਂ ਪੂਰੇ ਪੰਜਾਬ ਦਾ ਸਵਾਲ ਨਹੀਂ ਸੀ ਪੁੱਛਿਆ। ਇਹ ਕਦੋਂ ਤੱਕ ਕਰ ਦਿੱਤੀਆਂ ਜਾਣਗੀਆਂ? ਜਿਹੜੀਆਂ ਨਵੀਆਂ ਭਰਤੀਆਂ ਦੀ ਗੱਲ ਹੈ, ਇਹ ਭਾਵੇਂ ਪਿਛਲੀ ਸਰਕਾਰ ਵੇਲੇ ਹੋਈਆਂ ਹੋਣ, ਜ਼ਿਆਦਾਤਰ ਮਾਝੇ ਜਾਂ ਮਾਲਵੇ ਵਿੱਚੋਂ ਬੱਚੇ ਆਏ ਹਨ, ਉਹ ਵਾਪਸ ਉਥੇ ਹੀ ਚਲੇ ਜਾਂਦੇ ਹਨ।

ਮੇਰਾ ਸਵਾਲ ਤਾਂ ਇਹ ਹੈ ਕਿ ਮੇਰੇ ਜਲੰਧਰ ਸਰਕਲ ਦੀਆਂ ਜੇ.ਈ. ਦੀਆਂ ਰੈਗੂਲਰ ਭਰਤੀਆਂ ਕਦੋਂ ਤੱਕ ਕਰ ਦਿੱਤੀਆਂ ਜਾਣਗੀਆਂ?

**1015/Rajneet Kaur/Monika sharma**

ਸਰ, ਦੂਜਾ ਸਵਾਲ ਮੈਂ ਇਹ ਪੁੱਛਿਆ ਸੀ ਕਿ ਜਿਹੜੇ ਕੰਟਰੈਕਟਰ ਨੇ ਕੰਮ ਕਰਨ ਵਾਲਿਆਂ ਨੂੰ safety equipment ਨਹੀਂ ਦਿੱਤੇ, ਉਸ ਖਿਲਾਫ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ? ਸਰਕਾਰ ਪੈਸੇ ਦੇ ਦਿੰਦੀ ਹੈ, ਮੁਆਵਜ਼ਾ ਦਿੰਦੀ ਹੈ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਨੌਕਰੀ ਦਿੰਦੀ ਹੈ। ਸਰ, ਮੇਰਾ ਤਾਂ ਇਹ ਸਵਾਲ ਹੈ ਕਿ ਉਸ ਕੰਟਰੈਕਟਰ ਉੱਤੇ ਅਜੇ ਤੱਕ ਕੀ ਕਾਰਵਾਈ ਕੀਤੀ ਗਈ ਹੈ?

**ਮਾਣਯੋਗ ਸਪੀਕਰ:** ਮੰਤਰੀ ਜੀ, ਕੋਈ safety equipment ਦਾ ਆਡਿਟ ਕਰਵਾਉਂਦੇ ਹੋ?

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਬਿਲਕੁਲ safety equipment ਹਰ ਸੀ.ਐਚ.ਬੀ. ਅਤੇ ਸੀ.ਐਚ.ਡਬਲਿਊ ਵਰਕਰ ਨੂੰ ਦਿੱਤੇ ਜਾਂਦੇ ਹਨ ਔਰ ਉਨ੍ਹਾਂ ਨੂੰ ਸਮੇਂ-ਸਮੇਂ ਹਦਾਇਤਾਂ ਵੀ ਜਾਰੀ ਕੀਤੀਆਂ ਜਾਂਦੀਆਂ ਹਨ ਕਿ ਜਦੋਂ ਵੀ ਕੋਈ ਰਿਪੇਅਰ ਜਾਂ ਮੈਂਟੀਨੈਂਸ ਕਰਨੀ ਹੈ ਤਾਂ ਇਨ੍ਹਾਂ safety equipment ਦਾ ਯੂਜ਼ ਕੀਤਾ ਜਾਵੇ। ਇਨ੍ਹਾਂ ਦਾ ਦੂਸਰਾ ਸਵਾਲ ਇਹ ਸੀ ਕਿ ਇਹ ਪੋਸਟਾਂ ਕਦੋਂ ਤੱਕ ਭਰੀਆਂ ਜਾਣਗੀਆਂ? ਇਨ੍ਹਾਂ ਨੇ ਜਲੰਧਰ ਸਰਕਲ ਦੀ ਗੱਲ ਕੀਤੀ ਹੈ। ਸਾਡੇ ਕੋਲ ਪੰਜ ਜ਼ੋਨ ਹਨ। ਅਸੀਂ ਇਸ ਤਰ੍ਹਾਂ ਕਿਤੇ ਵੀ ਭਰਤੀ ਨਹੀਂ ਕਰਦੇ ਕਿ ਮਾਝੇ ਦੀ ਕੋਈ ਵੱਖਰੀ ਭਰਤੀ ਹੁੰਦੀ ਹੈ, ਮਾਲਵੇ ਜਾਂ ਦੁਆਬੇ ਦੀ ਵੱਖਰੀ ਹੁੰਦੀ ਹੈ। ਪੂਰੇ ਪੰਜਾਬ ਵਿੱਚ ਭਰਤੀਆਂ ਕਰਨ ਦਾ ਇੱਕ ਹੀ ਪ੍ਰੋਸੀਜ਼ਰ ਹੈ। ਸੋ, ਜਦੋਂ ਵੀ ਭਰਤੀਆਂ ਹੁੰਦੀਆਂ ਹਨ, ਜਿੱਥੇ-ਜਿੱਥੇ ਵੀ ਸਾਡੇ ਕੋਲ ਪੋਸਟਾਂ ਅਵੇਲਏਬਲ ਹੁੰਦੀਆਂ ਹਨ, ਵੇਕੈਂਟ ਪੋਸਟਾਂ ਹੁੰਦੀਆਂ ਹਨ, ਉੱਥੇ ਅਸੀਂ ਮੁਲਾਜ਼ਮਾਂ ਦੀ ਤਾਇਨਾਤੀ ਕਰ ਦਿੰਦੇ ਹਾਂ। ਮੈਂ ਤੁਹਾਨੂੰ ਪਹਿਲਾਂ ਵੀ ਦੱਸਿਆ ਹੈ ਕਿ ਭਰਤੀਆਂ ਦਾ ਜੋ ਪ੍ਰੋਸੀਜ਼ਰ ਚੱਲ ਰਿਹਾ ਹੈ, ਉਹ 3 ਤੋਂ 5 ਮਹੀਨੇ ਦੇ ਵਿੱਚ ਕੰਪਲੀਟ ਹੋ ਜਾਵੇਗਾ। ਇਨ੍ਹਾਂ ਵਿੱਚੋਂ ਅਸੀਂ ਜਲੰਧਰ ਸਰਕਲ ਵਿੱਚ ਵੀ ਭਰਤੀਆਂ ਕਰ ਦੇਵਾਂਗੇ।

**Mr. Speaker:** Thank You.

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੇਰੀ ਸਪਲੀਮੈਂਟਰੀ ਹੈ ਜੀ।

**ਮਾਣਯੋਗ ਸਪੀਕਰ:** ਲੈ ਲਵੋ ਜੀ, ਸੈਕਿੰਡ ਸਪਲੀਮੈਂਟਰੀ ਲੈ ਲਵੋ।

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਲੇਕਿਨ ਸਰ, ਮੈਂ ਸ਼ਰਮਿੰਦਗੀ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਜਾਂ ਤਾਂ ਵਜ਼ੀਰ ਸਾਹਿਬ ਨੂੰ ਇਨ੍ਹਾਂ ਦੇ ਮੁਲਾਜ਼ਮ mislead ਕਰ ਰਹੇ ਹਨ। ਸਰ, ਅਗਰ ਤੁਸੀਂ ਅਲਾਓ ਕਰੋ ਤਾਂ ਮੈਂ ਤੁਹਾਨੂੰ ਵੀਡੀਓ ਦਿਖਾ ਦਿੰਦਾ ਹਾਂ ਕਿ ਜਿਹੜੇ ਵੀ ਮੁਲਾਜ਼ਮ ਦੀ ਉੱਥੇ ਡੈੱਥ ਹੋਈ ਹੈ, ਸਰ, ਕਿਸੇ ਕੋਲ ਵੀ ਕੋਈ ਵੀ safety equipment ਨਹੀਂ ਹੈ। ਕੱਲ੍ਹ ਵੀ ਐਮ.ਐਲ.ਏ. ਸਾਹਿਬ ਨੇ ਇਹ ਸਵਾਲ ਚੁੱਕਿਆ ਸੀ। ਵਜ਼ੀਰ ਸਾਹਿਬ ਇਸ ਹਾਊਸ ਨੂੰ ਬਿਲਕੁਲ mislead ਕਰ ਰਹੇ ਹਨ। ਉਨ੍ਹਾਂ ਕੋਲ ਖੰਭੇ ਆਦਿ ਉੱਪਰ ਚੜ੍ਹਨ ਲਈ ਕੋਈ safety equipment ਨਹੀਂ ਹੈ, ਇੱਥੋਂ ਤੱਕ ਕਿ ਉਨ੍ਹਾਂ ਕੋਲ ladder ਤੱਕ ਵੀ ਨਹੀਂ ਹੁੰਦੀ। ਉਹ ਵੀ ਲੋਕਾਂ ਤੋਂ ਮੰਗ ਕੇ ਲੈ ਕੇ ਆਉਂਦੇ ਹਨ। ਉਨ੍ਹਾਂ ਕੋਲ ਨਾ ਤਾਂ ਕੋਈ ਜੈਕੇਟ ਹੁੰਦੀ ਹੈ ਅਤੇ ਨਾ fire safety equipment ਹੁੰਦੇ ਹਨ ਅਤੇ ਨਾ ਹੀ ਉਨ੍ਹਾਂ ਕੋਲ ਫਸਟ ਏਡ ਹੁੰਦੀ ਹੈ। ਸਰ, ਇਹ ਕਿਤੇ ਵੀ ਦਿਖਾ ਦੇਣ ਕਿ ਕੰਟਰੈਕਟਰ ਨੇ ਇਹ ਸਭ ਕੁਝ ਪੂਰਾ ਕੀਤਾ ਹੁੰਦਾ ਹੈ। ਮੇਰੇ ਸਵਾਲ ਦਾ ਅਜੇ ਤੱਕ ਜਵਾਬ ਨਹੀਂ ਮਿਲਿਆ ਕਿ ਇਨ੍ਹਾਂ ਨੇ ਸਬ-ਕੰਟਰੈਕਟਰ ਦੇ ਉੱਤੇ ਕੀ ਕਾਰਵਾਈ ਕੀਤੀ ਹੈ? ਸਰ, very unfortunate ਕਿ ਵਜ਼ੀਰ ਸਾਹਿਬ ਅੱਜ ਹਾਊਸ ਨੂੰ ਮਿਸਲੀਡ ਕਰ ਰਹੇ ਹਨ। ਸਰ, ਮੈਂ ਭਰਤੀ ਦੀ ਗੱਲ ਕਿਤੇ ਵੀ ਨਹੀਂ ਕੀਤੀ। ਮੈਂ ਤਾਂ ਸਿਰਫ ਇਹ ਪੁੱਛ ਰਿਹਾ ਹਾਂ ਕਿ ਮੇਰੇ ਹਲਕੇ ਦੀਆਂ ਖਾਲੀ ਆਸਾਮੀਆਂ ਨੂੰ ਇਹ ਕਦੋਂ ਤੱਕ ਟਾਈਮ ਬਾਊਂਡ fill ਕਰ ਦੇਣਗੇ?

**ਮਾਣਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਮੰਤਰੀ ਜੀ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਇਸ ਸਦਨ ਨੂੰ ਦੱਸ ਚੁੱਕਿਆ ਹਾਂ ਕਿ ਅਸੀਂ ਪਰਾਪਰ safety equipment ਵਾਸਤੇ ਹਰ ਮੁਲਾਜ਼ਮ ਨੂੰ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਅਸੀਂ ਹਮੇਸ਼ਾ ਹੀ ਸਮੇਂ-ਸਮੇਂ ਤੇ ਉਨ੍ਹਾਂ ਨੂੰ ਟਰੇਨਿੰਗ ਵੀ ਦਿੰਦੇ ਰਹਿੰਦੇ ਹਾਂ ਔਰ ਨਿਰਦੇਸ਼ ਜਾਰੀ ਕਰਦੇ ਰਹਿੰਦੇ ਹਾਂ ਕਿ ਕੋਈ ਵੀ ਮੁਲਾਜ਼ਮ ਬਿਨਾਂ safety kit ਤੋਂ ਨਾ ਜਾਵੇ। ਸਾਨੂੰ ਕਦੇ ਵੀ ਕਿਸੇ ਕਾਮੇ ਦੀ ਇਹ ਸ਼ਿਕਾਇਤ ਨਹੀਂ ਆਈ ਕਿ ਸਾਨੂੰ safety kit ਨਹੀਂ ਮਿਲ ਰਹੀ। ਸਰ, ਵੈਸੇ ਵੀ ਅਸੀਂ ਰਿਪੇਅਰ ਕਰਨ ਲਈ ਇੱਕ ਆਦਮੀ ਨੂੰ ਕਦੇ ਵੀ ਨਹੀਂ ਭੇਜਦੇ। ਰੂਲਜ਼ ਦੇ ਮੁਤਾਬਕ ਜਦੋਂ ਵੀ ਕੋਈ ਮੈਂਟੀਨੈਂਸ ਕਰਨ ਲਈ ਮੁਲਾਜ਼ਮ ਜਾਂਦੇ ਹਨ, ਤਾਂ ਅਸੀਂ ਦੋ ਮੁਲਾਜ਼ਮ ਭੇਜਦੇ ਹਾਂ। ਇੱਕ ਮੁਲਾਜ਼ਮ ਉੱਥੇ ਰਿਪੇਅਰ ਕਰਦਾ ਹੈ ਅਤੇ ਦੂਸਰਾ ਮੁਲਾਜ਼ਮ safety measures ਨੂੰ ਦੇਖਦਾ ਹੈ। ਸਰ, ਬਾਕੀ ਜੇ ਮੈਂਬਰ ਸਾਹਿਬ ਨੂੰ ਲਗਦਾ ਹੈ ਕਿ ਕੋਈ ਇਹੋ ਜਿਹੀ ਗੱਲ ਹੈ ਤਾਂ ਅਸੀਂ ਇੱਕ ਵਾਰ ਫਿਰ ਮੁਲਾਜ਼ਮਾਂ ਨੂੰ ਸਖਤ ਹਦਾਇਤਾਂ ਜਾਰੀ ਕਰਾਂਗੇ ਕਿ ਕੋਈ ਵੀ ਮੁਲਾਜ਼ਮ ਮੈਂਟੀਨੈਂਸ ਕਰਨ ਲਈ ਬਿਨਾਂ ਸੇਫਟੀ ਕਿੱਟ ਤੋਂ ਨਾ ਜਾਵੇ।

ਦੂਸਰੀ, ਗੱਲ ਇਹ ਫਿਰ ਇਹ ਹੀ ਕਹਿ ਰਹੇ ਹਨ ਕਿ ਇਨ੍ਹਾਂ ਦੇ ਸਰਕਲ ਵਿੱਚ ਕਦੋਂ ਪੋਸਟਾਂ ਫਿੱਲ ਕੀਤੀਆਂ ਜਾਣਗੀਆਂ? ਸਰ, ਮੈਂ ਪਹਿਲਾਂ ਹੀ ਤੁਹਾਡੇ ਰਾਹੀਂ ਦੱਸ ਚੁੱਕਾ ਹਾਂ ਕਿ ਸਾਡੇ ਕੋਲ ਪੂਰੇ ਪੰਜਾਬ ਵਿੱਚ 21 ਸਰਕਲ ਹਨ। ਹਰ ਜਗ੍ਹਾ ਹੀ ਵੈਕੇਂਸੀਆਂ ਦੀ ਥੋੜ੍ਹੀ ਬਹੁਤ ਪ੍ਰਾਬਲਮ ਹੈ। ਅਸੀਂ ਸਮੇਂ-ਸਮੇਂ ਤੇ ਉਸ ਨਾਲ ਸਬੰਧਿਤ ਇਸ਼ਤਿਹਾਰ ਵੀ ਦਿੰਦੇ ਹਾਂ ਔਰ ਉਸ ਦੀਆਂ ਭਰਤੀਆਂ ਵੀ ਕਰਦੇ ਹਾਂ। ਮੈਂ ਤੁਹਾਨੂੰ ਦੱਸਿਆ ਹੈ ਕਿ ਲਗਭਗ 4900 ਤੋਂ ਵੱਧ ਭਰਤੀਆਂ ਪਿਛਲੇ ਢਾਈ ਸਾਲਾਂ ਵਿੱਚ ਕੀਤੀਆਂ ਗਈਆਂ ਹਨ। 3900 ਭਰਤੀਆਂ ਸਾਡੇ ਕੋਲ ਪ੍ਰੋਸੀਜ਼ਰ ਦੇ ਅਧੀਨ ਹਨ। ਉਨ੍ਹਾਂ ਦੀ ਪ੍ਰਕਿਰਿਆ ਚੱਲ ਰਹੀ ਹੈ ਔਰ 3-4 ਮਹੀਨੇ ਦੇ ਵਿੱਚ-ਵਿੱਚ ਅਸੀਂ ਉਹ ਭਰਤੀਆਂ ਕੰਪਲੀਟ ਕਰ ਦੇਵਾਂਗੇ।

**ਮਾਣਯੋਗ ਸਪੀਕਰ:** ਧੰਨਵਾਦ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਅਵਤਾਰ ਸਿੰਘ ਜੂਨੀਅਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ੍ਹਣ ਲਈ ਇਜ਼ਾਜਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਹੋ ਗਿਆ ਜੀ। ਅਵਤਾਰ ਸਿੰਘ ਜੀ, ਹੋ ਗਿਆ ਜੀ। ਤੁਸੀਂ ਮੰਤਰੀ ਜੀ ਨਾਲ ਮਿਲ ਕੇ ਗੱਲ ਕਰ ਲੈਣਾ।

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੈਂ ਮਿਲ ਕੇ ਗੱਲ ਨਹੀਂ ਕਰਨੀ, ਮੈਂ ਹਾਊਸ ਵਿੱਚ ਗੱਲ ਕਰਨੀ ਹੈ। ਸਰ, ਮੈਂ ਹਾਊਸ ਵਿੱਚ ਸਵਾਲ ਪੁੱਛ ਰਿਹਾ ਹਾਂ। At least ਤੁਸੀਂ ਮੈਨੂੰ ਇਹ ਤਾਂ ਦੱਸ ਦੇਵੋ ਕਿ ਜੇਕਰ ਮੈਂ ਹਾਊਸ ਵਿੱਚ ਇਹ ਪਰੂਫ ਦੇ ਦੇਵਾਂ ਕਿ ਮੁਲਾਜ਼ਮਾਂ ਨੂੰ ਕੋਈ ਵੀ safety equipment ਨਹੀਂ ਦਿੱਤਾ ਜਾਂਦਾ, ਤਾਂ ਫਿਰ ਕੀ ਕਾਰਵਾਈ ਕੀਤੀ ਜਾਵੇਗੀ? ਸਰ, ਵਜ਼ੀਰ ਸਾਹਿਬ ਹਾਊਸ ਨੂੰ mislead ਕਰ ਰਹੇ ਹਨ। ਉਹ ਕਹਿ ਰਹੇ ਹਨ ਕਿ ਹਰ ਮੁਲਾਜ਼ਮ ਨੂੰ safety equipment ਦਿੱਤੀ ਗਈ ਹੈ।

**ਮਾਣਯੋਗ ਸਪੀਕਰ:** ਤੁਸੀਂ ਬੈਠੋ। ਉਨ੍ਹਾਂ ਦਾ ਜਵਾਬ ਆ ਗਿਆ ਹੈ। ਜੇਕਰ ਤੁਸੀਂ ਅੱਗੇ ਕੁਝ ਹੋਰ ਪੁੱਛਣਾ ਚਾਹੁੰਦੇ ਹੋ ਤਾਂ ਤੁਸੀਂ ਦੁਬਾਰਾ ਪ੍ਰਸ਼ਨ ਪਾ ਸਕਦੇ ਹੋ।

**ਸ੍ਰੀ ਅਵਤਾਰ ਸਿੰਘ ਜੂਨੀਅਰ:** ਸਰ, ਮੈਂ ਇਹ ਪਰੂਫ ਦੇ ਸਕਦਾ ਹਾਂ ਕਿ ਕਿਸੇ ਵੀ ਮੁਲਾਜ਼ਮ ਨੂੰ ਕੋਈ safety equipment ਨਹੀਂ ਦਿੱਤੀ ਗਈ।

**ਮਾਣਯੋਗ ਸਪੀਕਰ:** ਪਲੀਜ਼, ਤੁਸੀਂ ਬੈਠੋ। ਉਨ੍ਹਾਂ ਦਾ ਜਵਾਬ ਆ ਗਿਆ ਹੈ। ਉਹ ਮੰਤਰੀ ਹਨ ਅਤੇ ਜ਼ਿੰਮੇਵਾਰੀ ਨਾਲ ਗੱਲ ਕਹਿ ਰਹੇ ਹਨ। ਤੁਸੀਂ ਇਸ ਸਬੰਧੀ ਕਮੇਟੀ ਨੂੰ ਲਿਖ ਕੇ ਦੇਵੋ ਜੀ, ਮੈਂ ਦੇਖ ਲਵਾਂਗਾ। ਲਿਖ ਕੇ ਦੇਵੋ ਜੀ।

----------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1199**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---------

**1020/Kuldeep kaur/Shubham jain**

**1025/Pawan sharma/Shubham jain**

## ਜ਼ੀਰਾ ਸ਼ਹਿਰ ਦੇ ਸੀਵਰੇਜ ਸਿਸਟਮ ਦੀ ਮੁਰੰਮਤ ਕਰਨਾ

***1273. ਸ਼੍ਰੀ ਨਰੇਸ਼ ਕਟਾਰੀਆ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ੀਰਾ ਸ਼ਹਿਰ ਦਾ ਸੀਵਰੇਜ ਸਿਸਟਮ ਕਾਫੀ ਪੁਰਾਣਾ ਅਤੇ ਖਰਾਬ ਹਾਲਤ ਵਿੱਚ ਹੈ, ਜਿਸ ਨਾਲ ਸ਼ਹਿਰ ਵਿੱਚ ਗੰਦੇ ਪਾਣੀ ਖਾਸ ਕਰਕੇ ਬਰਸਾਤੀ ਪਾਣੀ ਦੀ ਬਹੁਤ ਸਮੱਸਿਆ ਰਹਿੰਦੀ ਹੈ ਅਤੇ ਪਾਣੀ ਦੀ ਨਿਕਾਸੀ ਨਹੀਂ ਹੁੰਦੀ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਸੀਵਰੇਜ ਸਿਸਟਮ ਦੀ ਮੁਰੰਮਤ ਕਰਨ ਅਤੇ ਇੱਥੇ ਕੂੜੇ ਦੀ ਸਮੱਸਿਆ ਦਾ ਹੱਲ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਸਰਦਾਰ ਬਲਕਾਰ ਸਿੰਘ:** ਹਾਂ ਜੀ, ਜ਼ੀਰਾ ਸ਼ਹਿਰ ਵਿੱਚ ਕੁੱਝ ਥਾਂਵਾਂ ਤੇ ਸੀਵਰੇਜ ਲਾਈਨਾਂ ਛੋਟੀਆਂ ਅਤੇ ਪੁਰਾਣੀਆਂ ਹੋਣ ਕਾਰਨ ਸੀਵਰੇਜ ਬਲਾਕੇਜ ਦੀ ਸ਼ਿਕਾਇਤ ਰਹਿੰਦੀ ਹੈ। ਇਸ ਲਈ ਸੀਵਰੇਜ ਲਾਈਨਾਂ ਨੂੰ ਡੀ-ਸਿਲਟ ਕਰਵਾਉਣ ਲਈ ਲਗਭਗ 65.00 ਲੱਖ ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ ਅਤੇ ਇਸ ਸਬੰਧੀ ਟੈਂਡਰ ਪ੍ਰਕਿਰਿਆ ਕੀਤੀ ਜਾ ਰਹੀ ਹੈ। ਐਸ.ਟੀ.ਪੀ. ਤੇ ਲੱਗੀ ਮਸ਼ੀਨਰੀ ਦੀ ਸਮੇਂ ਤੇ ਰਿਪੇਅਰ ਵੀ ਕਰਵਾਈ ਜਾ ਰਹੀ ਹੈ ਅਤੇ ਨਵੀਆਂ ਮੋਟਰਾਂ ਵੀ ਲਗਾਈਆਂ ਜਾ ਰਹੀਆਂ ਹਨ। ਜਿਸ ਨਾਲ ਸ਼ਹਿਰ ਵਿੱਚ ਸੀਵਰੇਜ ਦੀ ਸਮੱਸਿਆ ਦਾ ਹੱਲ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਨਗਰ ਕੌਂਸਲ ਵੱਲੋਂ ਲੋੜ ਅਨੁਸਾਰ ਸ਼ਹਿਰ ਵਿੱਚ ਲੋਕਲ ਸੀਵਰੇਜ ਬਲਾਕੇਜ ਦਾ ਸਮਾਧਾਨ ਕਰ ਦਿੱਤਾ ਜਾਂਦਾ ਹੈ।

ਸ਼ਹਿਰ ਵਿੱਚ ਕੂੜੇ ਦੀ ਸਾਂਭ ਸੰਭਾਲ ਕਰਨ ਲਈ ਰੈਗੂਲਰ ਅਤੇ ਕੰਟਰੈਕਟ ਬੇਸ ਸਫਾਈ ਕਰਮਚਾਰੀਆਂ ਰਾਹੀਂ ਰੋਜ਼ਾਨਾ ਸ਼ਹਿਰ ਦੀ ਸਫਾਈ ਕਰਵਾਈ ਜਾਂਦੀ ਹੈ। ਨਗਰ ਕੌਂਸਲ ਵੱਲੋਂ 11 ਰਿਕਸ਼ੇ ਅਤੇ 6 ਟਾਟਾ ਏਸ ਰਾਹੀਂ ਡੋਰ ਟੂ ਡੋਰ ਕੁਲੈਕਸ਼ਨ ਅਤੇ ਸੈਗਰੀਗੇਸ਼ਨ ਕੀਤੀ ਜਾ ਰਹੀ ਹੈ। ਗਿੱਲਾ-ਸੁੱਕਾ ਕੂੜਾ ਅਲੱਗ-ਅਲੱਗ ਇਕੱਠਾ ਕੀਤਾ ਜਾਂਦਾ ਹੈ। ਗਿੱਲਾ ਕੂੜਾ ਸ਼ਾਹਵਾਲਾ ਰੋਡ ਤੇ ਬਣੀਆਂ 47 ਕੰਪੋਸਟ ਪਿੱਟਾਂ ਵਿੱਚ ਇਕੱਠਾ ਕੀਤਾ ਜਾਂਦਾ ਹੈ, ਜਿਸ ਨਾਲ ਖਾਦ ਤਿਆਰ ਕੀਤੀ ਜਾਂਦੀ ਹੈ ਅਤੇ ਸੁੱਕੇ ਕੂੜੇ ਨੂੰ ਐਮ.ਆਰ.ਐਫ. ਸ਼ੈੱਡ ਵਿੱਚ ਲਿਜਾਇਆ ਜਾਂਦਾ ਹੈ ਅਤੇ ਸ਼ਹਿਰ ਵਿੱਚ ਸੈਕੰਡਰੀ ਪੁਆਇੰਟਾਂ ਤੇ ਪਿਆ ਕੂੜਾ ਵੀ ਰੋਜ਼ਾਨਾ ਹੀ ਚੁੱਕਵਾ ਦਿੱਤਾ ਜਾਂਦਾ ਹੈ।

**ਸ਼੍ਰੀ ਨਰੇਸ਼ ਕਟਾਰੀਆ**: ਸਰ, ਇੱਕ ਤਾਂ ਮੈਂ ਸਵਾਲ ਕੂੜੇ ਸਬੰਧੀ ਕੀਤਾ ਹੈ ਕਿ ਕਿੰਨੇ ਮਹੀਨਿਆਂ ਤੋਂ ਜ਼ੀਰੇ ਸ਼ਹਿਰ ਵਿੱਚੋਂ ਕੂੜਾ ਨਹੀਂ ਚੁੱਕਿਆ ਜਾ ਰਿਹਾ ਹੈ ਕਿਉਂਕਿ ਉੱਥੇ ਕਾਂਗਰਸ ਦਾ ਪ੍ਰਧਾਨ ਸੀ। ਹੁਣ ਉਸ ਨੂੰ ਲੱਥੇ ਹੋਏ ਨੂੰ ਹਫਤਾ ਕੁ ਹੋਇਆ ਹੈ, ਇਸ ਲਈ ਅੱਗੇ ਤੋਂ ਸੁਧਾਰ ਹੋਇਆ ਹੈ। ਸੀਵਰੇਜ ਦੀ ਸ਼ਿਕਾਇਤ ਕਰਨ ਲਈ ਤਕਰੀਬਨ 8-10 ਬੰਦੇ ਰੋਜ਼ ਆਉਂਦੇ ਹਨ ਜਿਹੜੇ ਕਿ ਕਹਿੰਦੇ ਹਨ ਕਿ ਸਾਡੇ ਘਰਾਂ ਵਿੱਚ ਗੰਦਾ ਪਾਣੀ ਵੜ੍ਹ ਗਿਆ ਹੈ ਤੇ ਸੀਵਰੇਜ ਦਾ ਪ੍ਰਬੰਧ ਕਰੋ।

**ਮਾਣਯੋਗ ਸਪੀਕਰ**: ਸਵਾਲ ਪੁੱਛ ਲਵੋ ਜੀ, ਕਟਾਰੀਆ ਸਾਹਿਬ।

**ਸ੍ਰੀ ਨਰੇਸ਼ ਕਟਾਰੀਆ**: ਮੈਂ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਕੰਮ ਲਈ 65 ਲੱਖ ਰੁਪਿਆ ਦੇਣ ਸਬੰਧੀ ਸਾਨੂੰ ਅੱਜ ਯਕੀਨ ਦਿਵਾਇਆ ਹੈ। ਇਨ੍ਹਾਂ ਦਾ ਬਹੁਤ ਬਹੁਤ ਧੰਨਵਾਦ। ਜੇਕਰ ਬਾਕੀ ਕੋਈ ਕੰਮ ਰਹਿੰਦਾ ਹੋਵੇ ਤਾਂ ਉਹ ਵੀ ਕਰਵਾ ਕੇ ਦੇਣ। ਵੈਸੇ 65 ਲੱਖ ਰੁਪਏ ਨਾਲ ਕੁਝ ਨਹੀਂ ਬਣਨਾ।

**ਮਾਣਯੋਗ ਸਪੀਕਰ**: ਵਧਾ ਦਿਉ ਜੀ। ਧੰਨਵਾਦ ਧੰਨਵਾਦ। ਹਾਂ ਜੀ, ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ।

**ਸਰਦਾਰ ਅਮ੍ਰਿਤਪਾਲ ਸਿੰਘ ਸੁਖਾਨੰਦ**: ਸਰ, ਬਹੁਤ ਬਹੁਤ ਧੰਨਵਾਦ ਜੀ। ਮੈਂ ਸੀਵਰੇਜ ਦੇ ਨਾਲ ਹੀ ਸਬੰਧਿਤ ਗੱਲ ਕਰਨਾ ਚਾਹੁੰਦਾ ਹਾਂ। ਮੇਰੇ ਹਲਕੇ ਬਾਘਾ ਪੁਰਾਣਾ ਵਿੱਚ ਸਾਲ 2013 ਵਿੱਚ ਸੀਵਰੇਜ ਬਣਿਆ ਸੀ ਅਤੇ ਉਹ ਵਾਟਰ ਅਤੇ ਸੈਨੀਟੇਸ਼ਨ ਬੋਰਡ ਵੱਲੋਂ ਪਾਇਆ ਗਿਆ ਸੀ ਪਰ ਉਹ ਸੀਵਰੇਜ ਚੱਲਿਆ ਨਹੀਂ ਕਿਉਂਕਿ ਜਿਹੜੀ ਉਸ ਦੀ ਸਲੋਪ ਸੀ, ਉਹ ਗਲਤ ਸਾਈਡ ਬਣ ਗਈ ਸੀ। ਉਸ ਤੋਂ ਬਾਅਦ ਬਹੁਤ ਵਾਰੀ ਬੇਨਤੀਆਂ ਕੀਤੀਆਂ ਪਰ ਵਾਟਰ ਅਤੇ ਸੈਨੀਟੇਸ਼ਨ ਬੋਰਡ ਵੱਲੋਂ ਕਿਹਾ ਗਿਆ ਕਿ ਸਾਡੇ ਕੋਲ ਸੀਵਰੇਜ ਪਾਉਣ ਦਾ ਕੋਈ ਤਜਰਬਾ ਨਹੀਂ ਸੀ। ਜਿਹੜਾ ਸਾਡੇ ਹਲਕੇ ਬਾਘੇ ਪੁਰਾਣੇ ਦਾ ਸੀਵਰੇਜ ਹੈ, ਇਹ ਸੀਵਰੇਜ ਬੋਰਡ ਨੂੰ ਦਿੱਤਾ ਜਾਵੇ। ਸੀਵਰੇਜ ਬੋਰਡ ਵੱਲੋਂ ਵਾਟਰ ਅਤੇ ਸੈਨੀਟੇਸ਼ਨ ਬੋਰਡ ਨੂੰ ਕਿਹਾ ਗਿਆ ਕਿ ਤੁਸੀਂ ਪਹਿਲਾਂ ਸੀਵਰੇਜ running position ਵਿੱਚ ਕਰੋ, ਚੱਲਦਾ ਕਰੋ ਤਾਂ ਹੀ ਅਸੀਂ accept ਕਰਾਂਗੇ। ਮੈਂ ਇਹ ਹੀ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਦੋਵੇਂ ਡਿਪਾਰਟਮੈਂਟਾਂ (ਵਾਟਰ ਅਤੇ ਸੈਨੀਟੇਸ਼ਨ ਬੋਰਡ ਅਤੇ ਸੀਵਰੇਜ ਬੋਰਡ) ਨੂੰ ਬਿਠਾ ਕੇ ਗੱਲਬਾਤ ਕਰਕੇ, ਇਸ ਨੂੰ ਸੀਵਰੇਜ ਬੋਰਡ ਨੂੰ ਦਿੱਤਾ ਜਾਵੇ, ਨਗਰ ਕੌਂਸਲ ਨੂੰ ਨਾ ਦਿੱਤਾ ਜਾਵੇ ਕਿਉਂਕਿ ਨਗਰ ਕੌਂਸਲ ਦੀ ਆਮਦਨ ਘੱਟ ਹੈ ਅਤੇ ਉਹ ਇਸ ਨੂੰ ਚਲਾ ਨਹੀਂ ਸਕਦੀ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸਰਦਾਰ ਕੁਲਜੀਤ ਸਿੰਘ ਰੰਧਾਵਾ।

------

## ਪਿੰਡ ਮੀਰਪੁਰਾ ਤੋਂ ਧੀਰੇਮਾਜਰਾ-ਪੰਜੋਖਰਾ ਸਾਹਿਬ ਸੜਕ ਦੀ ਮੁਰੰਮਤ ਕਰਨੀ

***1310. ਸਰਦਾਰ ਕੁਲਜੀਤ ਸਿੰਘ ਰੰਧਾਵਾ**: ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਹਲਕਾ ਡੇਰਾਬੱਸੀ ਵਿਖੇ ਪੈਂਦੇ ਪਿੰਡ ਮੀਰਪੁਰਾ ਤੋਂ ਧੀਰੇਮਾਜਰਾ- ਪੰਜੋਖਰਾ ਸਾਹਿਬ ਸੜਕ ਦੀ ਮੁਰੰਮਤ ਕਦੋਂ ਡਿਊ ਸੀ ਅਤੇ ਕਿਨ੍ਹਾਂ ਕਾਰਨਾਂ ਕਰਕੇ ਇਸ ਸੜਕ ਦੀ ਮੁਰੰਮਤ ਸਹੀ ਸਮੇਂ ਉੱਤੇ ਨਹੀਂ ਕਰਵਾਈ ਗਈ;

(ਅ) ਇਸ ਸੜਕ ਦੀ ਰਿਪੇਅਰ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ; ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: (ੳ) ਲਿੰਕ ਸੜਕ ਮੀਰਪੁਰ ਟੂ ਕਸੌਲੀ ਵਾਇਆ ਧੀਰੇਮਾਜਰਾ ਮਿਤੀ 01.04.2023 ਨੂੰ ਮੁਰੰਮਤ ਲਈ ਡਿਊ ਹੋ ਗਈ ਸੀ। ਕੇਂਦਰ ਸਰਕਾਰ ਵੱਲੋਂ ਆਰ.ਡੀ.ਐਫ. ਜਾਰੀ ਨਾ ਕੀਤੇ ਜਾਣ ਅਤੇ

ਫਸਲਾਂ ਤੇ ਮਾਰਕੀਟ ਫੀਸ ਘਟਾਉਣ ਕਰਕੇ ਫੰਡਾਂ ਦੀ ਘਾਟ ਹੋਣ ਕਰਕੇ ਇਸ ਸੜਕ ਦੀ ਮੁਰੰਮਤ ਸਮੇਂ ਸਿਰ ਨਹੀਂ ਕਰਵਾਈ ਜਾ ਸਕੀ।

(ਅ) ਮਾਰਕੀਟ ਕਮੇਟੀ ਡੇਰਾਬੱਸੀ ਵਿਖੇ ਪੈਂਦੀ ਲਿੰਕ ਸੜਕ ਮੀਰਪੁਰ ਟੂ ਕਸੌਲੀ ਵਾਇਆ ਧੀਰੇਮਾਜਰਾ ਜਿਸਦੀ ਕੁੱਲ ਲੰਬਾਈ 3.20 ਕਿਲੋਮੀਟਰ ਬਣਦੀ ਹੈ, ਨੂੰ ਨਾਬਾਰਡ (ਨਾਬਾਰਡ ਇੰਨਫਰਾਸਟਰੱਕਚਰ ਡਿਵੈਲਪਮੈਂਟ ਅਸਿਸਟੈਂਟਸ) ਪਾਸੋਂ ਕਰਜ਼ਾ ਲੈ ਕੇ ਮੁਰੰਮਤ ਕਰਵਾਉਣ ਦੀ ਸਿਧਾਂਤਕ ਪ੍ਰਵਾਨਗੀ ਮਾਣਯੋਗ ਮੁੱਖ ਮੰਤਰੀ ਪੰਜਾਬ ਜੀ ਵੱਲੋਂ ਦਿੱਤੀ ਜਾ ਚੁੱਕੀ ਹੈ। ਨਾਬਾਰਡ ਪਾਸੋਂ ਕਰਜ਼ਾ ਪ੍ਰਾਪਤ ਹੋਣ ਤੇ ਇਸ ਸੜਕ ਦੀ ਮੁਰੰਮਤ ਕਰ ਦਿੱਤੀ ਜਾਵੇਗੀ, ਜਿਸ ਤੇ ਅੰਦਾਜ਼ਨ **57.17** ਲੱਖ ਰੁਪਏ ਖਰਚਾ ਹੋਵੇਗਾ।

**1030/Abhishek gautam/Jaspal Singh**

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਮਾਣਯੋਗ ਸਪੀਕਰ ਸਾਹਿਬ, ਜਿਹੜਾ ਮੰਤਰੀ ਜੀ ਨੇ ਜਵਾਬ ਦਿੱਤਾ ਹੈ, ਮੇਰੀ ਉਸ ਦੇ ਨਾਲ ਸੰਤੁਸ਼ਟੀ ਹੈ ਲੇਕਿਨ ਮੇਰਾ ਮੰਤਰੀ ਸਾਹਿਬ ਇਥੇ ਇੱਕ ਸੁਝਾਅ ਹੈ।

**ਮਾਣਯੋਗ ਸਪੀਕਰ:** ਸਵਾਲ ਕਰੋ ਜੀ।

**ਸਰਦਾਰ ਕੁਲਜੀਤ ਸਿੰਘ ਰੰਧਾਵਾ:** ਸਰ, ਇਹ ਸਵਾਲ ਦੇ ਨਾਲ ਹੀ ਜੁੜਿਆ ਹੋਇਆ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜੋਖਰਾ ਸਾਹਿਬ ਗੁਰਦੁਆਰਾ ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਨਾਂ ਉੱਤੇ ਬਣਿਆ ਹੋਇਆ ਹੈ। ਉਥੇ ਸੈਂਕੜਿਆਂ ਦੇ ਹਿਸਾਬ ਨਾਲ ਵਹੀਕਲ ਰੋਜ਼ ਨਿਕਲਦੇ ਹਨ। ਸਪੀਕਰ ਸਾਹਿਬ, ਜੇਕਰ ਨਾਬਾਰਡ ਪੈਸੇ ਨਹੀਂ ਦੇ ਰਿਹਾ ਤਾਂ ਮੈਂ ਤੁਹਾਡੇ ਜ਼ਰੀਏ ਚੀਮਾ ਸਾਹਿਬ ਤੇ ਸੀ.ਐਮ.ਸਾਹਿਬ ਨੂੰ ਅਪੀਲ ਕਰਾਂਗਾ ਕਿ ਸਵਾ ਤਿੰਨ ਕਿਲੋਮੀਟਰ ਦਾ ਏਰੀਆ ਰਿਪੇਅਰ ਕਰਨਾ ਕੋਈ ਵੱਡੀ ਗੱਲ ਨਹੀਂ ਹੈ। ਅੱਜ ਹਿਮਾਚਲ ਵਿਚੋਂ, ਪੰਜਾਬ ਵਿਚੋਂ, ਯੂ.ਪੀ. ਵਿਚੋਂ, ਭਾਵ ਸਾਰੇ ਕਿਧਰੇ ਤੋਂ ਉਥੇ ਸ਼ਰਧਾਲੂ ਆਉਂਦੇ ਹਨ ਪਰ ਉਥੇ ਹਾਲਾਤ ਕੀ ਹੈ ਕਿ ਉਥੇ ਦਸ ਫੁੱਟ ਦੀ ਚੌੜੀ ਸੜਕ ਹੈ। ਇਹ ਸਾਡੇ ਵੱਡੇ ਇਤਿਹਾਸਕ ਅਸਥਾਨ ਸਾਡੇ ਗੁਰੂ ਸਾਹਿਬਾਨ ਦੇ ਅਸਥਾਨ ਹਨ, ਉਥੇ ਦਸ ਫੁੱਟ ਦੀ ਸੜਕ ਉਪਰ ਏਨਾ ਟਰੈਫਿਕ ਹੈ ਕਿ ਉਥੇ ਰੋਜ਼ ਐਕਸੀਡੈਂਟ ਹੁੰਦੇ ਹਨ। ਸਪੀਕਰ ਸਾਹਿਬ, ਕਿਉਂ ਨਾ ਉਸ ਨੂੰ 18 ਫੁੱਟ ਚੌੜਾ ਕਰਕੇ ਇੱਕ ਪੰਜਾਬ ਦੇ ਲੋਕਾਂ ਵਾਸਤੇ ਗੁਰੂ ਸਾਹਿਬ ਨੂੰ ਯਾਦ ਕੀਤਾ ਜਾਵੇ । ਧੰਨਵਾਦ ਜੀ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਹਾਂ ਜੀ, ਬਾਜਵਾ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮਿਹਰਬਾਨੀ ਸਪੀਕਰ ਸਾਹਿਬ, ਸਰ, ਮੇਰਾ ਐਗਰੀਕਲਚਰ ਮੰਤਰੀ ਸਾਹਿਬ ਨੂੰ ਇੱਕ ਸੁਜੈਸ਼ਨ ਹੈ ਕਿ ਸਾਰੀਆਂ ਪੇਂਡੂ ਸੜਕਾਂ ਦਾ ਬਹੁਤ ਬੁਰਾ ਹਾਲ ਹੈ, ਹਰ ਅਸੰਬਲੀ ਹਲਕਿਆਂ ਵਿਚ ਇਨ੍ਹਾਂ ਸੜਕਾਂ ਦਾ ਬਹੁਤ ਮਾੜਾ ਹਾਲ ਹੈ ਕਿਉਂਕਿ ਰੂਰਲ ਡਿਵੈਲਪਮੈਂਟ ਫੰਡ ਨਹੀਂ ਆਇਆ। ਚੀਫ ਮਨਿਸਟਰ ਸਾਹਿਬ ਨੇ ਇੱਕ ਵਾਰੀ ਸਟੇਟਮੈਂਟ ਦਿੱਤੀ ਸੀ ਕਿ ਅਸੀਂ ਸੁਪਰੀਮ ਕੋਰਟ ਜਾ ਰਹੇ ਹਾਂ, ਮਿੰਟਾਂ ਦੇ ਵਿੱਚ ਹੀ ਇਹ ਪੈਸੇ ਵਾਪਸ ਸੁਪਰੀਮ

ਕੋਰਟ ਦੇ ਜ਼ਰੀਏ ਲੈ ਕੇ ਆਵਾਂਗੇ। ਅਜੇ ਤੱਕ ਆਏ ਨਹੀਂ ਹਨ, ਢਾਈ ਸਾਲ ਹੋ ਗਏ ਹਨ। ਮੇਰੀ ਗੁਜ਼ਾਰਿਸ਼ ਹੈ ਕਿ ਆਰ.ਡੀ.ਐਫ. ਮੇਰਾ ਖਿਆਲ ਹੈ ਕਿ ਉਥੋਂ ਮਿਲੇ ਕਿਉਂਕਿ ਜਿਸ ਫੋਰਮ ਦੇ ਉਤੇ ਜਾ ਕੇ ਅਸੀਂ ਆਰ.ਡੀ.ਐਫ. ਦੀ ਗੱਲ ਕਰਨੀ ਹੁੰਦੀ ਹੈ, ਨੀਤੀ ਆਯੋਗ ਦੀਆਂ ਮੀਟਿੰਗਜ਼ ਹਨ, ਉਥੇ ਕਦੇ ਚੀਫ ਮਨਿਸਟਰ ਸਾਹਿਬ ਗਏ ਨਹੀਂ। ਮੇਰੀ ਗੁਜਾਰਿਸ਼ ਇਹ ਹੈ ਕਿ ਜੇ ਉਥੋਂ ਪੈਸੇ ਨਹੀਂ ਮਿਲਦੇ ਤਾਂ ਕੋਈ ਆਲਟਰਨੇਟਿਵ ਕੱਢਿਆ ਜਾਵੇ, ਜਿਸ ਤਰ੍ਹਾਂ ਨਾਬਾਰਡ ਬੈਂਕ ਹੈ ਜਾਂ ਕੋਈ ਹੋਰ, ਉਥੇ ਕੋਈ ਗੌਰਮਿੰਟ ਦੀ ਇਸ ਤਰ੍ਹਾਂ ਕੋਈ ਪਰਪੋਜ਼ਲ ਹੈ? We cannot keep waiting for this and ਮਨਿਸਟਰ ਸਾਹਿਬ, ਪਰਪੋਜਲ ਬਾਰੇ ਦੱਸ ਦੇਣ।

**ਮਾਣਯੋਗ ਸਪੀਕਰ:** ਇਹ ਮਿਲ ਕੇ ਦੱਸ ਦੇਣਾ। ਵੱਖਰਾ ਸਵਾਲ ਬਣਦਾ ਹੈ ਜੀ। ਧੰਨਵਾਦ । ਧੰਨਵਾਦ । ਸਰਦਾਰ ਪਰਗਟ ਸਿੰਘ ਪੋਆਰ।

------------

**ਬੰਦ ਕੀਤੇ ਪੀ.ਐਚ.ਸੀ ਅਤੇ ਸਰਕਲ ਸਿਹਤ ਕੇਂਦਰ ਦੇ ਵੇਰਵੇ**

***1284. ਸਰਦਾਰ ਪਰਗਟ ਸਿੰਘ ਪੋਆਰ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਵਿੱਚ ਮਾਰਚ, 2022 ਤੋਂ ਹੁਣ ਤੱਕ ਦੇ ਸਮੇਂ ਦੌਰਾਨ ਬੰਦ ਕੀਤੇ ਗਏ ਪ੍ਰਾਇਮਰੀ ਸਿਹਤ ਕੇਂਦਰਾਂ (ਪੀ.ਐਚ.ਸੀ) ਅਤੇ ਸਰਕਲ ਸਿਹਤ ਕੇਂਦਰਾਂ ਦੀ ਗਿਣਤੀ ਕਿੰਨੀ ਹੈ ਅਤੇ ਇਨ੍ਹਾਂ ਨੂੰ ਬੰਦ ਕਰਨ ਦੇ ਕੀ ਕਾਰਨ ਹਨ।

**ਡਾਕਟਰ ਬਲਬੀਰ ਸਿੰਘ:** ਸ੍ਰੀਮਾਨ ਜੀ,

ਰਾਜ ਵਿੱਚ ਮਾਰਚ 2022 ਤੋਂ ਹੁਣ ਤੱਕ ਕੋਈ ਵੀ ਪ੍ਰਾਇਮਰੀ ਸਿਹਤ ਕੇਂਦਰ ਬੰਦ ਨਹੀਂ ਕੀਤਾ ਗਿਆ ਹੈ। ਰਾਜ ਵਿੱਚ ਕਿਸੇ ਵੀ ਸਿਹਤ ਸੰਸਥਾ ਨੂੰ 'ਸਰਕਲ ਹੈਲਥ ਸੈਂਟਰ' ਦੇ ਤੌਰ ਤੇ ਨਾਮਜ਼ਦ ਨਹੀ ਕੀਤਾ ਗਿਆ ਹੈ।

ਸਪੀਕਰ ਸਾਹਿਬ, ਜੇਕਰ ਮੈਂਬਰ ਸਾਹਿਬ ਸਪਲੀਮੈਂਟਰੀ ਪੁੱਛ ਲੈਣ ਤਾਂ ਵਧੀਆ ਹੈ।

**ਮਾਣਯੋਗ ਸਪੀਕਰ:** ਪੋਆਰ ਸਾਹਿਬ, ਤੁਹਾਡੇ ਕੋਲ ਜਵਾਬ ਆ ਗਿਆ ਹੈ? ਜਵਾਬ ਤਾਂ ਤੁਹਾਡੇ ਕੋਲ ਆ ਹੀ ਗਿਆ ਹੈ।

**ਮੰਤਰੀ:** ਸਰ, ਸਵਾਲ ਵੀ ਦੱਸ ਦਿੱਤਾ ਜਾਵੇ ਤਾਂ ਸਾਰਿਆਂ ਨੂੰ ਪਤਾ ਲੱਗ ਜਾਂਦਾ ਹੈ ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਤੁਸੀਂ ਪੜ੍ਹ ਦਿਉ ਕਿਉਂਕਿ ਮੰਤਰੀ ਸਾਹਿਬ ਨੇ ਕਹਿਣਾ ਹੈ ਕਿ ਤੁਸੀਂ ਟਾਈਮ ਜ਼ਿਆਦਾ ਲਗਾ ਦਿੱਤਾ ਹੈ।

**ਮੰਤਰੀ:** ਸਰ, ਮਾਣਯੋਗ ਮੈਂਬਰ ਸਾਹਿਬ ਦਾ ਕੁਐਸਚਨ ਸੀ ਕਿ ਸਾਲ 2022 ਤੋਂ ਹੁਣ ਤੱਕ ਕਿੰਨੇ ਪ੍ਰਾਇਮਰੀ ਹੈਲਥ ਸੈਂਟਰ ਬੰਦ ਕੀਤੇ ਅਤੇ ਸਰਕਲ ਸਿਹਤ ਕੇਂਦਰਾਂ ਦੇ ਵੇਰਵੇ ਮੰਗੇ ਹਨ, ਇਨ੍ਹਾਂ ਨੂੰ ਬੰਦ ਕਰਨ ਦੇ ਕਾਰਨ ਪੁੱਛੇ ਗਏ ਹਨ। (ਵਿਘਨ) ਇਨ੍ਹਾਂ ਨੇ ਪ੍ਰਾਇਮਰੀ ਹੈਲਥ ਸੈਂਟਰ ਤਾਂ ਸਹੀ ਲਿਖਿਆ ਹੈ, ਲੇਕਿਨ ਸਰਕਲ ਸਿਹਤ ਕੇਂਦਰ ਹੁੰਦੇ ਨਹੀਂ ਹਨ। As he is not a doctor and I think he means to say Community Health Centers. ਸਪੀਕਰ ਸਾਹਿਬ, ਮਾਣਯੋਗ ਮੈਂਬਰ ਸਾਹਿਬ ਸਾਡੇ ਬਹੁਤ ਸਤਿਕਾਰਯੋਗ ਮੈਂਬਰ ਹਨ, I have a very high regard for him personally and also he is a very respected person and ਸਰ, ਸਿਹਤ ਕੇਂਦਰ, ਸਿੱਖਿਆ ਕੇਂਦਰ ਕਹਿਣ ਵਾਲੀਆਂ ਸਰਕਾਰਾਂ ਚਲੀਆਂ ਗਈਆ ਹਨ, ਹੁਣ ਤਾਂ ਬਣਾਉਣ ਵਾਲੀ ਸਰਕਾਰ ਆਈ ਹੈ ਜੀ। ਅਸੀਂ ਇੱਕ ਵੀ ਪ੍ਰਾਇਮਰੀ ਹੈਲਥ ਸੈਂਟਰ ਬੰਦ ਨਹੀਂ ਕੀਤਾ। ਅਸੀਂ ਬਹੁਤ ਸਾਰੇ ਨਵੇਂ ਸੈਂਟਰ ਖੋਲ੍ਹੇ ਹਨ, ਉਨ੍ਹਾਂ ਦੀ ਮੇਰੇ ਕੋਲ ਬਹੁਤ ਲੰਬੀ ਲਿਸਟ ਹੈ। 521 ਪ੍ਰਾਇਮਰੀ ਹੈਲਥ ਸੈਂਟਰ ਹਨ, ਉਨ੍ਹਾਂ ਵਿੱਚੋਂ 400 ਦੇ ਕਰੀਬ ਨੂੰ ਅਪਗਰੇਡ ਕੀਤਾ ਹੈ, ਉਨ੍ਹਾਂ ਨੂੰ ਅੱਪਗਰੇਡ ਕਰਨ ਦਾ ਕਾਰਨ ਇਹ ਸੀ ਕਿ ਉਥੇ ਨਾ ਤਾਂ ਬਿਲਡਿੰਗ ਸੀ ਜਾਂ ਬਿਲਡਿੰਗ ਅਣਸੇਫ ਸੀ ਜਾਂ ਫਿਰ ਬਿਲਡਿੰਗ ਬਿਲਕੁਲ ਢਹੀ ਹੋਈ ਸੀ। ਉਥੇ ਅਸੀਂ ਸ਼ੁਰੂ ਕੀਤਾ ਹੈ ਕਿ ਲੋਕਾਂ ਨੂੰ ਇਮੀਜੀਏਟਲੀ ਰਿਲੀਫ ਦੇਣ ਲਈ ਆਮ ਆਦਮੀ ਕਲੀਨਿਕ ਉਸ ਵਿਚ ਐਡ ਕੀਤੇ ਹਨ। ਇਸ ਦੇ ਨਾਲ ਪਹਿਲੀ ਵਾਰੀ ਹੋਇਆ ਹੈ ਕਿ ਪ੍ਰਾਇਮਰੀ ਹੈਲਥ ਕੇਅਰ ਵਿਚ ਟੈਸਟ ਹੋਣ ਲੱਗੇ ਹਨ, ਟੈਸਟਿੰਗ ਦੀ ਫੈਸਿਲਿਟੀ ਪਹਿਲੀ ਵਾਰੀ ਦਿੱਤੀ ਗਈ, we have assured presence of medical staff and doctors, ਉਸ ਦੇ ਵਿਚ ਕਲੀਨੀਕਲ ਅਸਿਸਟੈਂਟ, ਫਾਰਮਾਸਿਸਟ ਤੇ ਉਨ੍ਹਾਂ ਵਾਸਤੇ ਇੱਕ ਸਫਾਈ ਸੇਵਕ ਦਿੱਤਾ ਹੈ। ਅਸੀਂ 80 ਦਵਾਈਆਂ 38 ਟੈਸਟ ਵੀ assure ਕੀਤੇ ਹਨ and these are available across the length and breadth of Punjab. ਇਸ ਦੇ ਨਾਲ ਅਸੀਂ ਇੱਕ ਤਾਂ ਵੀ.ਆਈ.ਪੀ. ਕਲਚਰ ਖਤਮ ਕੀਤਾ ਹੈ ਕਿ ਕਿਸੇ ਡਿਸਪੈਂਸਰੀ ਵਿਚ ਤਾਂ ਪੰਜ ਪੰਜ employees ਹਨ, ਕਿਤੇ ਇੱਕ ਵੀ ਨਹੀਂ ਹੈ। ਹੁਣ ਮੈਂ ਤਾਂ ਨਰੋਟ ਜੈਮਲ ਸਿੰਘ ਬਾਰੇ ਵੀ ਸੋਚਣਾ ਹੈ। ਸਾਡੇ ਮੁੱਖ ਮੰਤਰੀ ਸਾਹਿਬ ਕਹਿੰਦੇ ਹਨ ਕਿ ਜਿਥੇ ਪਾਣੀ ਨਹੀਂ ਪਹੁੰਚਿਆ, ਉਥੇ ਪਾਣੀ ਪਹੁੰਚਾਉਣਾ ਤੇ ਜਿਥੇ ਅੱਜ ਤੱਕ ਦਵਾਈ ਨਹੀਂ ਪਹੁੰਚੀ, ਚਾਹੇ ਕਸੇਲ ਹੋਵੇ, ਚਾਹੇ ਕਲਾਨੌਰ ਹੋਵੇ, ਚਾਹੇ ਤੁਹਾਡੇ ਬਾਰਡਰ ਦਾ ਕੋਈ ਪਿੰਡ ਹੋਵੇ, ਅਸੀਂ ਇਕੱਲੇ ਇਕੱਲੇ ਤੱਕ ਦਵਾਈ ਪਹੁੰਚਾਉਣੀ ਹੈ। ਸਰ, ਅਸੀਂ ਕੋਈ ਵੀ ਸੈਂਟਰ ਬੰਦ ਨਹੀਂ ਕੀਤਾ। ਸਰ, ਮੈਂ for the benefit of the House ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਪਿਛਲੀਆਂ ਤਿੰਨ ਸਰਕਾਰਾਂ ਦੇ ਪਿਛਲੇ 15 ਸਾਲ ਤੋਂ ਜਿਹੜੇ 34 ਹਸਪਤਾਲ ਬੰਦ ਪਏ ਸੀ, ਕਿਸੇ ਦੇ ਵਿਚ ਲਿਫਟ ਨਹੀਂ ਕੰਮ ਕਰਦੀ ਸੀ, ਕਿਸੇ ਦੀ ਬਿਲਡਿੰਗ ਅਣਸੇਫ ਸੀ, ਜਿਸ ਵਿਚ ਮੰਡੀ ਗੋਬਿੰਦਗੜ੍ਹ ਦਾ ਹਸਪਤਾਲ ਸ਼ਾਮਲ ਹੈ, ਸ਼ੁਤਰਾਣਾ ਦਾ ਬਾਦਸ਼ਾਹਪੁਰ ਦਾ ਹਸਪਤਾਲ ਵੀ ਸ਼ਾਮਲ ਹੈ। ਹੋਰ ਵੀ ਬਹੁਤ ਸਾਰੇ ਹਸਪਤਾਲ ਸੀ। ਇਹ ਦੇਖੋ ਕਿ ਭਾਵੇਂ ਸਾਡੇ ਫੰਡ ਬੰਦ ਕੀਤੇ ਹਨ, ਮਾਨ ਸਾਹਿਬ ਨੇ ਸਾਨੂੰ 125 ਕਰੋੜ ਰੁਪਿਆ ਨਾਬਾਰਡ ਵਿਚੋਂ ਦਿੱਤਾ ਹੈ, ਚੀਮਾ ਸਾਹਿਬ ਇਥੇ ਬੈਠੇ ਹਨ। ਜਿਹੜੇ 34 ਹਸਪਤਾਲ unsafe ਸੀ, ਉਨ੍ਹਾਂ ਨੂੰ ਅਸੀਂ ਅਪਗਰੇਡ ਕਰ ਰਹੇ ਹਾਂ, ਜਿਹੜੇ ਢਹਿਣ ਵਾਲੇ ਹਨ, ਉਨ੍ਹਾਂ ਨੂੰ ਉਥੇ ਨਵੇਂ ਬਣਾ ਰਹੇ ਹਾਂ, ਜਿੱਥੇ ਕਿਸੇ ਵਿਚ ਲਿਫਟ ਨਹੀਂ ਹੈ, ਉਥੇ ਲਿਫਟ ਦੇ ਰਹੇ ਹਾਂ। ਜਿਥੇ ਜਿਹੜੀ ਵੀ ਸਹੂਲਤ ਨਹੀਂ ਹੈ, ਉਥੇ ਸਾਰੀਆਂ ਸਹੂਲਤਾਂ ਦੇ ਰਹੇ ਹਾਂ।

**1030/Abhishek gautam/Jaspal Singh**

**1035/Beant kaur**

125 ਹਸਪਤਾਲਾਂ ਤੇ 125 ਕਰੋੜ ਰੁਪਿਆ ਖਰਚਿਆ ਗਿਆ ਹੈ। ਮੈਂ ਮਾਣਯੋਗ ਮੈਂਬਰ ਸਾਹਿਬ ਨੂੰ ਇਸ ਦੀ ਲਿਸਟ ਪ੍ਰੋਵਾਈਡ ਕਰਵਾ ਦਿਆਂਗਾ। ਇਸ ਤੋਂ ਇਲਾਵਾ 37 ਮੈਟਰਨਿਟੀ ਐਂਡ ਚਾਈਲਡ ਹੈਲਥ ਸੈਂਟਰ, ਜਿਹੜੇ ਕਿ ਸਭ ਤੋਂ ਇੰਪਾਰਟੈਂਟ ਹਨ, ਇਹ ਆਪਰੇਸ਼ਨਲ ਹੋ ਚੁੱਕੇ ਹਨ। ਅਸੀਂ ਸਟਾਫ ਦੀ ਸ਼ਾਰਟੇਜ਼ ਨੂੰ ਓਵਰਕਮ ਕਰਨ ਲਈ multipronged strategy ਲੈ ਕੇ ਆਏ ਹਾਂ। ਸਰ, 22 ਜ਼ਿਲ੍ਹਿਆਂ ਵਿੱਚ ਕ੍ਰਿਟੀਕਲ ਕੇਅਰ ਸੈਂਟਰ ਬਣ ਰਹੇ ਹਨ, ਉਸ ਦਾ ਕੋਰਸ ਸ਼ੁਰੂ ਕਰ ਰਹੇ ਹਾਂ। ਜਿਵੇਂ ਕਰੋਨਾ ਆਇਆ ਸੀ, ਜੇਕਰ ਅਸੀਂ ਕ੍ਰਿਟੀਕਲ ਕੇਅਰ ਸੈਂਟਰ ਬਣਾਉਂਦੇ ਹਾਂ ਤਾਂ ਉਸ ਵਾਸਤੇ ਇਕ ਸਪੈਸ਼ੇਲਿਸਟ ਵੀ ਚਾਹੀਦਾ ਹੈ। ਉਨ੍ਹਾਂ ਨੂੰ ਟ੍ਰੇਨਿੰਗ ਦੇ ਰਹੇ ਹਾਂ। ਇੰਟਗ੍ਰੇਟਿਡ ਪਬਲਿਕ ਹੈਲਥ ਲੈਬਜ਼ ਬਣਾ ਰਹੇ ਹਾਂ। ਅਸੀਂ ਮੈਸਿਵ ਸਕੇਲ ਤੇ ਟ੍ਰਾਮਾ ਸੈਂਟਰ ਬਣਾ ਰਹੇ ਹਾਂ। ਇੰਟੈਗ੍ਰੇਟਿਡ ਕੇਅਰ ਹਾਸਪੀਟਲ ਬਣਾ ਰਹੇ ਹਾਂ। ਮੇਰੇ ਕੋਲ ਇਸ ਸਭ ਦੀ ਲਿਸਟ ਹੈ, I can give the list. ਇਸ ਵਿੱਚ ਤੁਹਾਨੂੰ ਡਾਟਾ ਮਿਲ ਜਾਵੇਗਾ ਕਿ ਕਿੰਨੇ ਪਰਸੈਂਟ ਕੰਮ ਹੋ ਗਿਆ ਹੈ। ਜੇਕਰ 25% ਲਿਖਿਆ ਹੈ ਤਾਂ 25% ਹੀ ਕੰਮ ਹੋਇਆ ਹੋਵੇਗਾ। ਮੈਂ ਮੰਥਲੀ ਹਰੇਕ ਕੰਮ ਦਾ ਰਿਵਿਊ ਕਰਦਾ ਹਾਂ। ਸਰ, ਕੋਈ ਵੀ ਸੈਂਟਰ ਬੰਦ ਨਹੀਂ ਕੀਤਾ ਗਿਆ ਹੈ। ਮੈਨੂੰ ਖੁਸ਼ੀ ਹੈ ਕਿ ਤੁਸੀਂ ਇਹ ਸਵਾਲ ਪੁੱਛਿਆ ਹੈ। ਇਸ ਦਾ ਕੂੜ ਪ੍ਰਚਾਰ ਬਹੁਤ ਹੋਇਆ ਸੀ, ਉਸ ਦਾ ਕਾਰਨ ਇਹ ਸੀ ਕਿ ਜਦੋਂ ਅਸੀਂ ਇਸ ਨੂੰ ਐਕਸਪੈਂਡ ਕਰ ਰਹੇ ਸੀ, ਮਾਨ ਸਾਹਿਬ ਨੇ ਕਿਹਾ ਸੀ ਕਿ ਅਸੀਂ ਦਵਾਈਆਂ ਸਾਰਿਆਂ ਨੂੰ ਪਹੁੰਚਾਈਆਂ ਹਨ ਅਤੇ ਇਸ ਦੀ ਜੀ.ਪੀ.ਐਸ ਨਾਲ ਮੈਪਿੰਗ ਕਰਨੀ ਹੈ। ਕੋਈ ਵਿਤਕਰਾ ਨਹੀਂ ਹੈ, ਕੋਈ ਬੰਦਾ ਅਜਿਹਾ ਨਹੀਂ ਕਹਿ ਸਕਦਾ। ਜਿਹੜੇ ਇੱਥੇ ਬੋਲਦੇ ਹਨ, ਉਨ੍ਹਾਂ ਦੇ ਏਰੀਏ ਵਿੱਚ ਇਹ ਸੈਂਟਰ 8-8 ਜਾਂ 9-9 ਖੁੱਲ੍ਹੇ ਹਨ। ਜਦੋਂ ਕਿ ਸਾਡੇ ਬਹੁਤ ਸਾਰੇ ਮੈਂਬਰਾਂ ਦੇ 2-3 ਖੁੱਲ੍ਹੇ ਹਨ ਕਿਉਂਕਿ ਉਥੇ ਪਹਿਲਾਂ ਨਹੀਂ ਸੀ। ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਦੀ ਨਵੀਂ ਸੋਚ ਹੈ। ਅਸੀਂ ਨਵੇਂ ਹੋਰ ਬਣਾਉਣ ਵਾਲੇ ਹਾਂ ਅਤੇ ਅਸੀਂ ਇੱਕ ਵੀ ਸੈਂਟਰ ਬੰਦ ਨਹੀਂ ਕੀਤਾ ਹੈ।

**Mr. Speaker** : Thank you. Sardar Pargat Singh ji.

**ਸਰਦਾਰ ਪਰਗਟ ਸਿੰਘ ਪੋਆਰ** : ਸਰ, ਸਪਲੀਮੈਂਟਰੀ। ਬਹੁਤ ਚੰਗੀ ਗੱਲ ਹੈ ਅਤੇ ਕਿਸੇ ਪ੍ਰੋਫੈਸ਼ਨਲ ਦਾ ਕਿਸੇ ਡਿਪਾਰਟਮੈਂਟ ਦਾ ਹੈੱਡ ਹੋਣਾ, ਮਨਿਸਟਰ ਹੋਣਾ ਬਹੁਤ ਚੰਗੀ ਗੱਲ ਹੈ। ਮੈਂ ਮੰਤਰੀ ਸਾਹਿਬ ਨੂੰ ਸਿਰਫ ਇੰਨਾ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਮੁਹੱਲਾ ਕਲੀਨਿਕ ਹਨ, ਉਨ੍ਹਾਂ ਵਿੱਚ ਸਟਾਫ ਕਿੱਥੋਂ ਆਇਆ ਅਤੇ ਮੇਰਾ ਖਿਆਲ ਹੈ ਕਿ ਜਿੰਨੀ ਕੁ ਮੈਨੂੰ ਸਮਝ ਹੈ, ਗੌਰਮਿੰਟ ਆਫ ਇੰਡੀਆ ਨੇ ਐਨ.ਐਚ.ਐਮ. ਦਾ 1750 ਕਰੋੜ ਰੁਪਿਆ ਰਿਲੀਜ਼ ਨਹੀਂ ਕੀਤਾ, ਉਸ ਪਿੱਛੇ ਕੀ ਕਾਰਨ ਹੈ? ਮੁਹੱਲਾ ਕਲੀਨਿਕਾਂ ਦਾ ਅਪਣਾ ਕੋਈ ਸਟਾਫ ਨਹੀਂ ਹੈ। ਉਨ੍ਹਾਂ ਵਾਸਤੇ ਸਟਾਫ ਟ੍ਰਾਂਸਫਰ ਹੋਇਆ ਹੈ। ਮੰਤਰੀ ਸਾਹਿਬ, ਮੈਂ ਤੁਹਾਡੀ ਜਾਣਕਾਰੀ ਲਈ ਦੱਸ ਦਿੰਦਾ ਹਾਂ ਕਿ ਐਨ.ਆਰ.ਆਈਜ਼. ਸੀ.ਐਚ.ਸੀ ਚਲਾਉਂਦੇ ਸੀ ਲੇਕਿਨ ਤੁਸੀਂ ਉਸ ਪਿੰਡ ਵਿਚੋਂ ਸਟਾਫ ਬਦਲ ਦਿੱਤਾ। ਜਿਸ ਕਾਰਨ ਉਹ ਸੀ.ਐਚ.ਸੀ ਬੰਦ ਹੋ ਗਈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਰਾਜਿੰਦਰਾ ਹਸਪਤਾਲ ਵਿੱਚ ਵੀ ਕਈ ਵਾਰੀ ਮੋਬਾਇਲ ਦੀ ਲਾਈਟ ਨਾਲ ਆਪਰੇਸ਼ਨ ਹੁੰਦੇ ਹਨ। ਆਪਣੀ ਹਾਲੇ ਸਥਿਤੀ ਉਵੇਂ ਦੀ ਨਹੀਂ ਹੋਈ ਹੈ। ਤੁਸੀਂ ਚੰਗਾ ਕੰਮ ਕਰ ਰਹੇ ਹੋ, ਮੈਂ ਇਸ ਤੇ ਕੋਈ ਕਿੰਤੂ-ਪ੍ਰੰਤੂ ਨਹੀਂ ਕਰਦਾ ਪਰ ਜਿਹੜੇ ਉਹ ਕੰਮ ਹੋਏ ਹਨ, ਉਨ੍ਹਾਂ ਬਾਰੇ ਵੀ ਤੁਸੀਂ ਮਾੜਾ ਜਿਹਾ ਦੱਸ ਦਿਓ।

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਦੋ ਗੱਲਾਂ ਕਹੀਆਂ ਹਨ। ਪਹਿਲਾਂ ਮੈਂ ਰਾਜਿੰਦਰਾ ਹਸਪਤਾਲ ਦੀ ਗੱਲ ਕਰਦਾ ਹਾਂ। ਜਿਹੜੀ ਉਸ ਦੀ 24x7 ਸਪਲਾਈ ਸੀ, ਉਹ ਇੱਕ ਰਾਤ ਵਾਸਤੇ ਡਿਸਰੱਪਟ ਹੋਈ ਸੀ। ਸਾਡਾ ਸਾਰਾ ਸਟਾਫ,

ਅਸੀਂ ਉਥੇ ਹੀ ਸੀ। ਚੇਅਰਮੈਨ ਸਾਹਿਬ ਸ਼ਾਇਦ ਅੱਜ ਆਡੀਐਂਸ ਵਿੱਚ ਹਾਜ਼ਰ ਹਨ, it's a coincidence. ਚੇਅਰਮੈਨ ਸਾਹਿਬ ਉਥੇ ਹਾਜਰ ਸਨ, ਮੈਂ ਉਥੇ ਸੀ, ਮੇਰਾ ਸਾਰਾ ਸਟਾਫ ਉਥੇ ਸੀ, ਮੁੱਖ ਮੰਤਰੀ ਸਾਹਿਬ ਦੀਆਂ ਡਾਇਰੈਕਸ਼ਨਜ਼ ਸਨ, ਅਸੀਂ within 24 hours, ਸੈਕਿੰਡ ਲਾਈਨ ਉਥੇ ਇਨਸਟਾਲ ਕਰ ਦਿੱਤੀ ਸੀ। ਤੀਜੀ ਲਾਈਨ ਦੇ ਅਸੀਂ ਪੈਸੇ ਜਮ੍ਹਾਂ ਕਰਾ ਦਿੱਤੇ ਹਨ। ਅਸੀਂ ਰਜਿੰਦਰਾ ਹਸਪਤਾਲ ਵਾਸਤੇ ਤਿੰਨ ਲਾਈਨਾਂ ਕੀਤੀਆਂ ਹਨ। We made it 24x7. ਉਸ ਤੋਂ ਬਾਅਦ ਵੀ ਲਾਈਟ ਗਈ ਹੈ। ਇਸ ਵਾਰ 12 ਘੰਟੇ ਦੀ ਡਿਸਰੱਪਸ਼ਨ ਹੋਈ ਹੈ ਅਤੇ ਸਾਡੇ ਜਨਰੇਟਰ ਲਗਾਤਾਰ ਚੱਲੇ ਹਨ। ਸਰ, ਜਿਹੜੇ ਟੈਕਨੀਕਲ ਗਲਿੱਚ ਹੈ, ਇਹ ਮਾਈਕ੍ਰੋਸਾਫਟ ਵਿੱਚ ਗਲੋਬਲ ਲੈਵਲ ਤੇ ਵੀ ਆ ਗਿਆ ਸੀ। ਸਾਰੇ ਹਾਸਪੀਟਲ, ਸਾਰੀਆਂ ਏਅਰਲਾਈਨਜ਼, ਸਾਰੀਆਂ ਰੇਲਵੇਜ਼, ਸਾਰੇ ਬੈਂਕਜ਼ ਪੈਰਾਲਾਈਜ਼ਡ ਹੋ ਗਏ ਸਨ। I am really sorry for this but I appreciate my doctors, ਉਨ੍ਹਾਂ ਨੇ ਪੇਸ਼ੈਂਟ ਦਾ ਨੁਕਸਾਨ ਨਹੀਂ ਹੋਣ ਦਿੱਤਾ। They managed with whatever they had at their disposal and ਮੋਬਾਇਲ ਲਾਈਟ ਵਿੱਚ ਉਸ ਪੇਸ਼ੈਂਟ ਦਾ ਸੀਜੇਰੀਅਨ ਹੋਇਆ ਹੈ। ਉਸ ਦਾ ਬੱਚਾ ਵੀ ਠੀਕ ਹੈ ਅਤੇ ਉਹ ਮਾਂ ਵੀ ਠੀਕ ਹੈ। (ਥੰਪਿੰਗ) ਸਰ, ਤੁਹਾਨੂੰ ਯਾਦ ਹੋਵੇਗਾ ਕਿ ਪੀ.ਜੀ.ਆਈ. ਵਿੱਚ ਫਾਇਰ ਐਕਸੀਡੈਂਟ ਹੋਇਆ ਸੀ, ਉਨ੍ਹਾਂ ਨੇ ਕ੍ਰੇਨਾਂ ਲਿਆ ਕੇ ਬੜੀ ਮੁਸ਼ਕਿਲ ਨਾਲ ਪੇਸ਼ੈਂਟਸ ਨੂੰ ਬਾਹਰ ਕੱਢਿਆ ਸੀ। ਜਿੰਨੇ ਸਾਡੇ ਪੰਜਾਬ ਦੇ ਸੀ.ਐਚ.ਸੀ ਹਨ, ਸਾਰਿਆਂ ਵਿੱਚ ਫਾਇਰ ਸੇਫਟੀ ਦਾ ਆਡਿਟ ਕਰਕੇ ਉਨ੍ਹਾਂ ਨੂੰ ਅਪਗ੍ਰੇਡ ਕਰ ਰਹੇ ਹਾਂ। ਰਾਜਿੰਦਰਾ ਹਸਪਤਾਲ ਵਿੱਚ ਇੱਕ ਇੰਸੀਡੈਂਟ ਹੋਇਆ ਸੀ, ਮੈਂ ਅਕ੍ਰੋਸ ਪੰਜਾਬ ਦੇ ਹਸਪਤਾਲਾਂ ਨੂੰ ਕਿਹਾ ਹੈ ਕਿ ਆਪਣੇ ਜਨਰੇਟਰ ਚੈੱਕ ਕਰੋ, ਬਿਜਲੀ ਦੀਆਂ ਲਾਈਨਾਂ wherever possible ਚੈੱਕ ਕਰਨ। ਸਰ, ਸਾਡੇ ਕੋਲ ਕਈ constraints ਹਨ।

ਦੂਜੀ ਗੱਲ ਇਨ੍ਹਾਂ ਨੇ ਮੁਹੱਲਾ ਕਲੀਨਿਕਾਂ ਦੀ ਕੀਤੀ ਹੈ। ਮੁਹੱਲਾ ਕਲੀਨਿਕ ਦਿੱਲੀ ਦਾ ਮਾਡਲ ਸੀ, ਜਿਸ ਨੂੰ ਅਸੀਂ ਪੰਜਾਬ ਵਿੱਚ ਅਡਾਪਟ ਕੀਤਾ ਹੈ। ਸਪੀਕਰ ਸਾਹਿਬ, ਮੈਨੂੰ 1-2 ਮਿੰਟ ਬੋਲਣ ਲਈ ਦੇ ਦਿਓ। ਸਰ, ਹੈਲਥ ਕੇਅਰ ਤਿੰਨ ਲੈਵਲ ਤੇ ਦਿੱਤੀ ਜਾਂਦੀ ਹੈ, 1. ਪ੍ਰਾਇਮਰੀ ਕੇਅਰ 2. ਸੈਕੰਡਰੀ ਕੇਅਰ 3. ਟਰਸ਼ਰੀ ਕੇਅਰ। ਮੈਂ ਤਿੰਨਾਂ ਬਾਰੇ ਬ੍ਰੀਫਲੀ ਦੱਸਾਂਗਾ। ਮੁਹੱਲਾ ਕਲੀਨਿਕ ਬੇਸਿਕ ਕੜੀ ਹੈ, ਜਿਸ ਨੂੰ ਅਸੀਂ ਮੁੱਢਲਾ ਸਿਹਤ ਕੇਂਦਰ ਜਾਂ ਪ੍ਰਾਇਮਰੀ ਹੈਲਥ ਕੇਅਰ ਕਹਿੰਦੇ ਹਾਂ। ਉਸ ਵਿੱਚ ਲੋਕਾਂ ਨੂੰ ਖਾਂਸੀ, ਜ਼ੁਕਾਮ, ਬੁਖਾਰ, ਗੁਰਦੇ ਅਤੇ ਬਲੱਡ ਪ੍ਰੈਸ਼ਰ, ਸ਼ੂਗਰ ਦਾ ਇਲਾਜ ਹੁੰਦਾ ਹੈ। ਪੰਜਾਬ ਵਿੱਚ ਇਹ ਐਪੀਡੈਮਿਕ ਹੈ। ਜਿਸ ਨੂੰ ਅਸੀਂ CKD ਕਹਿੰਦੇ ਹਾਂ। ਲੋਕਾਂ ਦੇ ਗੁਰਦੇ ਫੇਲ੍ਹ ਹੋ ਗਏ, ਜਿਸ ਕਾਰਨ ਡਾਇਲਸਿਸ ਸੈਂਟਰ ਬਣੇ ਹੋਏ ਹਨ। ਮੈਂ ਸਾਰੇ ਸੈਂਟਰਾਂ ਵਿੱਚ ਗਿਆ ਹਾਂ। ਇਸ ਦਾ ਕਾਰਨ ਕੀ ਹੈ? ਬਲੱਡ ਪ੍ਰੈਸ਼ਰ ਦੀ ਦਵਾਈ ਨਹੀਂ ਲਈ, ਸ਼ੂਗਰ ਦੀ ਦਵਾਈ ਨਹੀਂ ਲੈ ਸਕਿਆ। ਬੰਦੇ ਨੂੰ ਪਤਾ ਹੀ ਨਹੀਂ ਸੀ ਜਾਂ ਦਵਾਈ ਪਿੰਡ ਵਿੱਚ ਮਿਲਦੀ ਨਹੀਂ ਸੀ, ਸ਼ਹਿਰ ਜਾਂਦਾ ਨਹੀਂ ਸੀ।

**KK /BS 10.40**

ਜੇ ਸ਼ਹਿਰ ਜਾਂਦਾ ਤਾਂ ਦਵਾਈ ਲੈ ਲੈਂਦਾ, ਜੇ ਨਹੀਂ ਜਾ ਸਕੇ ਤਾਂ ਦਵਾਈ ਨਹੀਂ ਲਈ ਗਈ। ਇਹ ਵੀ ਇੱਕ ਕਾਰਨ ਸੀ ਕਿ ਫਸਲ ਵੱਢੀ ਹੋਈ ਸੀ, ਉਦੋਂ ਨਹੀਂ ਜਾ ਸਕੇ। ਸਰ, ਇਸ ਕਰਕੇ ਸਾਡੇ ਇਹ ਇੱਕ ਰੈਵੋਲਿਊਸ਼ਨਰੀ ਸਟੈੱਪ ਸੀ। ਅਸੀਂ 842 ਆਮ ਆਦਮੀ ਕਲੀਨਿਕ ਸੈਂਟਰ ਖੋਲ੍ਹੇ ਹਨ, ਉਥੇ ਅਜੇ ਤੱਕ 2 ਕਰੋੜ ਲੋਕਾਂ ਨੇ ਇਲਾਜ ਕਰਵਾਇਆ ਹੈ।

(ਥੰਪਿੰਗ) Sir, this was a game changer. ਸੈਂਟਰ ਸਰਕਾਰ ਨੇ ਇਸ ਤਹਿਤ ਸਾਡਾ ਫੰਡ ਬੰਦ ਕਰ ਦਿੱਤਾ ਜੀ, ਕਿਉਂਕਿ ਉਨ੍ਹਾਂ ਨੂੰ ਆਮ ਆਦਮੀ ਕਲੀਨਿਕ ਨਾਲ ਐਲਰਜੀ ਹੈ ਜੀ। ਹੁਣ ਉਨ੍ਹਾਂ ਨੇ ਆਪਣਾ ਇੱਕ ਨਾਮ ਦਿੱਤਾ ਹੈ, ਚਲੋ, ਮੈਂ ਉਸ ਗੱਲ ਵਿੱਚ ਨਹੀਂ ਪੈਂਦਾ ਜੀ। I keep it away from political point. ਕੱਲ੍ਹ ਨੂੰ ਸਾਡੀ ਸੈਂਟਰ ਦੇ ਮਨਿਸਟਰ ਨਾਲ ਮੀਟਿੰਗ ਹੋਣੀ ਹੈ, ਮੈਂ ਆਪਣੇ ਸਟਾਫ ਦੇ ਨਾਲ ਜਾ ਰਿਹਾ ਹਾਂ। ਅਸੀਂ ਉਨ੍ਹਾਂ ਨੂੰ ਕਹਿੰਦੇ ਹਾਂ ਕਿ ਸਿਹਤ ਸਹੂਲਤਾਂ ਦੇਣ ਸਬੰਧੀ ਸੈਂਟਰ ਅਤੇ ਸਟੇਟ ਦੋਵੇਂ ਸਰਕਾਰਾਂ ਦੀ ਰਿਸਪਾਂਸੀਬਿਲਟੀ ਹੈ। Health is predominantly a State subject. ਪਰ ਉਹ ਕਹਿੰਦੇ ਹਨ ਕਿ ਸਾਰੀ ਬਰੈਂਡਿੰਗ ਸੈਂਟਰ ਦੀ ਕਰੋ। ਅਸੀਂ ਉਨ੍ਹਾਂ ਨੂੰ ਕਹਿੰਦੇ ਹਾਂ ਕਿ ਕੋ-ਬਰੈਂਡਿੰਗ ਕਰੋ। ਸਰ, ਮੈਂ ਚਾਹੁੰਦਾ ਹਾਂ ਕਿ ਜੇ ਸਾਰੇ ਸਹਿਮਤ ਹਨ ਤਾਂ ਕੀ ਇਸ ਸਬੰਧ ਵਿੱਚ ਕੋ-ਬਰੈਂਡਿੰਗ ਹੋਣੀ ਚਾਹੀਦੀ ਹੈ ਜੀ? House should say that co-branding ਹੋਣੀ ਚਾਹੀਦੀ ਹੈ। ਕਿਉਂਕਿ ਸਟੇਟਸ ਦਾ ਵੀ ਇਸ ਤੇ ਹੱਕ ਹੈ ਜੀ। ਉਨ੍ਹਾਂ ਦੀ ਵੀ ਬਰੈਂਡਿੰਗ ਹੋਵੇ ਅਤੇ ਸਾਡੀ ਬਰੈਂਡਿੰਗ ਵੀ ਨਾਲ ਹੋਵੇ, ਦੋਵਾਂ ਦੀ ਕੋ-ਬਰੈਂਡਿੰਗ ਹੋਣੀ ਚਾਹੀਦੀ ਹੈ ਜੀ। ਸਪੀਕਰ ਸਾਹਿਬ, ਦੱਸੋ ਜੀ, ਜੇ ਮੈਂ ਕੁਝ ਗਲਤ ਕਹਿ ਰਿਹਾ ਹਾਂ ਤਾਂ ਮੈਨੂੰ ਦੱਸ ਦਿਉ। ਗੱਲ ਸਿਰਫ ਇੰਨੀ ਕੁ ਹੈ ਜੀ ਕਿ ਅਸੀਂ ਕੋ-ਬਰੈਂਡਿੰਗ ਕਹਿ ਰਹੇ ਹਾਂ ਪਰ ਉਹ ਕਹਿੰਦੇ ਹਨ ਕਿ ਸਾਡੇ ਵਾਲੀ ਬਰੈਂਡਿੰਗ ਕਰੋ। ਅਸੀਂ ਉਨ੍ਹਾਂ ਨੂੰ ਇਸ ਬਾਰੇ ਨਾਂਹ ਕਰ ਦਿੱਤੀ। ਸਗੋਂ ਮੈਂ ਕਹਾਂਗਾ ਕਿ ਸਾਡੇ ਵਿੱਚੋਂ ਬਹੁਤ ਸਾਰਿਆਂ ਦੇ ਫੈਮਲੀ ਮੈਂਬਰਜ਼ ਉਧਰ ਵੀ ਹਨ, ਕੁਝ ਇੱਧਰ ਪੰਜਾਬ ਸਰਕਾਰ ਵਿੱਚ ਹਨ, ਇਸ ਸਬੰਧੀ ਆਪਣਾ ਇਨਫਲੂਐਂਸ ਯੂਜ਼ ਕਰੋ। ਇਸ ਵਿਸ਼ੇ ਨੂੰ ਰਾਜਨੀਤੀ ਤੋਂ ਉਪਰ ਰੱਖੋ।

ਸਰ, ਦੂਜੀ ਗੱਲ ਇਨ੍ਹਾਂ ਨੇ ਸਟਾਫ ਅਤੇ ਪੈਸੇ ਸਬੰਧੀ ਕੀਤੀ ਹੈ ਜੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿੰਨਾ ਵੀ ਉਸ ਸੈਂਟਰ ਲਈ ਪੈਸਾ ਹੈ, ਉਹ ਮਾਨ ਸਾਹਿਬ ਦਿੰਦੇ ਹਨ, ਪੰਜਾਬ ਸਰਕਾਰ ਦਿੰਦੀ ਹੈ, ਸਾਡੇ ਫਾਈਨਾਂਸ ਮਨਿਸਟਰ ਦੇ ਰਹੇ ਹਨ, ਪੈਸਾ ਸਾਰਾ ਇੱਧਰੋਂ ਦੇ ਰਹੇ ਹਾਂ। ਦੂਜਾ ਜਿਹੜਾ ਉਸ ਦਾ ਕੰਪੋਨੈਂਟ ਹੈ, ਇਸ ਦੇ ਵਿੱਚ ਹੁਣ ਤੱਕ ਨਿਰੋਬੀ ਦੇ ਵਿੱਚ ਇੱਕ Global Health Supply chain Summit ਹੋਇਆ ਸੀ। ਉਸ ਵਿੱਚ 85 ਡਿਵੈਲਪਡ ਕੰਟਰੀਜ਼ ਆਏ ਸੀ। ਉਨ੍ਹਾਂ ਨੇ ਕਿਹਾ ਕਿ ਜਿਹੜਾ ਪੰਜਾਬ ਦਾ ਮਾਡਲ ਹੈ, this is the best Model in whole of the world and 40 countries said that they want to replicate this ਕਿਉਂਕਿ ਪ੍ਰਾਇਮਰੀ ਹੈਲਥ ਕੇਅਰ ਸੈਂਟਰਾਂ ਵਿੱਚ ਅੱਜ ਤੱਕ ਕਦੇ ਡਾਈਗਨੋਸਟਿਕ ਟੈਸਟ ਨਹੀਂ ਹੋਏ ਸੀ। ਕਿਸੇ ਵੀ ਪਿੰਡ ਦੀ ਡਿਸਪੈਂਸਰੀ ਵਿੱਚ ਕਦੇ ਟੈਸਟ ਨਹੀਂ ਹੁੰਦੇ ਸੀ ਪ੍ਰੰਤੂ ਹੁਣ ਇਹ ਟੈਸਟ ਹੁੰਦੇ ਹਨ। ਅਜਿਹਾ ਪਹਿਲੀ ਵਾਰ ਹੋਇਆ ਹੈ। ਪਹਿਲਾਂ ਦਵਾਈਆਂ ਦੀ assured presence ਨਹੀਂ ਸੀ, ਹੁਣ 80 ਦਵਾਈਆਂ ਦੀ ਹੈ, ਇਹ ਵੀ ਪਹਿਲੀ ਵਾਰੀ ਹੋਇਆ ਹੈ। ਇਹ ਇੱਕ ਨਵਾਂ ਸਿਸਟਮ ਹੈ।

ਸਪੀਕਰ ਸਾਹਿਬ, ਮੈਂ ਦੂਜਾ ਲੋਕਾਂ ਦੇ ਬੈਨੇਫਿਟ ਲਈ ਦੱਸਣਾ ਚਾਹੁੰਦਾ ਹਾਂ ਜੀ ਕਿ ਮਾਣਯੋਗ ਮੁੱਖ ਮੰਤਰੀ ਸਾਹਿਬ ਵਲੋਂ ਚਲਾਈ ਗਈ ਸੜਕ ਸੁਰੱਖਿਆ ਫੋਰਸ ਦੇ ਨਾਲ ਅਸੀਂ 108 ਐਂਬੂਲੈਂਸਾਂ, and 58 new Ambulances available ਕਰਵਾਈਆਂ ਹਨ, ਜਿਨ੍ਹਾਂ ਵਿੱਚ ਅਤਿ ਆਧੁਨਿਕ ਇਕੁਵਿਪਮੈਂਟਸ ਹਨ। ਉਸ ਦੇ ਨਾਲ ਸਾਡੀ ਫਰਿਸ਼ਤੇ ਸਕੀਮ ਹੈ, ਇਸ ਦੇ ਕਾਰਨ ਸਾਡੀਆਂ 30 ਪਰਸੈਂਟ ਮੌਤਾਂ road accidents ਤਹਿਤ ਘਟੀਆਂ ਹਨ। This is again the best Model in the world and is being copied in many countries. (Thumping) ਇਹ ਰੋਡ ਐਕਸੀਡੈਂਟਸ ਰੋਕਣ ਵਾਸਤੇ ਕੀਤਾ ਗਿਆ ਹੈ। ਸੋ ਸਰ, ਅਸੀਂ ਬਹੁਤ ਸਾਰੇ ਇਨੀਸ਼ੀਏਟਿਵ ਲਏ ਹਨ। ਜਿਨ੍ਹਾਂ ਦੇ ਥੋੜ੍ਹੇ

ਜਿਹੇ ਰਿਜ਼ਲਟਸ ਤੁਹਾਡੇ ਸਾਹਮਣੇ ਆ ਗਏ ਹਨ ਅਤੇ ਕੁਝ ਆਉਣ ਵਾਲੇ ਦਿਨਾਂ ਵਿੱਚ ਆਉਣਗੇ। ਅਸੀਂ ਨਵੇਂ ਕੋਰਸਿਜ਼ ਵੀ ਸ਼ੁਰੂ ਕਰ ਰਹੇ ਹਾਂ ਜੀ। Geriatric Care ਬਜ਼ੁਰਗਾਂ ਵਾਸਤੇ ਲੈ ਕੇ ਆ ਰਹੇ ਹਾਂ ਜੀ। Palliative Care ਤਹਿਤ, ਜੇ ਕਿਸੇ ਨੂੰ ਕੈਂਸਰ ਹੋ ਗਿਆ ਜਾਂ ਲਕਵਾ ਹੋ ਗਿਆ ਤਾਂ ਉਨ੍ਹਾਂ ਲੋਕਾਂ ਵਾਸਤੇ ਲੈ ਕੇ ਆ ਰਹੇ ਹਾਂ। ਅਸੀਂ ਨਵੇਂ ਇਨੀਸ਼ੀਏਟਿਵ ਲੈ ਕੇ ਆ ਰਹੇ ਹਾਂ। ਅਸੀਂ ਕੋਸ਼ਿਸ਼ ਕਰ ਰਹੇ ਹਾਂ। ਤੁਹਾਡੇ ਵੀ ਬਹੁਤ influences ਹਨ, (ਹਾਊਸ ਦੇ ਮੈਂਬਰਜ਼ ਵੱਲ ਇਸ਼ਾਰਾ) use your influence please, to get us money. Unreasonably they have blocked the funds. Thank you.

------------------

**ਹਲਕਾ ਬੁਢਲਾਡਾ ਦੇ ਪਿੰਡ ਚੱਕ ਭਾਈਕੇ ਵਿਖੇ ਨੇਚਰ ਪਾਰਕ ਬਣਾਉਣਾ**

***1265. ਪ੍ਰਿੰਸੀਪਲ ਬੁੱਧ ਰਾਮ** : ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਦੇ ਪਿੰਡ ਚੱਕ ਭਾਈਕੇ ਵਿਖੇ 42 ਏਕੜ ਦੇ ਜੰਗਲ ਵਿੱਚ ਕਾਫੀ ਜਗ੍ਹਾ ਖਾਲੀ ਹੋਣ ਕਰਕੇ ਇੱਥੇ ਸ਼ਾਨਦਾਰ ਨੇਚਰ ਪਾਰਕ ਸਥਾਪਿਤ ਕੀਤਾ ਜਾ ਸਕਦਾ ਹੈ; ਜੇਕਰ ਅਜਿਹਾ ਹੈ ਤਾਂ ਇੱਥੇ ਹੋਰ ਦਰੱਖਤ ਲਗਵਾਉਣ, ਇਸ ਦੇ ਆਲੇ ਦੁਆਲੇ ਫੈਂਸਿੰਗ ਕਰਾਉਣ ਅਤੇ ਇਸ ਦੇ ਵਿਚਕਾਰ ਪਿਕਨਿਕ ਸਥਾਨ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ਼੍ਰੀ ਲਾਲ ਚੰਦ** : ਮਾਣਯੋਗ ਸਪੀਕਰ ਸਾਹਿਬ, ਚੱਕ ਭਾਈਕੇ ਫਾਰਮ ਸਰਕਾਰੀ ਬਲਾਕ ਜੰਗਲ ਹੈ, ਜਿਸ ਵਿੱਚ ਰੁੱਖਾਂ ਦੀ ਚੰਗੀ ਘਣਤਾ ਹੈ। ਇਸ ਲਈ ਇਸ ਜੰਗਲ ਨੂੰ ਨੇਚਰ ਪਾਰਕ ਵਜੋਂ ਵਿਕਸਿਤ ਕਰਨ ਦੀ ਕੋਈ ਤਜਵੀਜ਼ ਨਹੀਂ ਹੈ। ਲੋਕਾਂ ਦੀ ਜਾਗਰੂਕਤਾ ਵਧਾਉਣ ਲਈ ਇਸ ਜੰਗਲ ਵਿੱਚ ਸਾਲ 2024-25 ਦੌਰਾਨ ਇੱਕ ਪਵਿੱਤਰ ਵਣ ਵਿਕਸਿਤ ਕੀਤਾ ਗਿਆ ਹੈ, ਜਿਸ ਵਿੱਚ ਵੱਖ ਵੱਖ ਕਿਸਮਾਂ ਦੇ ਰਵਾਇਤੀ ਬੂਟੇ ਲਗਾਏ ਗਏ ਹਨ। ਇਸ ਜੰਗਲ ਦੀ ਫੈਂਸਿੰਗ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਵਣ ਨਿਯਮਾਂ ਮੁਤਾਬਕ ਇਸ ਜੰਗਲ ਵਿੱਚ ਪਿਕਨਿਕ ਸਪਾਟ ਵਿਕਸਿਤ ਨਹੀਂ ਕੀਤਾ ਜਾ ਸਕਦਾ।

**ਪ੍ਰਿੰਸੀਪਲ ਬੁੱਧ ਰਾਮ:** ਸਰ, ਚੱਕ ਭਾਈਕੇ ਵਿਖੇ 42 ਏਕੜ ਜ਼ਮੀਨ ਹੈ ਜੀ। ਜਿਸ ਵਿੱਚ 26 ਏਕੜ ਵਿੱਚ ਵਣ ਲੱਗਿਆ ਹੋਇਆ ਹੈ। ਬਾਕੀ ਜੋ 16 ਏਕੜ ਦੇ ਕਰੀਬ ਜਗ੍ਹਾ ਹੈ, ਉਹ ਵਿਹਲੀ ਪਈ ਹੈ। ਸੋ, ਮੇਰੇ ਕਹਿਣ ਦਾ ਮਕਸਦ ਇਹ ਹੈ ਕਿ ਆਪਾਂ ਲੱਖਾਂ ਦਰੱਖਤ ਲਗਵਾ ਰਹੇ ਹਾਂ, ਤੁਹਾਡੇ ਡਿਪਾਰਟਮੈਂਟ ਵਲੋਂ ਵੱਡੀ ਪੱਧਰ ਤੇ ਬੂਟੇ ਲਗਾਏ ਜਾ ਰਹੇ ਹਨ, ਸਕੂਲਾਂ ਵਿੱਚ ਲਗਵਾਏ ਜਾ ਰਹੇ ਹਨ। ਉਸ ਜੰਗਲ ਵਿੱਚ ਜਿਹੜਾ ਵੈਸੇ ਹੀ ਸਰਕਾਰੀ ਬਲਾਕ ਬਣਾਇਆ ਹੋਇਆ ਹੈ, ਉਥੇ ਵੀ 10-15 ਹਜ਼ਾਰ ਬੂਟੇ ਲਗ ਸਕਦੇ ਹਨ, ਇੱਕ ਤਾਂ ਉਹ ਬੂਟੇ ਲਗਵਾਉ। ਦੂਜੀ ਗੱਲ ਇਹ ਹੈ ਕਿ ਸਾਡੇ ਤੋਂ ਚੱਕ ਭਾਈਕੇ 2 ਕਿਲੋਮੀਟਰ ਦੂਰ ਹੈ, ਮੈਂ ਦੇਖਿਆ ਕਿ ਉਥੇ ਫੈਂਸਿੰਗ ਨਾਮ ਦੀ ਕੋਈ ਚੀਜ ਨਹੀਂ ਹੈ। ਉਥੇ ਲੋਹੇ ਦੇ ਐਂਗਲੈਂਰਨ ਜਿਹੇ ਗੱਡੇ ਹੋਏ ਸੀ ਅਤੇ ਉਥੇ ਜਾਲੀਦਾਰ ਫੈਂਸਿੰਗ ਨਹੀਂ ਹੈ। ਇਨ੍ਹਾਂ ਨੂੰ ਸਬੰਧਤ ਅਫ਼ਸਰਾਂ ਨੇ ਇਹ ਗਲਤ ਇਨਫਰਮੇਸ਼ਨ ਦਿੱਤੀ ਹੈ। ਸੋ, ਮੈਂ ਇਹ ਚਾਹੁੰਦਾ ਹਾਂ ਕਿ ਇੱਕ ਤਾਂ ਉਥੇ ਦਰੱਖਤ ਲਗਵਾਏ ਜਾਣ। ਦੂਜਾ, ਜਿਹੜੇ ਉਥੇ ਵੱਡੀ ਪੱਧਰ ਤੇ ਦਰੱਖਤ ਚੋਰੀ ਹੋ ਰਹੇ ਹਨ। ਤੁਸੀਂ ਦੇਖੋ ਕਿ 42 ਏਕੜ ਜ਼ਮੀਨ ਦਾ ਜੋ ਨਹਿਰੀ ਪਾਣੀ ਹੈ, ਉਹ ਕਿੱਥੇ

ਖਪਤ ਹੁੰਦਾ ਹੈ? ਇਹ ਵੀ ਸਾਡਾ ਕੰਸਰਨ ਹੈ। ਜਿਹੜੇ ਉਥੇ ਇੱਕ-ਦੋ ਵਣ ਗਾਰਡ ਵਜੋਂ ਵਿਅਕਤੀ ਲਗਾਏ ਹਨ, ਇਸ ਸਬੰਧੀ ਉਨ੍ਹਾਂ ਤੋਂ ਪੁਛਗਿੱਛ ਕੀਤੀ ਜਾ ਸਕਦੀ ਹੈ। 42 ਏਕੜ ਜੰਗਲ ਆਪਣੇ ਵਾਸਤੇ ਬਣਿਆ ਹੋਇਆ ਹੈ, ਉਸ ਵਿਕਸਿਤ ਕਰਨਾ ਚਾਹੀਦਾ ਹੈ। ਮੈਂ ਉਥੇ ਗਿਆ ਸੀ, ਉਥੇ ਬਕਾਇਦਾ ਝੂਲੇ ਵਗੈਰਾ ਲੱਗੇ ਹੋਏ ਹਨ, ਝੌਂਪੜੀ ਟਾਈਪ ਹੱਟ ਬਣੀ ਹੋਈ ਹੈ,

10.45/ਹਰਪ੍ਰੀਤ ਸਿੰਘ/ਬਰਿੰਦਰਾ ਸਿੰਘ

ਜੇਕਰ ਉੱਥੇ ਲੋਕ ਜਾਂਦੇ ਵੀ ਹਨ ਤਾਂ ਬੈਠਣ ਵਾਸਤੇ ਜਗ੍ਹਾ ਹੈ। ਚਾਰੇ ਪਾਸੇ ਵਧੀਆ ਸੜਕਾਂ ਬਣਾ ਰੱਖੀਆਂ ਹਨ। ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਅਸਲੀ ਜੰਗਲ ਵਿਚ ਫਿਰਦੇ ਹੋਈਏ। ਸੋ, ਮੈਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਨੂੰ ਪੂਰੀ ਤਰ੍ਹਾਂ ਵਿਕਸਤ ਕੀਤਾ ਜਾਵੇ ਅਤੇ ਜਿਹੜੀ 26 ਏਕੜ ਜ਼ਮੀਨ ਹੈ, ਉਸ ਵਿਚ ਪਹਿਲਾਂ ਵਣ ਲੱਗੇ ਹੋਏ ਸੀ, ਲੋਕ ਰੁੱਖ ਵੱਢ ਕੇ ਲੈ ਗਏ, ਹੁਣ ਵੀ ਰੋਜ਼ਾਨਾ ਰੁੱਖ ਵੱਢੇ ਜਾ ਰਹੇ ਹਨ।

**ਮਾਣਯੋਗ ਸਪੀਕਰ**: ਤੁਸੀਂ ਸਵਾਲ ਪੁੱਛੋ ਜੀ।

**ਪ੍ਰਿੰਸੀਪਲ ਬੁੱਧ ਰਾਮ**: ਉਸਦੀ ਪੂਰੀ ਸੁਰੱਖਿਆ ਵਾਸਤੇ ਇਕ ਪੱਕੇ ਵਣ ਗਾਰਡ ਦੀ ਨਿਯੁਕਤੀ ਕੀਤੀ ਜਾਵੇ ਤਾਂ ਜੋ ਉਹ ਜੰਗਲ ਸੇਫ਼ ਹੋ ਸਕਦੇ ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**ਪ੍ਰਿੰਸੀਪਲ ਬੁੱਧ ਰਾਮ**: ਮੈਂ ਬੇਨਤੀ ਕਰਦਾ ਹਾਂ ਕਿ ਇਕ ਤਾਂ ਪਾਣੀ ਦੀ ਜਾਂਚ ਕਰ ਲਓ, ਦੂਜਾ ਉਥੇ ਪੱਕਾ ਵਣ ਗਾਰਡ ਨਿਯੁਕਤ ਕਰ ਦਿਓ ਅਤੇ ਤੀਜਾ ਜਿਹੜੀ 16 ਏਕੜ ਜ਼ਮੀਨ ਰਹਿ ਗਈ ਹੈ, ਉਸ ਤੇ ਵੀ ਵੱਡੀ ਪੱਧਰ ਤੇ ਜੰਗਲ ਲਗਾਓ।

**ਮਾਣਯੋਗ ਸਪੀਕਰ**: ਪ੍ਰਿੰਸੀਪਲ ਸਾਹਿਬ, ਤੁਸੀਂ ਬਹੁਤ ਸਤਿਕਾਰਯੋਗ ਅਤੇ ਸੀਨੀਅਰ ਮੈਂਬਰ ਹੋ, ਜਿਹੜੇ ਤੁਹਾਡੇ ਸੁਜੈਸ਼ਨ ਹਨ, ਉਹ ਮੰਤਰੀ ਜੀ ਨੂੰ ਮਿਲ ਕੇ ਦੇ ਦਿਆ ਕਰੋ ਅਤੇ ਜਿਹੜੇ ਤੁਹਾਡੇ ਸਵਾਲ ਹਨ, ਉਹ ਇੱਥੇ ਪੁੱਛ ਲਿਆ ਕਰੋ।

**ਪ੍ਰਿੰਸੀਪਲ ਬੁੱਧ ਰਾਮ**: ਸਪੀਕਰ ਸਾਹਿਬ, ਮੰਤਰੀ ਜੀ ਤੋਂ ਜਵਾਬ ਤਾਂ ਦਿਵਾ ਦਿਓ।

**ਮਾਣਯੋਗ ਸਪੀਕਰ**: ਤੁਸੀਂ ਸੁਜੈਸ਼ਨ ਦਿੱਤੇ ਹਨ।

**ਮੰਤਰੀ**: ਸਪੀਕਰ ਸਾਹਿਬ, ਵਣ ਸੰਰਕਸ਼ਣ ਅਤੇ ਸੰਵਰਧਨ ਅਧਿਨਿਯਮ, 1980 ਅਨੁਸਾਰ ਇਸ ਵਣ ਰਕਬੇ ਵਿਚ ਪਿਕਨਿਕ ਸਪੌਟ ਨਹੀਂ ਬਣਾਇਆ ਜਾ ਸਕਦਾ। ਮੈਂ ਪਹਿਲਾਂ ਹੀ ਦੱਸ ਚੁੱਕਿਆ ਹਾਂ। ਸਾਲ 2024-25 ਦੌਰਾਨ ਅਸੀਂ ਇਸ ਜੰਗਲ ਵਿਚ 30 ਕਿਸਮਾਂ ਦੇ ਬੂਟੇ ਹੋਰ ਲਗਾਏ ਹਨ, ਜਿਨ੍ਹਾਂ ਵਿਚ ਸਫੈਦਾ, ਨਿੰਮ, ਤੂਤ, ਡੇਕ, ਅੰਬ ਆਦਿ ਹਨ।

ਸੋ, ਫਿਰ ਵੀ ਮੈਂ ਮਾਣਯੋਗ ਮੈਂਬਰ ਸਾਹਿਬ ਨਾਲ ਵਾਅਦਾ ਕਰਦਾ ਹਾਂ ਕਿ 10 ਦਿਨਾਂ ਦੇ ਅੰਦਰ ਅੰਦਰ ਮੈਂ ਅਤੇ ਮੈਂਬਰ ਸਾਹਿਬ ਇਕੱਠੇ ਉਸ ਜੰਗਲ ਵਿਚ ਜਾਵਾਂਗੇ ਅਤੇ ਜੋ ਵੀ ਬੈਟਰ ਹੋਇਆ, ਅਸੀਂ ਕਰਾਂਗੇ। (ਥੰਪਿੰਗ)

------------

**ਪੰਚਾਇਤੀ ਰਾਜ ਐਕਟ 1994 ਦੀ ਧਰਾ 154 ਵਿਚ ਸੋਧਨਾ ਕਰਨਾ**

***1293. ਸਰਦਾਰ ਬਰਿੰਦਰਮੀਤ ਸਿੰਘ ਪਾਹੜਾ**: ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਨੂੰ ਪੰਚਾਇਤੀ ਰਾਜ ਐਕਟ 1994 ਦੀ ਧਾਰਾ 154 ਵਿੱਚ ਸੋਧਨਾ ਕਰਨ ਸਬੰਧੀ ਪੰਚਾਇਤ ਅਫਸਰ ਐਸੋਸੀਇਸ਼ਨ ਪੰਜਾਬ ਵੱਲੋ ਮਿਤੀ 25/7/2022 ਨੂੰ ਕੋਈ ਪ੍ਰਤੀਬੇਨਤੀ ਪ੍ਰਾਪਤ ਹੋਈ ਹੈ; ਜੇਕਰ ਹਾਂ ਤਾਂ ਇਸ ਉੱਤੇ ਸਰਕਾਰ ਵੱਲੋ ਕੀ ਕਾਰਵਾਈ ਕੀਤੀ ਗਈ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਲਾਲਜੀਤ ਸਿੰਘ ਭੁੱਲਰ**: ਸ੍ਰੀਮਾਨ ਜੀ, ਹਾਂ ਜੀ, ਸਰਕਾਰ ਨੂੰ ਪੰਚਾਇਤੀ ਰਾਜ ਐਕਟ 1994 ਦੀ ਧਾਰਾ 154(1) ਵਿੱਚ ਸੋਧਨਾ ਕਰਨ ਸਬੰਧੀ ਪੰਚਾਇਤ ਅਫਸਰ ਐਸੋਸੀਏਸ਼ਨ ਪੰਜਾਬ ਵੱਲੋਂ ਪ੍ਰਤੀਬੇਨਤੀ ਮਿਤੀ 25.7.2022 ਜੋ ਕਿ ਵਿਭਾਗ ਵਿੱਚ ਦਫਤਰ ਮੁੱਖ ਮੰਤਰੀ ਪੰਜਾਬ (ਜਨਰਲ ਸ਼ਾਖਾ) ਰਾਹੀਂ ਮਿਤੀ 10.2.2023 ਨੂੰ ਪ੍ਰਾਪਤ ਹੋਈ ਸੀ, ਜੋ ਕਿ ਸਰਕਾਰ ਦੇ ਵਿਚਾਰ ਅਧੀਨ ਹੈ।"

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ**: ਸਪੀਕਰ ਸਾਹਿਬ, ਮੈਂ ਇਸ ਮਸਲੇ ਤੇ ਕੱਲ੍ਹ ਜ਼ੀਰੋ ਆਵਰ ਤੇ ਵੀ ਗੱਲ ਕਰ ਲਈ ਸੀ। ਮੰਤਰੀ ਸਾਹਿਬ, ਕ੍ਰਿਪਾ ਕਰਕੇ ਦੱਸਣ ਕਿ ਇਸ ਨੂੰ ਟਾਈਮ ਬਾਂਊਡ ਕਰਕੇ ਕਦੋਂ ਤੱਕ ਇਸ ਨੂੰ ਨੇਪਰੇ ਚਾੜਿਆ ਜਾਵੇਗਾ ਕਿਉਂਕਿ ਇਸ ਨਾਲ ਤਕਰੀਬਨ ਦੋ ਤੋਂ ਢਾਈ ਹਜ਼ਾਰ ਮੁਲਾਜ਼ਮਾਂ ਨੂੰ ਫਾਇਦਾ ਹੋਣਾ ਹੈ ਅਤੇ ਵਿਭਾਗ ਦਾ ਕੰਮ ਵੀ ਸਪੀਡਅੱਪ ਹੋਵੇਗਾ ਅਤੇ ਲੋਕਾਂ ਨੂੰ ਵੀ ਰਾਹਤ ਮਿਲੇਗੀ।

**ਮਾਣਯੋਗ ਸਪੀਕਰ**: ਦੇਖੋ ਮੰਤਰੀ ਜੀ, ਕਿੰਨੇ ਪਿਆਰ ਨਾਲ ਇਨ੍ਹਾਂ ਨੇ ਸਵਾਲ ਪੁੱਛਿਆ ਹੈ।

**ਮੰਤਰੀ**: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਸਮੇਂ ਸਮੇਂ ਤੇ ਪੰਚਾਇਤ ਅਫ਼ਸਰਾਂ ਨੂੰ ਪਦਉਨਤ ਕਰਨ ਸਬੰਧੀ ਪੰਚਾਇਤ ਅਫ਼ਸਰ ਐਸੋਸੀਏਸ਼ਨ ਵੱਲੋਂ ਪ੍ਰਤੀਬੇਨਤੀਆਂ ਪ੍ਰਾਪਤ ਹੋਈਆਂ ਸਨ, ਜਿਸ ਸਬੰਧੀ ਸਮੇਂ ਸਮੇਂ ਤੇ ਵਿਭਾਗ ਵੱਲੋਂ ਕਾਰਵਾਈ ਕੀਤੀ ਗਈ ਹੈ। ਪੰਚਾਇਤ ਸਕੱਤਰਾਂ ਨੂੰ 10 ਸਾਲ ਦੀ ਯੋਗ ਸੇਵਾ ਪੂਰੀ ਕਰਨ ਉਪਰੰਤ ਪੰਚਾਇਤ ਅਫ਼ਸਰ ਪਦ ਉਨਤ ਕਰਨ ਦਾ ਉਪਬੰਧ ਹੈ ਪ੍ਰੰਤੂ ਪੰਚਾਇਤ ਅਫ਼ਸਰ ਤੋਂ ਬਾਅਦ ਇਨ੍ਹਾਂ ਕਰਮਚਾਰੀਆਂ ਦੀ ਪਦਉਨਤੀ ਦਾ ਰੂਲਾਂ ਵਿਚ ਕੋਈ ਉਪਬੰਧ ਨਹੀਂ ਹੈ। ਜਿਸ ਕਾਰਨ ਪੰਚਾਇਤ ਅਫ਼ਸਰ ਐਸੋਸੀਏਸ਼ਨਾਂ ਵੱਲੋਂ ਪੰਚਾਇਤ ਸੰਮਤੀਆਂ ਵਿਚ ਮੌਜੂਦ ਕਾਰਜ ਸਾਧਕ ਅਫ਼ਸਰ ਦੀ ਅਸਾਮੀ ਤੇ ਪਦਉਨਤੀ ਦੀ ਮੰਗ ਕੀਤੀ ਜਾ ਰਹੀ ਹੈ। ਇੱਥੇ ਦਸਿਆ ਜਾਂਦਾ ਹੈ ਕਿ ਸਰਕਾਰ ਦੇ ਪੱਤਰ ਮਿਤੀ 21.07.1995 ਰਾਹੀਂ 136 ਪੰਚਾਇਤ ਸਕੱਤਰਾਂ ਦੀਆਂ ਅਸਾਮੀਆਂ ਨੂੰ ਅੱਪਗ੍ਰੇਡ ਕਰਕੇ ਬਤੌਰ ਪੰਚਾਇਤ ਅਫ਼ਸਰ ਤਰੱਕੀ ਰਾਹੀਂ ਭਰਨ ਦੀ ਪ੍ਰਵਾਨਗੀ ਜਾਰੀ ਕੀਤੀ ਗਈ ਸੀ। ਇਸ ਮਾਮਲੇ ਸਬੰਧੀ ਵਿਭਾਗ

ਵੱਲੋਂ ਵਧੀਕ ਐਡਵੋਕੇਟ ਜਨਰਲ, ਪੰਜਾਬ ਨੂੰ ਰਾਏ ਲੈਣ ਲਈ ਕੇਸ ਭੇਜਿਆ ਗਿਆ ਸੀ ਅਤੇ ਉਨ੍ਹਾਂ ਵੱਲੋਂ ਰਾਏ ਦਿੱਤੀ ਗਈ ਕਿ ਐਕਟ ਦੇ ਸੈਕਸ਼ਨ 154 (1) ਤਹਿਤ ਪੰਚਾਇਤ ਅਫ਼ਸਰਾਂ ਨੂੰ ਪੰਚਾਇਤ ਸੰਮਤੀ ਦਾ ਕਾਰਜ ਸਾਧਕ ਅਫ਼ਸਰ ਪਦਉਨਤ ਨਹੀਂ ਕੀਤਾ ਜਾ ਸਕਦਾ। ਵਧੀਕ ਐਡਵੋਕੇਟ ਜਨਰਲ, ਪੰਜਾਬ ਵੱਲੋਂ ਪ੍ਰਾਪਤ ਰਾਏ ਅਨੁਸਾਰ ਕੇਵਲ ਇਸ ਐਕਟ ਦੇ ਸੈਕਸ਼ਨ 154 (1) ਵਿਚ ਸੋਧ ਰਾਹੀਂ ਹੀ ਇਹ ਪਦਉਨਤੀ ਕੀਤੀ ਜਾ ਸਕਦੀ ਹੈ। ਵਧੀਕ ਐਡਵੋਕੇਟ ਜਨਰਲ, ਪੰਜਾਬ ਵੱਲੋਂ ਇਹ ਰਾਏ ਦਿੱਤੀ ਗਈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਪੰਚਾਇਤੀ ਰਾਜ ਐਕਟ, 1994 ਦੇ ਸੈਕਸ਼ਨ 154 (1) ਵਿਚ ਬੀ.ਡੀ.ਪੀ.ਓ.-ਕਮ-ਕਾਰਜਸਾਧਕ ਅਫ਼ਸਰ ਦੀ ਨਿਯੁਕਤੀ ਕਰਨ ਲਈ ਉਪਬੰਧ ਹਨ ਅਤੇ ਇਹ ਕੈਬੀਨੇਟ ਵਿਚ ਜਾ ਕੇ ਹੀ ਸੋਧ ਕੀਤੀ ਜਾ ਸਕਦੀ ਹੈ। ਪੰਚਾਇਤ ਅਫ਼ਸਰ ਐਸੋਸੀਏਸ਼ਨ ਦੀ ਮੰਗ ਅਨੁਸਾਰ ਬਤੌਰ ਕਾਰਜ ਸਾਧਕ ਅਫ਼ਸਰ ਪਦਉਨਤੀ ਸਬੰਧੀ ਇੰਚਾਰਜ, ਪੰਚਾਇਤ ਸਕੱਤਰ ਸ਼ਾਖਾ, ਦਫ਼ਤਰ ਡਾਇਰੈਕਟੋਰੇਟ ਵੱਲੋਂ ਇਸ ਸਬੰਧੀ ਟਿੱਪਣੀ ਦਿੰਦੇ ਹੋਏ ਲਿਖਿਆ ਗਿਆ ਹੈ ਕਿ 136 ਪੰਚਾਇਤ ਅਫ਼ਸਰਾਂ ਦੀਆਂ ਅਸਾਮੀਆਂ ਨੂੰ ਅੱਪਗ੍ਰੇਡ ਕਰਨ ਕਰਕੇ ਇਸ ਸਮੇਂ ਕੁੱਲ 2242 ਪੰਚਾਇਤ ਸਕੱਤਰਾਂ ਦੀਆਂ ਅਸਾਮੀਆਂ ਪ੍ਰਵਾਨਿਤ ਰਹਿ ਜਾਂਦੀਆਂ ਹਨ, ਜੋ ਕਿ 136 ਅਸਾਮੀਆਂ ਨੂੰ ਅੱਪਗ੍ਰੇਡ ਕਰਕੇ ਸਰੰਡਰ ਕਰਨ ਉਪਰੰਤ ਬਚੀਆਂ ਹਨ। ਇਸ ਤਰ੍ਹਾਂ 136 ਪੰਚਾਇਤ ਸਕੱਤਰਾਂ ਦੀਆਂ ਅਸਾਮੀਆਂ ਪਹਿਲਾਂ ਹੀ ਸਰੰਡਰ ਕੀਤੀਆਂ ਹੋਈਆਂ ਹਨ।

**10.50 ਅਮਨ/ਰਜਨੀਸ਼**

ਇੱਥੇ ਇਹ ਵੀ ਦੱਸਣਯੋਗ ਹੈ ਕਿ ਜੇਕਰ ਵੱਖਰੇ ਤੌਰ ਤੇ 153 ਦੇ ਲਗਭਗ ਕਾਰਜ ਸਾਧਕ ਅਫਸਰਾਂ ਦੀਆਂ ਆਸਾਮੀਆਂ ਪ੍ਰਵਾਨ ਕਰਕੇ ਭਰੀਆਂ ਜਾਂਦੀਆਂ ਹਨ ਤਾਂ ਸੰਮਤੀਆਂ, ਸਰਕਾਰ ਤੇ ਇਨ੍ਹਾਂ ਆਸਾਮੀਆਂ ਦੀ ਤਨਖਾਹਾਂ ਲਈ ਹੋਰ ਵਾਧੂ ਵਿੱਤੀ ਬੋਝ ਪਵੇਗਾ। ਜਦੋਂ ਕਿ ਇਸ ਸਮੇਂ ਬਲਾਕ ਵਿਕਾਸ ਪੰਚਾਇਤ ਅਫਸਰ, ਬੀ.ਡੀ.ਪੀ.ਓ ਵੱਲੋਂ ਬਤੌਰ ਕਾਰਜ ਸਾਧਕ ਅਫਸਰ ਦਾ ਕੰਮ ਵੀ ਬਿਨਾ ਰੁਕਾਵਟ/ਪਰੇਸ਼ਾਨੀ ਆਸਾਨੀ ਨਾਲ ਕੀਤਾ ਜਾ ਰਿਹਾ ਹੈ। ਪਰ ਫਿਰ ਵੀ ਐਕਟ ਵਿੱਚ ਸੋਧ ਕਰਨ ਦੀ ਕਾਰਵਾਈ ਪ੍ਰਬੰਧਕੀ ਪੱਧਰ ਤੇ ਫੈਸਲਾ ਲੈਣ ਉਪਰੰਤ ਹੀ ਕੀਤੀ ਜਾ ਸਕਦੀ ਹੈ।

**ਮਾਣਯੋਗ ਸਪੀਕਰ**: ਭੁੱਲਰ ਸਾਹਿਬ, ਤੁਹਾਡਾ ਜਵਾਬ ਤਾਂ ਇਨ੍ਹਾਂ ਕੋਲ ਆ ਗਿਆ ਹੈ। ਇਨ੍ਹਾਂ ਦੀ ਸਪਲੀਮੈਂਟਰੀ ਦਾ ਜਵਾਬ ਦੇ ਦਿਓ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ**: ਸਰ, ਮੈਂ ਇਹ ਸਾਰਾ ਹੀ ਜਵਾਬ ਪੜ੍ਹਿਆ ਹੋਇਆ ਹੈ। ਮੈਂ ਇਸ ਗੱਲ ਨੂੰ ਬੜੀ ਬਰੀਫਲੀ ਜਾਣਦਾ ਹਾਂ। ਮੈਂ ਤਾਂ ਸਿਰਫ ਇੰਨਾ ਹੀ ਪੁੱਛਿਆ ਹੈ ਕਿ ਇਹ ਕੈਬਨਿਟ ਵਿੱਚ ਜਾਣਾ ਹੈ, ਇਸ ਦਾ ਸੋਧਨਾ ਬਿਲ ਲਿਆਂਦਾ ਜਾਵੇ ਅਤੇ ਇਸ ਨੂੰ ਕਦੋਂ ਤੱਕ ਕਰ ਲਿਆ ਜਾਵੇਗਾ?

**ਮੰਤਰੀ**: ਸਪੀਕਰ ਸਾਹਿਬ, ਇਹ ਕਾਰਵਾਈ ਅਧੀਨ ਹੈ ਜੀ। ਜਲਦੀ ਹੀ ਇਸ ਨੂੰ ਕੈਬਨਿਟ ਵਿੱਚ ਸੀ.ਐਮ ਸਾਹਿਬ ਨੂੰ ਭੇਜ ਕੇ ਕਰਵਾਵਾਂਗੇ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਸਪੀਕਰ ਸਾਹਿਬ, ਕਿਰਪਾ ਕਰਕੇ ਇਸ ਨੂੰ ਟਾਈਮ ਬਾਊਂਡ ਕਰ ਦਿਓ ਜੀ। ਜਿਨ੍ਹਾਂ ਕੋਲ 2-2, 3-3 ਬਲਾਕਸ ਦੇ ਚਾਰਜ ਹਨ, ਉੱਥੇ ਲੋਕ ਵੀ ਖੱਜਲ ਹੋ ਰਹੇ ਹਨ ਤੇ ਸਰਕਾਰ ਦਾ ਕੰਮ ਵੀ ਸਲੋਅ ਚੱਲਦਾ ਹੈ। ਇਸ ਕਰਕੇ ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ।

**ਮੰਤਰੀ:** ਸਪੀਕਰ ਸਾਹਿਬ, ਇਸ ਨੂੰ ਜਲਦੀ ਕਰ ਦਿੱਤਾ ਜਾਵੇਗਾ।

------

**ਹਲਕਾ ਦੀਨਾਨਗਰ ਅਧੀਨ ਨਵੇਂ ਬਣੇ ਡਿਗਰੀ ਕਾਲਜ ਸਿੱਧਪੁਰ ਦੀਆਂ ਅਸਾਮੀਆਂ ਦਾ ਵੇਰਵਾ**

***1228. ਸ੍ਰੀਮਤੀ ਅਰੁਨਾ ਚੌਧਰੀ:** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਦੀਨਾਨਗਰ ਅਧੀਨ ਨਵੇਂ ਬਣੇ ਡਿਗਰੀ ਕਾਲਜ ਸਿੱਧਪੁਰ (ਦੀਨਾਨਗਰ) ਵਿੱਚ ਤਾਇਨਾਤ ਅਸਾਮੀਆਂ ਦੇ ਵੇਰਵੇ ਕੀ ਹਨ?

**ਸਰਦਾਰ ਹਰਜੋਤ ਸਿੰਘ ਬੈਂਸ**: ਸਰਕਾਰੀ ਕਾਲਜ ਸਿੱਧਪੁਰ ਵਿਖੇ ਕੁੱਲ **14** ਮਨਜ਼ੂਰਸ਼ੁਦਾ ਅਸਾਮੀਆਂ ਹਨ, ਜਿਨ੍ਹਾਂ ਵਿੱਚੋਂ ਟੀਚਿੰਗ ਸਟਾਫ ਦੀਆਂ **10** ਮਨਜ਼ੂਰਸ਼ੁਦਾ ਅਸਾਮੀਆਂ ਅਤੇ ਨਾਨ-ਟੀਚਿੰਗ ਸਟਾਫ ਦੀਆਂ **04** ਮਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਇਸ ਕਾਲਜ ਵਿਚ ਕੇਵਲ **19** ਵਿਦਿਆਰਥੀ ਪੜ੍ਹ ਰਹੇ ਹਨ।

**ਸ੍ਰੀਮਤੀ ਅਰੁਨਾ ਚੌਧਰੀ:** ਸਪੀਕਰ ਸਾਹਿਬ, ਮੰਤਰੀ ਜੀ ਨੇ ਆਪਣੇ ਜਵਾਬ ਦੇ ਵਿੱਚ ਦੱਸਿਆ ਹੈ ਕਿ 14 ਟੈਂਪਰੇਰੀ ਸਟਾਫ ਮੈਂਬਰਜ਼ ਸਿੱਧਪੁਰ ਕਾਲਜ ਵਿਖੇ ਹਨ। ਜਿਨ੍ਹਾਂ ਵਿੱਚੋਂ 10 ਟੀਚਿੰਗ ਸਟਾਫ ਅਤੇ 4 ਨਾਨ ਟੀਚਿੰਗ ਸਟਾਫ ਦੀਆਂ ਪੋਸਟਾਂ ਹਨ। ਲੇਕਿਨ ਮੈਂ ਪਿਛਲੀ ਵਾਰ ਵੀ ਇਹ ਸਵਾਲ ਕੀਤਾ ਸੀ ਔਰ ਮੰਤਰੀ ਜੀ ਨੇ ਕਿਹਾ ਸੀ ਕਿ ਅਸੀਂ ਉਥੇ ਸਟਾਫ ਜਲਦੀ ਪੂਰਾ ਕਰ ਦਿਆਂਗੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਦੱਸਣਾ ਵੀ ਚਾਹੁੰਦੀ ਹਾਂ ਤੇ ਪੁੱਛਣਾ ਵੀ ਚਾਹੁੰਦੀ ਹਾਂ ਕਿ ਆਨ ਗਰਾਊਂਡ ਉਥੇ ਕੋਈ ਵੀ ਟੀਚਿੰਗ ਸਟਾਫ ਨਹੀਂ ਹੈ ਅਤੇ ਨਾ ਹੀ ਕੋਈ ਨਾਨ ਟੀਚਿੰਗ ਸਟਾਫ ਹੈ ਕਿਉਂਕਿ ਉੱਥੋਂ ਦੇ ਜਿਹੜੇ ਸਟੂਡੈਂਟਸ ਹਨ, ਉਨ੍ਹਾਂ ਨੇ ਮੈਨੂੰ ਫੋਟੋ ਭੇਜੀ ਹੈ, ਪ੍ਰਿੰਸੀਪਲ ਆਫਿਸ ਦੇ ਬਾਹਰ ਤਾਲਾ ਲੱਗਿਆ ਹੋਇਆ ਹੈ। ਸਟੂਡੈਂਟਸ ਨੇ ਰਲ ਕੇ ਮੈਨੂੰ ਐਪਲੀਕੇਸ਼ਨ ਦਿੱਤੀ ਹੈ ਕਿ ਸਾਡੇ ਫਿਊਚਰ ਦਾ ਤੁਸੀਂ ਸੋਚੋ। ਇੱਥੇ ਨਾ ਕੋਈ ਲੈਕਚਰਾਰ, ਨਾ ਪ੍ਰੋਫੈਸਰ ਅਤੇ ਚਪੜਾਸੀ ਤੱਕ ਕੋਈ ਵੀ ਉਥੇ ਹਾਜ਼ਰ ਨਹੀਂ ਹੈ। ਸਾਰੇ ਕਾਲਜ ਵਿੱਚ ਤਾਲਾ ਲੱਗਿਆ ਹੋਇਆ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦੀ ਹਾਂ ਕਿ ਕਦੋਂ ਤੱਕ ਉੱਥੇ ਪੱਕਾ ਸਟਾਫ ਦਿੱਤਾ ਜਾਵੇਗਾ? ਇਹ ਕਾਲਜ ਜਦੋਂ ਸ਼ੁਰੂ ਹੋਇਆ ਸੀ, ਇੰਨਾਂ ਪੈਸਾ ਲੱਗਿਆ ਸੀ, 70 ਸਟੂਡੈਂਟਸ ਨਾਲ ਸ਼ੁਰੂ ਹੋਇਆ ਸੀ ਪਰ ਹੁਣ ਘੱਟ ਕੇ 19 ਸਟੂਡੈਂਟਸ ਹੀ ਰਹਿ ਗਏ ਹਨ। ਇਸ ਦਾ ਕਾਰਨ ਇਹ ਹੈ ਕਿ ਉੱਥੇ ਪਰਾਪਰ ਸਟਾਫ ਨਹੀਂ ਹੈ। ਮੈਂ ਸਪੀਕਰ ਸਾਹਿਬ, ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹਾਂਗੀ ਕਿ ਕਦੋਂ ਤੱਕ ਇਹ ਸਟਾਫ ਪੂਰਾ ਕਰ ਦਿੱਤਾ ਜਾਵੇਗਾ ਤਾਂ ਕਿ ਬੱਚਿਆਂ ਦੀ ਪੜ੍ਹਾਈ ਦਾ ਕੋਈ ਹਰਜਾ ਨਾ ਹੋਵੇ। ਡਿਗਰੀ ਕਾਲਜ ਬੜਾ ਮੁਸ਼ਕਲ ਬਣਦਾ ਹੈ। ਇਹ ਸਟੂਡੈਂਟਸ ਦੀ ਬਿਹਤਰੀ ਵਾਸਤੇ ਹੁੰਦਾ ਹੈ। ਇਸ ਨੂੰ ਕਦੋਂ ਤੱਕ ਚਾਲੂ ਕੀਤਾ ਜਾਵੇਗਾ ਤਾਂ ਕਿ ਬੱਚੇ ਇਸ ਤੋਂ ਫਾਇਦਾ ਲੈ ਸਕਣ?

**ਮੰਤਰੀ**: ਸਪੀਕਰ ਸਾਹਿਬ, ਮੈਂ ਮਾਣਯੋਗ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹਾਂਗਾ ਕਿ ਇਸ ਕਾਲਜ ਦੇ ਵਿੱਚ ਸਾਡੇ ਲੈਕਚਰਾਰਜ਼ ਦੀ ਕਲੱਸਟਰ ਡਿਊਟੀ ਲੱਗਦੀ ਹੈ। ਉਹ ਹਫਤੇ ਵਿੱਚ ਦੋ-ਦੋ ਦਿਨ ਜਾ ਕੇ ਇਸ ਕਾਲਜ ਦੇ ਵਿੱਚ ਪੜ੍ਹਾਉਂਦੇ ਹਨ। ਇਸ ਤੋਂ ਇਲਾਵਾ ਪ੍ਰਿੰਸੀਪਲ ਸਾਹਿਬਾਨ ਕੋਲ ਵੀ ਅਡੀਸ਼ਨਲ ਚਾਰਜ ਹੈ। ਉੱਥੇ 19 ਬੱਚਿਆਂ ਵਿੱਚੋਂ 6 ਬੱਚਿਆਂ ਨੂੰ ਅਸੀਂ ਵੀਡੀਓ ਕਾਨਫਰੈਂਸਿੰਗ ਰਾਹੀਂ ਪੜ੍ਹਾ ਰਹੇ ਹਾਂ ਅਤੇ ਆਉਣ ਵਾਲੇ ਸਮੇਂ ਦੇ ਵਿੱਚ ਜਿਹੜੀ 1158 ਭਰਤੀ ਸੀ, ਉਸ ਦੇ ਵਿੱਚ ਬੜੀਆਂ ਕਮੀਆਂ ਸੀ, ਮਾਣਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਨੇ ਉਸ ਨੂੰ ਰੱਦ ਕਰ ਦਿੱਤਾ ਸੀ। ਸਾਡੀ ਸਰਕਾਰ LTO ਦੇ ਵਿੱਚ ਮਾਣਯੋਗ ਹਾਈ ਕੋਰਟ ਵਿੱਚ ਗਈ ਸੀ। ਕਲ੍ਹ ਸਰ ਉਸ ਦੀ ਫਾਈਨਲ ਆਰਗੂਮੈਂਟ ਹੋ ਗਈ ਹੈ ਤੇ ਜੱਜਮੈਂਟ ਰਿਜ਼ਰਵ ਹੋ ਗਈ ਹੈ। ਜੇਕਰ ਇਹ ਮਸਲਾ ਹੱਲ ਹੋ ਜਾਂਦਾ ਹੈ ਤਾਂ ਫੌਰੀ ਤੌਰ ਤੇ ਪ੍ਰੋਫੈਸਰਜ਼ ਆ ਜਾਣਗੇ। In addition to that, 650 ਦੇ ਕਰੀਬ ਪ੍ਰੋਫੈਸਰਜ਼ ਦੀ ਭਰਤੀ ਦੇ ਲਈ ਇਸ ਵਕਤ ਸਾਡੇ ਵੱਲੋਂ PPSC ਨੂੰ ਰਿਕੁਐਸਟ ਭੇਜੀ ਜਾ ਚੁੱਕੀ ਹੈ। ਕਿਸੇ ਵੇਲੇ ਵੀ ਉਸ ਦੀ ਨੋਟੀਫਿਕੇਸ਼ਨ ਆ ਜਾਏਗੀ। ਇਸ ਤੋਂ ਇਲਾਵਾ ਜੇਕਰ ਐਮ.ਐਲ.ਏ ਸਾਹਿਬ ਕੋਲ ਕੋਈ ਸਵੈ-ਇੱਛਾ ਨਾਲ ਉਸ ਕਾਲਜ ਵਿੱਚ ਆਉਣ ਨੂੰ ਤਿਆਰ ਹੈ ਤਾਂ ਮੈਨੂੰ ਲਿਸਟ ਦੇ ਦਿਓ, I will transfer them.

**ਤਰਲੋਚਨ ਸਿੰਘ/10.55**

**ਸ਼੍ਰੀਮਤੀ ਅਰੁਨਾ ਚੌਧਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਫੋਟੋ ਅਤੇ ਐਪਲੀਕੇਸ਼ਨ ਮੰਤਰੀ ਜੀ ਨੂੰ ਭੇਜ ਰਹੀ ਹਾਂ। ਇਹ ਕਹਿ ਰਹੇ ਹਨ ਕਿ ਵੀਡੀਉ ਕਾਨਫਰੰਸਿੰਗ ਰਾਹੀਂ ਪੜ੍ਹਾ ਰਹੇ ਹਾਂ ਲੇਕਿਨ ਉਥੇ ਕੋਈ ਕੀ ਅਜਿਹੀ ਕਲਾਸ ਨਹੀਂ ਚੱਲ ਰਹੀ ਹੈ। ਜਦੋਂ ਮੈਂ ਤੁਹਾਨੂੰ ਫੋਟੋ ਹੀ ਦਿਖਾ ਰਹੀ ਹਾਂ ਕਿ ਸਾਰੇ ਕਾਲਜ ਨੂੰ ਹੀ ਤਾਲਾ ਲੱਗਾ ਹੋਇਆ ਹੈ, ਕੋਈ ਵੀ ਕਮਰਾ ਖੁੱਲ੍ਹਾ ਨਹੀਂ ਹੈ, ਫਿਰ ਤੁਸੀਂ ਇਸ ਬਾਰੇ ਕੀ ਐਕਸ਼ਨ ਲਵੋਗੇ? ਤੁਸੀਂ ਕਹਿ ਰਹੇ ਹੋ ਕਿ ਦੋ-ਦੋ ਦਿਨ ਵੰਡ ਕੇ ਕਲਾਸਿਜ਼ ਲੱਗਦੀਆਂ ਹਨ ਪਰ ਉਥੇ ਕੋਈ ਵੀ ਨਹੀਂ ਆਉਂਦਾ ਹੈ। ਜੇਕਰ ਤੁਹਾਨੂੰ ਵਿਸ਼ਵਾਸ ਨਹੀਂ ਹੈ ਤਾਂ ਤੁਸੀਂ ਮੇਰੇ ਕੋਲ ਆਵੋ ਅਤੇ ਅਸੀਂ ਦੋਵੇਂ ਇਕੱਠੇ ਜਾਵਾਂਗੇ। ਤੁਸੀਂ ਦੇਖੋਗੇ ਕਿ ਪੂਰਾ ਕਾਲਜ ਲੌਕਡ ਹੈ। ਸੋ, ਕਦੋਂ ਤੱਕ ਇਸ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ? ਜਦੋਂ ਭਰਤੀ ਹੋਵੇਗੀ, ਉਦੋਂ ਦੇਖਾਂਗੇ, ਲੇਕਿਨ ਜਿਹੜੇ ਬੱਚੇ ਉਥੇ ਦਾਖਲਾ ਲੈ ਚੁੱਕੇ ਹਨ ਉਨ੍ਹਾਂ ਦੀ ਪੜ੍ਹਾਈ ਦਾ ਹਰਜਾ ਨਾ ਹੋਵੇ। ਤੁਸੀਂ ਕੋਈ ਪੱਕਾ ਸਟਾਫ ਲਗਾਉ, ਚਾਹੇ ਦੋ-ਤਿੰਨ ਪ੍ਰੋਫੈਸਰ ਹੀ ਲਗਾ ਦਿਉ ਤਾਂ ਕਿ ਉਨ੍ਹਾਂ ਦਾ ਸੈਸ਼ਨ ਖਰਾਬ ਨਾ ਹੋਵੇ।

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਜੋ ਇਨ੍ਹਾਂ ਨੇ ਪੁੱਛਿਆ ਹੈ, ਮੈਂ ਆਲਰੇਡੀ ਜਵਾਬ ਦੇ ਚੁੱਕਾ ਹਾਂ।

**ਮਾਣਯੋਗ ਸਪੀਕਰ** : ਧੰਨਵਾਦ ਜੀ।

-------

## ਸਿਧਵਾਂ ਕੈਨਾਲ ਤੇ ਬਣੇ ਛੰਮਟ ਪੁਲ ਤੋਂ ਚੰਗਨ ਪੁਲ ਤੱਕ (ਕੈਨਾਲ ਰੋਡ) ਸੜਕ ਦੀ ਮੁਰੰਮਤ/ਨਵੀਂ ਬਣਾਉਣਾ

***1205. ਸਰਦਾਰ ਮਨਪ੍ਰੀਤ ਸਿੰਘ ਇਆਲੀ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿੱਧਵਾਂ ਕੈਨਾਲ ਤੇ ਬਣੇ ਛੰਮਟ ਪੁਲ ਤੋਂ ਚੰਗਨ ਪੁਲ ਤੱਕ ਕੈਨਾਲ ਰੋਡ (ਜਿਲ੍ਹਾ ਲੁਧਿਆਣਾ) ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੋਣ ਕਰਕੇ ਇਸ ਸੜਕ ਦੀ ਮੁਰੰਮਤ ਜਾਂ ਨਵੀਂ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਸਰਦਾਰ ਹਰਭਜਨ ਸਿੰਘ :** ਨਹੀਂ ਜੀ। ਇਸ ਲਿੰਕ ਸੜਕ ਦੀ ਸਪੈਸ਼ਲ ਰਿਪੇਅਰ ਦਾ ਕੰਮ 07/2019 ਵਿੱਚ ਕੀਤਾ ਗਿਆ ਸੀ ਅਤੇ ਇਸ ਦੀ ਅਗਲੀ ਸਪੈਸ਼ਲ ਰਿਪੇਅਰ 07/2025 ਵਿੱਚ ਡਿਊ ਹੈ। ਇਸ ਸੜਕ ਦੀ ਸਪੈਸ਼ਲ ਰਿਪੇਅਰ ਪੰਜਾਬ ਮੰਡੀ ਬੋਰਡ ਦੇ ਪ੍ਰੋਗਰਾਮ ਵਿੱਚ ਪ੍ਰਵਾਨਗੀ ਅਤੇ ਫੰਡਾਂ ਦੀ ਉਪਲੱਬਧਤਾ ਉਪਰੰਤ ਕਰਵਾਈ ਜਾਵੇਗੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਸਰ, ਇਹ ਸੜਕ 2018 ਵਿੱਚ ਬਣਨੀ ਸ਼ੁਰੂ ਹੋਈ ਸੀ ਅਤੇ 2019 ਵਿੱਚ ਕੰਪਲੀਟ ਹੋ ਗਈ ਸੀ। ਇਸ ਤੇ ਬਹੁਤ ਹੈਵੀ ਟਰੈਫਿਕ ਚੱਲ ਰਿਹਾ ਹੈ ਕਿਉਂਕਿ ਇੱਥੇ 15 ਅਪਰੂਵਡ ਕਲੋਨੀਆਂ ਅਤੇ 5 ਹਾਈ ਰਾਈਜ਼ ਬਿਲਡਿੰਗ ਅਪਾਰਟਮੈਂਟ ਦੇ ਪ੍ਰਾਜੈਕਟ ਚੱਲ ਰਹੇ ਹਨ। ਇਹ ਸਾਰੇ ਕੋਲੋਨਾਈਜ਼ਰਜ਼ ਨੇ ਈ.ਡੀ.ਸੀ. ਦੇ ਰੂਪ ਵਿੱਚ ਸਰਕਾਰ ਨੂੰ ਕਰੋੜਾਂ ਹੀ ਰੁਪਿਆ ਦਿੱਤਾ ਹੈ। ਉਨ੍ਹਾਂ ਕਲੋਨੀਆਂ ਵਿੱਚ ਉਸਾਰੀ ਦੇ ਕੰਮਾਂ ਕਾਰਨ ਬਹੁਤ ਜ਼ਿਆਦਾ ਮਟੀਰੀਅਲ ਆ ਰਿਹਾ ਹੈ, ਜਿਸ ਕਾਰਨ ਸੜਕ ਦਾ ਬਹੁਤ ਬੁਰਾ ਹਾਲ ਹੋ ਗਿਆ ਹੈ। ਸੋ, ਸਾਰੇ ਡਿਵੈਲਪਰਾਂ ਦੀ ਅਤੇ ਇਲਾਕੇ ਦੀ ਸਹੂਲਤ ਲਈ ਸਮੇਂ ਤੋਂ ਪਹਿਲਾਂ ਇਸ ਸੜਕ ਨੂੰ ਪਲਾਨ ਰੋਡ ਡਿਕਲੇਅਰ ਕਰਕੇ ਗਲਾਡਾ ਤੋਂ ਫੰਡਜ਼ ਲਏ ਜਾਣ ਅਤੇ ਸੜਕ ਬਣਾਈ ਜਾਵੇ। ਇਹੋ ਰੋਡ ਬਾਈਪਾਸ ਤੇ ਵੀ ਜੁੜਦੀ ਹੈ। ਸੋ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਇਸ ਸੜਕ ਨੂੰ ਪਹਿਲ ਦੇ ਆਧਾਰ ਤੇ ਪਲਾਨ ਰੋਡ ਵਿੱਚ ਪਾ ਕੇ ਗਲਾਡਾ ਰਾਹੀਂ ਮੋਟੀ ਲੇਅਰ ਵਾਲੀ ਮਜ਼ਬੂਤ ਸੜਕ ਬਣਾ ਦਿੱਤੀ ਜਾਵੇਗੀ?

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਸਿੱਧਵਾਂ ਕਨਾਲ ਤੇ ਬਣੇ ਛੰਮਟ ਪੁਲ ਤੋਂ ਚੰਗਨ ਪੁਲ ਤੱਕ ਜਾਂਦੀ ਸੜਕ ਦੀ ਲੰਬਾਈ ਲਗਭਗ ਸਾਢੇ 9 ਕਿਲੋਮੀਟਰ ਹੈ ਅਤੇ ਇਸ ਦੀ ਪਿਛਲੀ ਸਪੈਸ਼ਲ ਰਿਪੇਅਰ ਜੁਲਾਈ, 2019 ਵਿੱਚ ਹੋਈ ਸੀ। ਇਸ ਲਿੰਕ ਰੋਡ ਦੀ ਅਗਲੀ ਰਿਪੇਅਰ ਜੁਲਾਈ, 2025 ਵਿੱਚ ਡਿਊ ਹੈ। ਹਾਲ ਦੀ ਘੜੀ ਇਸ ਸੜਕ ਨੂੰ ਰਿਪੇਅਰ ਕਰਨ ਵਾਸਤੇ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ਕਿਉਂਕਿ ਇਹ ਸੜਕ ਹਾਲੇ ਤੱਕ ਡਿਊ ਹੀ ਨਹੀਂ ਹੋਈ ਹੈ। ਇਸ ਤੋਂ ਇਲਾਵਾ ਜਦੋਂ ਵੀ 2019-20 ਵਿੱਚ ਮੁਰੰਮਤ ਕੀਤੀਆਂ ਗਈਆਂ ਸੜਕਾਂ ਦੀ ਖਾਸ ਮੁਰੰਮਤ ਦਾ ਪ੍ਰੋਗਰਾਮ ਵਿਚਾਰਿਆ ਜਾਵੇਗਾ, ਉਸ ਵਿੱਚ ਇਸ ਸੜਕ ਦੀ ਵੀ ਸਪੈਸ਼ਲ ਰਿਪੇਅਰ ਕਰਵਾ ਦਿੱਤੀ ਜਾਵੇਗੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ** : ਸਰ, ਇਹ ਜਵਾਬ ਤਾਂ ਪਹਿਲਾਂ ਹੀ ਆ ਗਿਆ ਸੀ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਅਜਿਹੀਆਂ ਇੰਪਾਰਟੈਂਟ ਰੋਡਜ਼, ਜਿਨ੍ਹਾਂ ਤੇ ਹੈਵੀ ਇੰਨੀ ਜ਼ਿਆਦਾ ਟਰੈਫਿਕ ਹੈ, ਜਿਸ ਤੋਂ ਸਰਕਾਰ ਨੂੰ ਕਰੋੜਾਂ ਰੁਪਏ ਦਾ ਰੈਵੇਨਿਊ ਵੀ ਆ ਰਿਹਾ ਹੈ ਤਾਂ ਇਸ ਨੂੰ ਪਲਾਨ ਰੋਡ ਵਿੱਚ ਪਾ ਕੇ ਗਲਾਡਾ ਤੋਂ ਬਣਾਇਆ ਜਾ ਸਕਦਾ ਹੈ, ਮੰਤਰੀ ਸਾਹਿਬ ਇਸ ਬਾਰੇ ਦੱਸਣ ਕਿ ਕੀ ਕੋਈ ਪਲਾਨ ਹੈ?

**ਮੰਤਰੀ** : ਸਪੀਕਰ ਸਾਹਿਬ, ਇਸ ਸੜਕ ਨੂੰ ਗਲਾਡਾ ਤੋਂ ਰਿਪੇਅਰ ਕਰਵਾਉਣ ਜਾਂ ਪਲਾਨ ਰੋਡ ਵਿੱਚ ਪਾਉਣ ਦੀ ਕੋਈ ਵੀ ਤਜਵੀਜ਼ ਨਹੀਂ ਹੈ। ਪਰ ਜਿਵੇਂ ਮੈਂਬਰ ਸਾਹਿਬ ਨੇ ਦੱਸਿਆ ਹੈ, ਅਸੀਂ ਇਸ ਨੂੰ ਇਗਜ਼ਾਮਿਨ ਜ਼ਰੂਰ ਕਰਵਾ ਲਵਾਂਗੇ। ਜੇਕਰ ਸੰਭਵ ਹੋਇਆ ਤਾਂ ਇਸ ਨੂੰ ਪਲਾਨ ਰੋਡ ਵਿੱਚ ਵੀ ਪਾ ਲਵਾਂਗੇ ਪਰ ਇਸ ਤੋਂ ਪਹਿਲਾਂ ਇਸ ਨੂੰ ਇਗਜ਼ਾਮਿਨ ਜ਼ਰੂਰ ਕਰਵਾਵਾਂਗੇ।

**ਮਾਣਯੋਗ ਸਪੀਕਰ** : ਧੰਨਵਾਦ ਜੀ।

-------

## ਜ਼ਮੀਨਾਂ ਦੀ ਵੰਡ ਹੋਣ ਤੇ ਸਾਂਝੀਆਂ ਮੋਟਰਾਂ ਵੰਡਣਾ

***1270. ਸਰਦਾਰ ਹਰਮੀਤ ਸਿੰਘ ਪਠਾਨਮਾਜਰਾ :** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪਰਿਵਾਰ ਵਿੱਚ ਸਾਂਝੀਆਂ ਜ਼ਮੀਨਾਂ ਵੰਡੇ ਜਾਣ ਤੇ ਸਾਂਝੀਆਂ ਮੋਟਰਾਂ ਵੀ ਭਰਾਬੰਦੀ ਸਕੀਮ ਤਹਿਤ ਵੰਡਣ ਦਾ ਵਿਚਾਰ ਰੱਖਦੀ ਹੈ ?

**ਸਰਦਾਰ ਹਰਭਜਨ ਸਿੰਘ** : ਨਹੀਂ ਜੀ। ਪਰਿਵਾਰ ਵਿੱਚ ਸਾਂਝੀਆਂ ਜ਼ਮੀਨਾਂ ਵੰਡੇ ਜਾਣ ਤੇ ਸਾਂਝੀਆਂ ਮੋਟਰਾਂ ਵੀ ਭਰਾਬੰਦੀ ਤਹਿਤ ਵੰਡਣ ਦੀ ਕੋਈ ਤਜਵੀਜ਼ ਇਸ ਵੇਲੇ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ** : ਸਪੀਕਰ ਸਾਹਿਬ, ਪਰਿਵਾਰ ਵਿੱਚ ਹਰ ਇੱਕ ਬੰਦਾ ਅਲੱਗ ਹੁੰਦਾ ਹੈ ਅਤੇ ਇਸ ਕਾਰਨ ਪੰਜਾਬ ਵਿੱਚ ਮੋਟਰ ਕੁਨੈਕਸ਼ਨਾਂ ਦਾ ਬਹੁਤ ਮਾੜਾ ਹਾਲ ਹੁੰਦਾ ਹੈ।

**ਮਾਣਯੋਗ ਸਪੀਕਰ** : ਪਠਾਨਮਾਜਰਾ ਸਾਹਿਬ, ਤੁਸੀਂ ਇਹ ਸੁਜੈਸ਼ਨ ਮੰਤਰੀ ਸਾਹਿਬ ਨੂੰ ਮਿਲ ਕੇ ਦੇ ਦਿਉ। ਮੈਂ ਅਗਲਾ ਸਵਾਲ ਲੈ ਲਵਾਂ।

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ** : ਸਰ, ਇੱਥੇ ਹੀ ਠੀਕ ਹੈ ਜੀ।

**ਮਾਣਯੋਗ ਸਪੀਕਰ** : ਉਨ੍ਹਾਂ ਦਾ ਜਵਾਬ ਤਾਂ ਆ ਗਿਆ ਹੈ। ਹੁਣ ਤੁਸੀਂ ਬੈਠੋ ਜੀ। ਆਪਾਂ ਅਗਲਾ ਸਵਾਲ ਲਈਏ ਜੀ। ਹੋਰ ਵੀ ਸਾਥੀਆਂ ਦੇ ਸਵਾਲ ਰਹਿੰਦੇ ਹਨ।

-------

## ਨਗਰ ਸੁਧਾਰ ਟਰੱਸਟ ਵਿੱਚ ਵਾਧੂ ਉਸਾਰੀ ਨੂੰ ਕੰਪਾਊਂਡ ਕਰਨ ਦੀ ਪਾਲਿਸੀ ਬਣਾਉਣਾ

***1173. ਸਰਦਾਰ ਗੁਰਦਿੱਤ ਸਿੰਘ ਸੇਖੋਂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਗਰ ਸੁਧਾਰ ਟਰੱਸਟਾਂ ਦੀਆਂ ਸਕੀਮਾਂ ਵਿੱਚ ਮਕਾਨ ਮਾਲਕਾਂ ਵੱਲੋਂ ਉਸਾਰੀ ਦੌਰਾਨ ਕੁਝ ਵਾਧੂ ਉਸਾਰੀ ਕਰ ਲਈ ਜਾਂਦੀ ਹੈ ਅਤੇ ਕੀਤੀ ਗਈ ਵਾਧੂ ਉਸਾਰੀ ਨੂੰ ਕੰਪਾਊਂਡ ਕਰਨ ਲਈ ਨਗਰ ਸੁਧਾਰ ਟਰੱਸਟ ਵਿੱਚ

ਕੋਈ ਵੀ ਪੱਕੀ ਪਾਲਿਸੀ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਨਗਰ ਸੁਧਾਰ ਟਰੱਸਟਾਂ ਵਿੱਚ ਵਾਧੂ ਉਸਾਰੀ ਨੂੰ ਕੰਪਾਊਂਡ ਕਰਨ ਲਈ ਇੱਕ ਪੱਕੀ ਪਾਲਿਸੀ ਕਦੋਂ ਤੱਕ ਬਣਾ ਦੇਵੇਗੀ?

**ਸਰਦਾਰ ਬਲਕਾਰ ਸਿੰਘ :** ਨਗਰ ਸੁਧਾਰ ਟਰੱਸਟ ਅਧੀਨ ਆਉਂਦੀਆਂ ਸਕੀਮਾਂ ਵਿਚ ਪੈਂਦੀਆਂ ਬਿਲਡਿੰਗਾਂ ਦੀ ਉਸਾਰੀ ਪ੍ਰਵਾਨਤ ਸਕੀਮ ਦੇ ਸ਼ਡਿਊਲ ਆਫ ਕਲਾਜਿਜ਼ ਅਨੁਸਾਰ ਕੀਤੀ ਜਾਂਦੀ ਹੈ। ਜੇਕਰ ਸ਼ਡਿਊਲ ਆਫ ਕਲਾਜਿਜ਼ ਤੋਂ ਵਾਧੂ ਉਸਾਰੀ ਕੀਤੀ ਜਾਂਦੀ ਹੈ ਤਾਂ ਇਸ ਵਾਧੂ ਉਸਾਰੀ ਨੂੰ ਕੰਪਾਊਂਡ ਕਰਨ ਲਈ ਸਰਕਾਰ ਵੱਲੋਂ ਮੀਮੋਂ ਨੰ. **5/103/04-4LG2/3794 ਮਿਤੀ 12.05.2006** ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਜਿਸ ਵਿਚ ਵੱਖ ਵੱਖ ਮੰਤਵਾਂ ਦੀਆਂ ਬਿਲਡਿੰਗਾਂ ਜਿਵੇਂ ਕਿ ਰਿਹਾਇਸ਼ੀ, Government ਅਤੇ Government Aided ਸਕੂਲਾਂ, ਚੈਰੀਟੇਬਲ ਹਸਪਤਾਲਾਂ, ਕਾਰੋਬਾਰੀ, ਇੰਡਸਟਰੀਅਲ, ਇੰਸੀਟਿਊਸ਼ਨਲ ਆਦਿ ਨੂੰ ਕੰਪਾਊਂਡਿੰਗ ਚਾਰਜਿਜ਼ ਲੈ ਕੇ ਕੰਪਾਊਂਡ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਸਥਾਨਕ ਸਰਕਾਰ ਵਿਭਾਗ ਵੱਲੋਂ ਅਣ-ਅਧਿਕਾਰਤ ਬਿਲਡਿੰਗਾਂ ਨੂੰ ਨਿਯਮਿਤ ਕਰਨ ਲਈ ਪੰਜਾਬ ਵਨ-ਟਾਈਮ ਵਲੰਟਰੀ ਡਿਸਕਲੋਜ਼ਰ ਐਂਡ ਸੈਟਲਮੈਂਟ ਆਫ ਬਿਲਡਿੰਗ ਬਾਈ ਲਾਅਜ਼ ਬਿੱਲ, 2021 ਪਹਿਲਾਂ ਹੀ ਵਿਧਾਨ ਸਭਾ ਦੁਆਰਾ ਪਾਸ ਕੀਤਾ ਜਾ ਚੁੱਕਾ ਹੈ ਅਤੇ ਹੁਣ ਇਹ ਬਿੱਲ ਮਾਨਯੋਗ ਗਵਰਨਰ ਪੰਜਾਬ ਜੀ ਦੇ ਵਿਚਾਰ ਅਧੀਨ ਹੈ।

**1100/mehak/Monika sharma**

**ਮਾਣਯੋਗ ਸਪੀਕਰ**: ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ। ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ।

--------------

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਪਿੰਡਾਂ ਵਿੱਚ ਬਣੀਆਂ ਐਸ.ਸੀ. ਧਰਮਸ਼ਾਲਾਵਾਂ ਨੂੰ ਗਰਾਂਟਾਂ ਜਾਰੀ ਕਰਨਾ

***1231. ਸਰਦਾਰ ਲਾਭ ਸਿੰਘ ਉਗੋਕੇ**: ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੀਆਂ ਕਿਹੜੀਆਂ-ਕਿਹੜੀਆਂ ਸਕੀਮਾਂ ਹਨ, ਜਿਸ ਨਾਲ ਪਿੰਡਾਂ ਵਿੱਚ ਬਣੀਆਂ ਐਸ.ਸੀ. ਧਰਮਸ਼ਾਲਾਵਾਂ ਨੂੰ ਗ੍ਰਾਂਟਾਂ ਜਾਰੀ ਹੋ ਸਕਦੀਆਂ ਹਨ?

**ਸਰਦਾਰ ਲਾਲਜੀਤ ਸਿੰਘ ਭੁੱਲਰ:** ਸ਼੍ਰੀਮਾਨ ਜੀ, ਹਾਂ ਜੀ। ਉਕਤ ਪ੍ਰਸ਼ਨ ਸਬੰਧੀ ਦੱਸਿਆ ਜਾਂਦਾ ਹੈ ਕਿ ਵਿਭਾਗ ਦੀ ਵਿਵੇਕੀ ਗਰਾਂਟਾਂ ਦੀ ਪਾਲਿਸੀ ਅਨੁਸਾਰ ਪਿੰਡਾਂ ਵਿੱਚ ਐਸ.ਸੀ. ਧਰਮਸ਼ਾਲਾਵਾਂ ਦੀ ਉਸਾਰੀ ਲਈ ਵਿਵੇਕੀ ਗਰਾਂਟ ਜਾਰੀ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਪਲਾਨ ਸਕੀਮ ਆਰ.ਡੀ.ਓ (ਐਸ)-36 ਅਨੁਸਾਰ ਐਸ.ਸੀ. ਆਬਾਦੀ

ਦੇ ਆਧੁਨਿਕੀਕਰਨ ਅਤੇ ਸੁਧਾਰ ਲਈ ਗਰਾਂਟ ਜਾਰੀ ਕੀਤੀ ਜਾ ਸਕਦੀ ਹੈ ਬਸ਼ਰਤੇ ਜਿਨ੍ਹਾਂ ਪਿੰਡਾਂ ਵਿੱਚ ਐਸ.ਸੀ. ਆਬਾਦੀ 50% ਤੋਂ ਵੱਧ ਹੈ।

------

**ਸੇਮ ਨੂੰ ਖਤਮ ਕਰਨ ਲਈ ਚਲਾਈ ਗਈ ਸਬ ਸਰਫੇਸ ਸਕੀਮ ਦੇ ਵੇਰਵੇ**

***1215. ਸ੍ਰੀ ਜਗਦੀਪ ਕੰਬੋਜ ਗੋਲਡੀ**: ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਜਲਾਲਾਬਾਦ ਹਲਕੇ ਦੇ ਪਿੰਡ ਸ਼ਜਰਾਣਾ ਵਿੱਚ ਸੇਮ ਨੂੰ ਖਤਮ ਕਰਨ ਲਈ ਸਰਕਾਰ ਵੱਲੋਂ ਜੋ ਸਬ ਸਰਫੇਸ ਸਕੀਮ ਚਲਾਈ ਗਈ ਸੀ; ਉਸ ਦੀ ਕੁੱਲ ਲਾਗਤ ਕਿੰਨੀ ਸੀ;

(ਅ) ਕੀ ਉਕਤ ਸਕੀਮ ਅਧੀਨ ਮੋਟਰਾਂ ਸੇਮ ਦਾ ਪਾਣੀ ਕੱਢ ਰਹੀਆਂ ਹਨ;

(ੲ) ਇਹ ਪ੍ਰਾਜੈਕਟ ਕਦੋਂ ਬਣਿਆ ਸੀ ਅਤੇ ਕੀ ਇਹ ਹੁਣ ਤੱਕ ਚੱਲ ਰਿਹਾ ਹੈ ਜਾਂ ਮੁਕੰਮਲ ਹੋ ਗਿਆ ਹੈ, ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਚੇਤਨ ਸਿੰਘ ਜੋੜਾਮਾਜਰਾ:**

(ੳ) ਪਿੰਡ ਸ਼ਜਰਾਣਾ ਵਿਖੇ ਸੇਮ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਬਣਾਈ ਗਈ ਸਬ-ਸਰਫੇਸ ਸਕੀਮ ਦੀ ਕੁੱਲ ਲਾਗਤ 9,87,77,858/- ਰੁਪਏ ਸੀ।

(ਅ) ਮੌਜੂਦਾ ਸਮੇਂ ਵਿੱਚ ਇਸ ਸਬ-ਸਰਫੇਸ ਸਕੀਮ ਅਧੀਨ 6 ਨੰਬਰ ਮੋਟਰਾਂ ਚੱਲ ਰਹੀਆਂ ਹਨ।

(ੲ) ਇਸ ਸਬ—ਸਰਫੇਸ ਪ੍ਰੋਜੈਕਟ ਦੀ ਉਸਾਰੀ ਦਾ ਕੰਮ ਮਿਤੀ 25.02.2015 ਨੂੰ ਸ਼ੁਰੂ ਕੀਤਾ ਗਿਆ ਅਤੇ ਮਿਤੀ 31.10.2017 ਨੂੰ ਮੁਕੰਮਲ ਕਰ ਲਿਆ ਗਿਆ ਸੀ।

------

**ਪੰਚਾਇਤੀ ਜ਼ਮੀਨਾਂ ਤੇ ਨਜਾਇਜ਼ ਕਬਜੇ ਕਰਕੇ ਬੈਠੇ ਲੋਕਾਂ ਨੂੰ ਰਾਹਤ ਦੇਣਾ**

***1261. ਸ੍ਰੀ ਰਜਨੀਸ਼ ਕੁਮਾਰ ਦਹੀਯਾ:** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਚਾਇਤੀ ਜ਼ਮੀਨਾਂ ਤੇ ਨਜਾਇਜ਼ ਕਬਜ਼ੇ ਛੁਡਾਏ ਗਏ ਸਨ, ਪਰ ਕਈ ਥਾਵਾਂ ਤੇ ਕਾਫੀ ਸਮੇਂ ਤੋਂ ਬਹੁਤੇ ਲੋਕ ਰਿਹਾਇਸ਼ ਬਣਾ ਕੇ ਆਪਣੇ ਪਰਿਵਾਰਾਂ ਸਮੇਤ ਆਪਣਾ ਗੁਜ਼ਾਰਾ ਕਰ ਰਹੇ ਹਨ ਅਤੇ ਇਨ੍ਹਾਂ ਦੇ ਸ਼ਨਾਖਤੀ ਕਾਰਡ, ਵੋਟਰ ਆਈ.ਡੀ. ਕਾਰਡ ਆਦਿ ਡਾਕੂਮੈਂਟ ਵੀ ਆਪਣੇ ਰਿਹਾਇਸ਼ੀ ਪਤਿਆਂ ਉੱਪਰ ਬਣਾਏ ਹੋਏ ਹਨ, ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਲੋਕਾਂ ਨੂੰ ਰਾਹਤ ਦੇਣ ਲਈ ਸਰਕਾਰ ਕੋਈ ਤਜਵੀਜ਼ ਬਣਾ ਰਹੀ ਹੈ, ਜੇਕਰ ਹਾਂ ਤਾਂ ਵੇਰਵੇ ਸਹਿਤ ਦੱਸਿਆ ਜਾਵੇ?'

**ਸਰਦਾਰ ਲਾਲਜੀਤ ਸਿੰਘ ਭੁੱਲਰ:** ਸ੍ਰੀਮਾਨ ਜੀ, ਨਹੀਂ ਜੀ।

--------

## UNSTARRED QUESTIONS AND ANSWERS

### ਫਰੀਦਕੋਟ ਸ਼ਹਿਰ (ਅਨੰਦੇਆਣਾ ਗੇਟ ਤੋਂ ਬਾਜੀਗਰ ਬਸਤੀ ਚੌਂਕ ਤੱਕ) ਵਿੱਚ ਸਾਈਕਲ ਟਰੈਕ ਬਣਾਉਣਾ

**416. ਸਰਦਾਰ ਗੁਰਦਿੱਤ ਸਿੰਘ ਸੇਖੋਂ**: ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਸ਼ਹਿਰ ਵਿੱਚ (ਅਨੰਦੇਆਣਾ ਗੇਟ ਤੋਂ ਬਾਜੀਗਰ ਬਸਤੀ ਚੌਂਕ ਤੱਕ) ਇੱਕ ਗੰਦਾ ਨਾਲਾ ਵੱਗਦਾ ਸੀ ਜਿਸ ਨੂੰ ਹੁਣ ਨਗਰ ਕੌਂਸਲ ਵੱਲੋਂ ਬੰਦ ਕਰਕੇ ਉਸਦੀ ਜਗ੍ਹਾਂ ਤੇ ਗੰਦੇ ਪਾਣੀ ਦੀ ਨਿਕਾਸੀ ਲਈ ਪਾਈਪਾਂ ਪਾ ਦਿੱਤੀਆਂ ਹਨ ਅਤੇ ਹਾਲ ਦੀ ਘੜੀ ਇਹ ਜਗ੍ਹਾ ਕਿਸੇ ਵੀ ਵਰਤੋਂ ਵਿੱਚ ਨਹੀਂ ਹੈ ਜੇਕਰ ਅਜਿਹਾ ਹੋਵੇ ਤਾਂ ਇਲਾਕੇ ਦੇ ਲੋਕਾਂ ਲਈ ਇੱਥੇ ਸਾਇਕਲ ਟਰੈਕ ਬਣਾਉਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਬਲਕਾਰ ਸਿੰਘ:** ਹਾਂ ਜੀ, ਨਗਰ ਕੌਂਸਲ ਫਰੀਦਕੋਟ ਵੱਲੋਂ open drain ਬੰਦ ਕਰਕੇ storm drainage line ਪਾਈ ਗਈ ਹੈ। ਇਸ ਜਗ੍ਹਾਂ ਤੇ ਇੰਟਰਲੋਕਿੰਗ ਟਾਇਲ ਦਾ ਫਰਸ਼ ਲਗਾਇਆ ਜਾਣਾ ਹੈ, ਜਿਸਨੂੰ ਲੋਕਾਂ ਦੀ ਆਵਾਜਾਈ ਸਮੇਤ cycling ਲਈ ਵਰਤਿਆ ਜਾ ਸਕਦਾ ਹੈ। ਨਗਰ ਕੌਂਸਲ ਵੱਲੋਂ ਮਤਾ ਨੰ:19 ਮਿਤੀ 27—02—2024 ਰਾਹੀਂ 73.55 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਹੈ। ਟੈਂਡਰ ਅਲਾਟਮੈਂਟ ਉਪਰੰਤ ਇਸ ਕੰਮ ਨੂੰ 6 ਮਹੀਨਿਆਂ ਦੇ ਅੰਦਰ-ਅੰਦਰ ਪੂਰਾ ਕਰਵਾ ਦਿੱਤਾ ਜਾਵੇਗਾ।

-------

### ਫਰੀਦਕੋਟ ਹਲਕੇ ਨੂੰ ਡਾਰਕ ਜੋਨ ((ਸੇਮ ਵਾਲੇ ਏਰੀਏ ਵਿੱਚੋਂ ਕੱਢਣਾ

**419. ਸਰਦਾਰ ਗੁਰਦਿੱਤ ਸਿੰਘ ਸੇਖੋਂ :** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਰੀਦਕੋਟ ਹਲਕੇ ਨੂੰ ਡਾਰਕ ਜੋਨ ਵਿੱਚ ਰੱਖਿਆ ਗਿਆ ਹੈ (ਸੇਮ ਵਾਲਾ ਏਰੀਆ); ਜੇਕਰ ਅਜਿਹਾ ਹੈ ਤਾਂ ਸਰਕਾਰ ਵੱਲੋਂ ਫਰੀਦਕੋਟ ਹਲਕੇ ਨੂੰ ਡਾਰਕ ਜੋਨ ਵਿੱਚੋਂ ਕੱਢਣ ਲਈ ਕੀ ਉਪਰਾਲੇ ਕੀਤੇ ਜਾ ਰਹੇ ਹਨ?

**ਸਰਦਾਰ ਚੇਤਨ ਸਿੰਘ ਜੋੜਾਮਾਜਰਾ**: ਫ਼ਰੀਦਕੋਟ ਹਲਕੇ ਨੂੰ ਡਾਰਕ ਜ਼ੋਨ ਤੋ ਬਾਹਰ ਕੱਢਣ ਲਈ ਇਸ ਮਹਿਕਮੇ ਵੱਲੋਂ ਨਹਿਰੀ ਪਾਣੀ ਦੀ ਵਰਤੋਂ ਕਰਕੇ ਜ਼ਮੀਨੀ ਪਾਣੀ ਦਾ ਪੱਧਰ ਵਧਾਉਣ ਲਈ ਪਿੰਡ ਰਾਜੂਵਾਲਾ ਅਤੇ ਕਿੰਗਰਾ ਵਿਖੇ 2 ਨੰ. ਰੀਚਾਰਜ ਸਕੀਮਜ਼ ਬਣਾਇਆ ਜਾ ਰਹੀਆਂ ਹਨ। ਇਸ ਤੋਂ ਇਲਾਵਾ ਹਲਕੇ ਵਿਚ ਨਹਿਰ ਦੇ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਕਰਨ ਲਈ ਕਿਸਾਨਾਂ ਨੂੰ ਪ੍ਰੇਰਿਤ ਕੀਤਾ ਜਾ ਰਿਹਾ ਹੈ ਅਤੇ ਨਹਿਰੀ ਪਾਣੀ ਨੂੰ ਟੇਲਾਂ ਤੱਕ ਪਹੁਚਾਉਣ ਲਈ 14 ਨੰਬਰ, ਨਹਿਰਾਂ ਦੀ ਸਫ਼ਾਈ ਦੇ ਕੰਮ ਕਰਵਾਏ ਗਏ ਹਨ। ਫ਼ਰੀਦਕੋਟ ਸ਼ਹਿਰ ਵਿੱਚ ਜ਼ਮੀਨੀ ਪਾਣੀ ਦੀ ਸਥਿਤੀ ਨੂੰ ਸੁਧਾਰਨ ਲਈ ਸ਼ਹਿਰ ਵਿਚੋਂ ਲੰਘਦੀ ਸਰਹਿੰਦ ਫੀਡਰ ਨਹਿਰ ਰਾਂਹੀ ਨਹਿਰੀ ਪਾਣੀ ਦੀ ਵਰਤੋਂ ਵਧਾਉਣ ਲਈ ਨਹਿਰ ਦੇ ਡਿਜ਼ਾਈਨ ਵਿਚ ਡਿਸਚਾਰਜ ਸਮਰੱਥਾ ਵਧਾਉਣ ਦਾ ਪ੍ਰਸਤਾਵ ਵੀ ਸਰਕਾਰ ਦੇ ਵਿਚਾਰ ਅਧੀਨ ਹੈ।

-------

## ਮਲੌਦ ਤੋਂ ਅੰਮ੍ਰਿਤਸਰ ਸਾਹਿਬ ਲਈ ਬੱਸ ਸਰਵਿਸ ਦੁਬਾਰਾ ਸ਼ੁਰੂ ਕਰਨਾ

**422. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਮਲੌਦ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਕੋਈ ਸਰਕਾਰੀ ਬੱਸ ਸਰਵਿਸ ਚੱਲਦੀ ਹੈ; ਜੇਕਰ ਨਹੀਂ ਤਾਂ ਇਹ ਬੱਸ ਸਰਵਿਸ ਦੁਬਾਰਾ ਕਦੋਂ ਸ਼ੁਰੂ ਕੀਤੀ ਜਾਵੇਗੀ।

**ਸਰਦਾਰ ਲਾਲਜੀਤ ਸਿੰਘ ਭੁੱਲਰ**: ਪੰਜਾਬ ਰੋਡਵੇਜ਼/ਪਨਬੱਸ ਵਲੋਂ ਸਵੇਰੇ 6:30 ਵਜੇ ਮਲੌਦ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਲਈ ਸਰਕਾਰੀ ਬੱਸ ਸਰਵਿਸ ਚਲਾਈ ਜਾ ਰਹੀ ਹੈ।

-------

## ਮੁਗਲ ਸਰਾਏ ਦੋਰਾਹਾ ਦਾ ਸੁੰਦਰੀਕਰਨ ਕਰਨਾ

**426 ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ :** ਕੀ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਮੁਗਲ ਸਰਾਏ ਦੋਰਾਹਾ ਦਾ ਜੋ ਸੁੰਦਰੀਕਰਨ ਦਾ ਕੰਮ ਕੀਤਾ ਜਾ ਰਿਹਾ ਸੀ, ਉਹ ਹੁਣ ਨਹੀਂ ਹੋ ਰਿਹਾ, ਜੇਕਰ ਅਜਿਹਾ ਹੈ ਤਾਂ ਮੁਗਲ ਸਰਾਏ ਦੋਰਾਹਾ ਦੀ ਸੁੰਦਰੀਕਰਨ ਦਾ ਕੰਮ ਕਦੋਂ ਤੱਕ ਦੁਬਾਰਾ ਸੁਰੂ ਕੀਤਾ ਜਾਵੇਗਾ;

ਅ) ਉਪਰੋਕਤ ਕੰਮ ਵਿੱਚ ਦੇਰੀ ਕਰਨ ਵਾਲੇ ਠੇਕੇਦਾਰ ਖਿਲਾਫ ਕੀ ਕਾਰਵਾਈ ਕੀਤੀ ਜਾ ਰਹੀ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀਮਤੀ ਅਨਮੋਲ ਗਗਨ ਮਾਨ:**

ੳ) ਮੁਗਲ ਸਰਾਏ, ਦੋਰਾਹਾ ਦੀ Restoration & Conservation ਦਾ ਕੰਮ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਵੱਲੋ 5 ਕਰੋੜ 26 ਲੱਖ ਰੁਪਏ ਵਿੱਚ ਅਲਾਟ ਕੀਤਾ ਗਿਆ ਸੀ। ਹੁਣ ਤੱਕ 67% ਕੰਮ ਮੋਕੇ ਉੱਤੇ ਮੁਕੰਮਲ ਹੋ ਚੁੱਕਾ ਹੈ। ਜਦੋ ਕਿ ਰਹਿੰਦੇ ਕੰਮ ਨੂੰ ਮੁਕੰਮਲ ਕਰਨ ਦੇ ਲਈ ਲੋੜੀਂਦੇ ਫੰਡ ਜਾਰੀ ਕਰਨ ਵਾਸਤੇ ਵਿੱਤ ਵਿਭਾਗ ਨੂੰ ਬੇਨਤੀ ਕੀਤੀ ਗਈ ਹੈ।

ਅ) ਵਿਭਾਗ ਵੱਲੋ ਠੇਕੇਦਾਰ ਨੂੰ ਲਿਖਤੀ ਰੂਪ ਵਿੱਚ ਕੰਮ ਨੂੰ ਖਤਮ ਕਰਨ ਲਈ ਕਿਹਾ ਗਿਆ ਹੈ। ਪ੍ਰੰਤੂ ਠੇਕੇਦਾਰ ਵੱਲੋ ਬਕਾਇਆ ਬਿਲਾ ਦੀ ਅਦਾਇਗੀ ਕਰਨ ਲਈ ਵਿਭਾਗ ਨੂੰ ਬੇਨਤੀ ਕੀਤੀ ਗਈ ਹੈ। ਫੰਡਾਂ ਦੀ ਘਾਟ ਹੋਣ ਕਾਰਨ ਵਿਭਾਗ ਵੱਲੋ ਠੇਕੇਦਾਰ ਦੇ ਬਕਾਇਆ ਬਿਲਾ ਦੀ ਅਦਾਇਗੀ ਬਾਕੀ ਹੈ।

----------------

**ਸੀ.ਐਚ.ਸੀ. ਮਲੌਦ ਦੀਆਂ ਖਾਲੀ ਅਸਾਮੀਆਂ ਦੇ ਵੇਰਵੇ**

**427. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੀ.ਐਚ.ਸੀ. ਮਲੌਦ ਵਿਖੇ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ਅਤੇ ਕੀ ਇਹਨਾਂ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ, ਜੇਕਰ ਹੈ ਤਾਂ ਕਦੋਂ ਤੱਕ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ, ਸੀ.ਐਚ.ਸੀ. ਮਲੌਦ ਵਿਖੇ ਕੁੱਲ 65 ਅਸਾਮੀਆਂ ਹਨ। ਜਿਹਨਾਂ ਵਿੱਚੋਂ 40 ਅਸਾਮੀਆਂ ਖਾਲੀ ਪਈਆਂ ਹਨ।ਸੀ.ਐਚ.ਸੀ. ਮਲੌਦ ਵਿਖੇ ਖਾਲੀ ਅਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:—

| ਲੜੀਨੰ: | ਅਸਾਮੀ ਦਾ ਨਾਂ | ਕੁੱਲ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|
| 1 | ਮੈਡੀਕਲਅਫਸਰ (ਜਨਰਲ) | 6 | 4 |
| 2 | ਅਪਥਾਲਮਿਕਅਫਸਰ | 1 | 1 |
| 3 | ਐਮ.ਐਲ.ਟੀਗ੍ਰੇਡ—2 | 2 | 1 |
| 4 | ਸਟਾਫਨਰਸ | 7 | 4 |
| 5 | ਐਮ.ਪੀ.ਐਚ.ਐਸ (ਫੀਮੇਲ) | 1 | 1 |
| 6 | ਫਾਰਮੇਸੀਅਫਸਰ | 2 | 1 |
| 7 | ਕਲਰਕ | 2 | 2 |
| 8 | ਕੰਪਿਊਟਰ | 1 | 1 |
| 9 | ਡਰਾਇਵਰ | 2 | 2 |
| 10 | ਟਰੇਂਡਦਾਈ | 3 | 3 |
| 11 | ਦਰਜਾਚਾਰ | 22 | 16 |
| 12 | ਸਵੀਪਰ | 4 | 4 |

ਮੈਡੀਕਲ ਅਫਸਰ (ਜਨਰਲ) ਦੀਆਂ 1940 ਅਸਾਮੀਆਂ ਨੂੰ ਵੱਖ ਵੱਖ ਫੇਜ਼ ਵਿੱਚ ਭਰਨ ਦੀ ਪ੍ਰਵਾਨਗੀ ਪੰਜਾਬ ਸਰਕਾਰ ਦੇ ਮੈਮੋਰੰਡਮ ਨੰ: 01/45/2024—1ਕੈਬਨਿਟ/1062 ਮਿਤੀ 09.03.2024 ਰਾਹੀਂ ਪ੍ਰਵਾਨਗੀ ਜਾਰੀ ਕੀਤੀ ਜਾ ਚੁੱਕੀ ਹੈ, ਇਨ੍ਹਾਂ ਅਸਾਮੀਆਂ ਵਿਚੋਂ ਪਹਿਲੇ ਫੇਜ਼ ਵਿੱਚ 400 ਅਸਾਮੀਆਂ ਭਰਨ ਲਈ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫਰੀਦਕੋਟ ਰਾਹੀਂ ਇਸ਼ਤਿਹਾਰ ਜਾਰੀ ਕੀਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ

ਮੈਡੀਕਲ ਅਫਸਰ (ਸਪੈਸ਼ਲਿਸਟ) ਦੀਆਂ ਅਸਾਮੀਆਂ ਨੂੰ ਭਰਨ ਸਬੰਧੀ ਪ੍ਰਕਿਰਿਆ ਜਾਰੀ ਹੈ।ਭਰਤੀ ਸਬੰਧੀ ਪ੍ਰਕਿਰਿਆ ਜਲਦ ਮੁਕੰਮਲ ਕਰ ਲਈ ਜਾਵੇਗੀ।

ਸਰਕਾਰ ਦੇ ਪੱਤਰ ਮਿਤੀ 30.09.2023 ਰਾਹੀਂ ਸਿਹਤ ਵਿਭਾਗ ਵਿੱਚ ਮੈਡੀਕਲ, ਪੈਰ੍ਹਾ ਮੈਡੀਕਲ ਅਤੇ ਹੋਰ ਸਟਾਫ ਦੀਆਂ ਅਸਾਮੀਆਂ ਨੂੰ ਰੈਗੂਲਰ ਤੌਰ ਤੇ ਭਰਨ ਦੀ ਮੰਜੂਰੀ ਜਾਰੀ ਕੀਤੀ ਜਾ ਚੁੱਕੀ । 1866 ਅਸਾਮੀਆਂ ਨੂੰ ਭਰਨ ਸਬੰਧੀ ਪ੍ਰਕਿਰਿਆ ਆਰੰਭ ਕਰ ਦਿੱਤੀ ਗਈ ਹੈ, ਜੋ ਕਿ ਜਲਦ ਮੁਕੰਮਲ ਕਰ ਲਈ ਜਾਵੇਗੀ।

-------

## ਹਲਕਾ ਪਾਇਲ ਦੇ ਪ੍ਰਾਇਮਰੀ, ਮਿਡਲ ਅਤੇ ਹਾਈ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਪੂਰੀ ਕਰਨਾ

**428.ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਪਾਇਲ ਵਿੱਚ ਕਿੰਨੇ ਪ੍ਰਾਇਮਰੀ ਸਕੂਲ, ਮਿਡਲ ਸਕੂਲ ਅਤੇ ਹਾਈ ਸਕੂਲ ਹਨ, ਜਿਨ੍ਹਾਂ ਵਿੱਚ ਅਧਿਆਪਕਾਂ ਦੀ ਗਿਣਤੀ ਤਿੰਨ ਜਾਂ ਤਿੰਨ ਤੋਂ ਵੀ ਘੱਟ ਹੈ, ਜੇਕਰ ਹਾਂ ਤਾਂ ਇਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਨੂੰ ਕਿਸ ਸਮੇਂ ਤੱਕ ਪੂਰਾ ਕੀਤਾ ਜਾਵੇਗਾ?

**ਸਰਦਾਰ ਹਰਜੋਤ ਸਿੰਘ ਬੈਂਸ**: ਹਲਕਾ ਪਾਇਲ )ਜ਼ਿਲ੍ਹਾ ਲੁਧਿਆਣਾ ਵਿੱਚ (3 ਅਤੇ 3 ਤੋਂ ਘੱਟ ਅਧਿਆਪਕਾਂ ਦੀ ਗਿਣਤੀ ਵਾਲੇ ਪ੍ਰਾਇਮਰੀ ਸਕੂਲਾਂ ਦੀ ਕੁੱਲ ਗਿਣਤੀ 94 ਹੈ ਅਤੇ ਮਿਡਲ ਸਕੂਲਾਂ ਦੀ ਕੁੱਲ ਗਿਣਤੀ 22 ਹੈ।ਹਲਕਾ ਪਾਇਲ ਦੇ ਪ੍ਰਾਇਮਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ ਸੰਬੰਧੀ ਈ.ਟੀ.ਟੀ.5994 ਦੀ ਭਰਤੀ ਦੀ ਪ੍ਰਕਿਰਿਆ ਚੱਲ ਰਹੀ ਹੈ, ਨਿਯਮਾਂ ਅਤੇ ਰੂਲਾਂ ਅਨੁਸਾਰ ਖਾਲੀ ਪੋਸਟਾਂ ਭਰ ਦਿੱਤੀਆਂ ਜਾਣਗੀਆਂ।

ਮਿਡਲ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਨੂੰ ਪੂਰਾ ਕਰਨ ਲਈ ਸਾਲ 2023-24 ਦੌਰਾਨ ਇਸ ਦਫਤਰ ਵੱਲੋਂ 4161 ਮਾਸਟਰ ਕਾਡਰ ਅਤੇ 598 ਬੈਕਲਾਗ ਮਾਸਟਰ ਕਾਡਰ ਸਿੱਧੀ ਭਰਤੀ ਅਧੀਨ ਲੁਧਿਆਣਾ ਜ਼ਿਲ੍ਹੇ ਵਿੱਚ ਹੁਣ ਤੱਕ 348 ਨਵ ਨਿਯੁਕਤ ਅਧਿਆਪਕਾਂ ਨੂੰ ਤਾਇਨਾਤ ਕੀਤਾ ਜਾ ਚੁੱਕਾ ਹੈ। ਦੱਸਣਯੋਗ ਹੈ ਕਿ- 4161 ਮਾਸਟਰ ਕਾਡਰ ਅਤੇ 598 ਬੈਕਲਾਗ ਮਾਸਟਰ ਕਾਡਰ ਭਰਤੀ ਇਸ ਸਮੇਂ ਅੰਤਿਮ ਚਰਣ ਤੇ ਹੈ। ਭਵਿੱਖ ਵਿੱਚ ਜਦੋਂ ਵੀ ਵਿਭਾਗ ਵੱਲੋਂ ਮਾਸਟਰ ਕਾਡਰ ਦੀ ਸਿੱਧੀ ਭਰਤੀ ਸਬੰਧੀ ਇਸ਼ਤਿਹਾਰ ਦਿੱਤਾ ਜਾਵੇਗਾ ਤਾਂ ਸਿੱਖਿਆ ਵਿਭਾਗ ਦੀ ਪਾਲਿਸੀ ਅਨੁਸਾਰ ਲੋੜਵੰਦ ਸਕੂਲਾਂ ਵਿੱਚ ਅਧਿਆਪਕਾਂ ਦੀ ਤਾਇਨਾਤੀ ਕਰ ਦਿੱਤੀ ਜਾਵੇਗੀ।

-------

## ਪਿੰਡਾਂ ਵਿੱਚ ਲੋਕਾਂ ਦੇ ਘਰਾਂ ਦੇ ਉੱਪਰੋਂ ਲੰਘਦੀਆਂ ਹਾਈ ਵੋਲਟੇਜ ਤਾਰਾਂ ਹਟਾਉਣਾ

433. **ਸਰਦਾਰ ਲਾਭ ਸਿੰਘ ਉਗੋਕੇ** : ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਭਦੌੜ ਦੇ ਜ਼ਿਆਦਾਤਰ ਪਿੰਡਾਂ ਵਿੱਚ ਘਰਾਂ ਦੇ ਉੱਪਰ ਦੀ ਹਾਈ ਵੋਲਟੇਜ 11 KV ਅਤੇ 66 KV ਤਾਰਾਂ ਲੰਘਦੀਆਂ ਹਨ ਅਤੇ ਕਈ ਪਿੰਡਾਂ ਵਿੱਚ ਤਾਂ ਘਰਾਂ ਦੇ ਵਿੱਚ ਟ੍ਰਾਂਸਫਾਰਮਰ ਲੱਗੇ ਹੋਏ ਹਨ ਅਤੇ ਇਹਨਾਂ ਤਾਰਾਂ ਅਤੇ ਟਰਾਂਸਫਾਰਮਰਾਂ ਕਾਰਨ ਹੁਣ ਤੱਕ ਕਈ ਜਾਨਲੇਵਾ ਹਾਦਸੇ ਵੀ ਵਾਪਰ ਚੁੱਕੇ ਹਨ; ਜੇਕਰ ਅਜਿਹਾ ਹੈ ਤਾਂ ਕੀ ਇਸ

ਸਮੱਸਿਆ ਦੇ ਹੱਲ ਸਬੰਧੀ ਸਰਕਾਰ ਵੱਲੋਂ ਕਿਸੇ ਤਰ੍ਹਾਂ ਦੇ ਕਦਮ ਉਠਾਏ ਜਾ ਰਹੇ ਹਨ ਤਾਂ ਜ਼ੋ ਇਹਨਾਂ ਤਾਰਾਂ ਅਤੇ ਟਰਾਂਸਫਾਰਮਰਾਂ ਕਾਰਨ ਹੁੰਦੇ ਹਾਦਸਿਆਂ ਨੂੰ ਰੋਕਿਆ ਜਾ ਸਕੇ?

**ਸਰਦਾਰ ਹਰਭਜਨ ਸਿੰਘ:** ਹਲਕਾ ਭਦੌੜ ਦੇ ਪਿੰਡਾਂ ਵਿੱਚ ਲੋਕਾਂ ਵਲੋਂ ਹਾਈ ਵੋਲਟੇਜ਼ 11 ਕੇ.ਵੀ. ਅਤੇ 66 ਕੇ.ਵੀ.ਤਾਰਾਂ ਦੇ ਨੇੜੇ ਅਤੇ ਹੇਠਾਂ ਅਣਅਧਿਕਾਰਤ ਤਰੀਕੇ ਨਾਲ ਘਰ ਉਸਾਰੇ ਗਏ ਹਨ। ਇਸ ਤੋਂ ਇਲਾਵਾ ਪਿੰਡਾਂ ਵਿਚ ਟਰਾਂਸਫਾਰਮਰਾਂ ਦੇ ਬਿਲਕੁਲ ਨੇੜੇ ਅਣਅਧਿਕਾਰਤ ਤਰੀਕੇ ਨਾਲ ਘਰ ਉਸਾਰੇ ਗਏ ਹਨ।

11 ਕੇ.ਵੀ. ਅਤੇ ਐਲ.ਟੀ. ਲਾਈਨਾਂ ਦੀ ਉਸਾਰੀ ਅਤੇ ਇਹਨਾਂ ਵਿੱਚ ਕੋਈ ਵੀ ਬਦਲਾਅ ਕੇਂਦਰੀ ਬਿਜਲੀ ਅਥਾਰਟੀ (ਸੀ.ਈ.ਏ.) ਦੀ ਰੈਗੂਲੇਸ਼ਨ 63 (ਸੁਰੱਖਿਆ ਅਤੇ ਬਿਜਲੀ ਸਪਲਾਈ ਨਾਲ ਸਬੰਧਤ ਉਪਾਅ) 2010 (ਨੋਟੀਫਿਕੇਸ਼ਨ ਨੰ: ਸੀ.ਈ.ਆਈ. 1/2/2015 ਮਿਤੀ 13.04.2015) ਅਧੀਨ ਕਵਰ ਕੀਤੇ ਗਏ ਹਨ। ਇਸ ਤੋ ਇਲਾਵਾ ਪੰਜਾਬ ਸਟੇਟ ਇਲੈਕਟ੍ਰੀਸਿਟੀ ਰੈਗੂਲੇਟਰੀ ਕਮਿਸ਼ਨ ਦੁਆਰਾ ਨੋਟੀਫਾਈ ਕੀਤੇ ਸਪਲਾਈ ਕੋਡ-2014 ਦੀ ਰੈਗੂਲੇਸ਼ਨ 11.1 ਤੋਂ 11.5 ਤਹਿਤ ਐਚ.ਟੀ. ਲਾਈਨਾਂ ਦੀ ਸ਼ਿਫਟਿੰਗ, ਘਰਾਂ ਵਿੱਚ ਲੱਗੇ ਟਰਾਂਸਫਾਰਮਰ ਦੀ ਸ਼ਿਫਟਿੰਗ ਜਾਂ ਹਟਾਉਣ ਦਾ ਕੰਮ ਖਪਤਕਾਰਾਂ/ਅਰਜ਼ੀਕਰਤਾ ਦੀ ਬੇਨਤੀ ਤੇ ਕੀਤਾ ਜਾਂਦਾ ਹੈ ਅਤੇ ਸ਼ਿਫਟਿੰਗ ਅਤੇ ਸ਼ਿਫਟਿੰਗ ਹੋਣ ਵਾਲਾ ਅਸਲ ਖਰਚਾ ਅਰਜ਼ੀਕਰਤਾ ਦੁਆਰਾ ਜ਼ਮ੍ਹਾਂ ਕਰਵਾਉਣਾ ਹੁੰਦਾ ਹੈ। ਇਸ ਲਈ ਪੀ.ਐਸ.ਪੀ.ਸੀ.ਐਲ. ਆਪਣੇ ਖਰਚ ਤੇ ਇਹਨਾਂ ਲਾਈਨਾਂ ਦੀ ਸ਼ਿਫਟਿੰਗ ਨਹੀਂ ਕਰ ਸਕਦਾ।

ਰਕਮ ਜਮ੍ਹਾਂ ਕਰਵਾਉਣ ਦੀ ਸੂਰਤ ਵਿੱਚ ਹੀ ਲਾਈਨਾਂ ਦੀ ਸਿਫਟਿੰਗ ਦਾ ਕੰਮ ਕੀਤਾ ਜਾ ਸਕਦਾ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਸਮਾਜ ਦੇ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਧੋਂ ਵੱਧ ਅਰਜੀ ਕਰਤਾਵਾਂ ਨੂੰ ਘੱਟ ਖਰਚੇ ਤੇ ਆਪਣੇ ਅਹਾਤੇ ਵਿੱਚੋਂ ਲਾਈਨਾਂ ਬਾਹਰ ਸ਼ਿਫਟ ਕਰਵਾਉਣ ਸਬੰਧੀ ਪ੍ਰੋਤਸਾਹਿਤ ਕਰਨ ਦੇ ਮੰਤਵ ਨਾਲ ਪੀ.ਐਸ.ਪੀ.ਸੀ.ਐਲ. ਦੁਆਰਾ ਵਣਜ ਸਰਕੂਲਰ ਨੰਬਰ 49/2019 ਮਿਤੀ 05.09.20219 ਰਾਹੀਂ ਪਹਿਲਾਂ ਹੀ ਹਦਾਇਤਾਂ ਜ਼ਾਰੀ ਕੀਤੀਆਂ ਹੋਈਆਂ ਹਨ।

----------------

**ਬਿਨਾਂ ਨਿਸ਼ਾਨ ਵਾਲਾ ਪ੍ਰਸ਼ਨ ਨੰ: 435 ਅਤੇ 437**

(ਇਹ ਪ੍ਰਸ਼ਨ ਮੁਲਤਵੀ ਕੀਤੇ ਗਏ ਹਨ।)

--------------

**ਮਨਿਸਟਰੀਅਲ ਸਟਾਫ ਲਈ ਈ.ਟੀ.ਓ. ਦੀ ਪਦ ਉੱਨਤੀ ਦਾ ਕੋਟਾ ਬਹਾਲ ਕਰਨਾ**

**438. ਸ੍ਰੀ ਸੰਦੀਪ ਜਾਖੜ:** ਕੀ ਆਬਕਾਰੀ ਤੇ ਕਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਆਬਕਾਰੀ ਤੇ ਕਰ ਵਿਭਾਗ ਵਿਚ ਈ.ਟੀ.ਓ. ਦੀ ਪੱਦ ਉੱਨਤੀ ਲਈ ਮਨਿਸਟਰੀਅਲ ਸਟਾਫ ਦੇ ਹਿੱਸੇ 12.5 ਪ੍ਰਤੀਸ਼ਤ ਕੋਟਾ ਮੌਜੂਦ ਸੀ ਜੋ ਕਿ ਸਾਲ 2012 ਵਿਚ ਸਰਕਾਰ ਨੇ ਵਾਪਸ ਲੈ ਕੇ ਸਾਰਾ ਕੋਟਾ ਇੰਸਪੈਕਟਰਾਂ ਨੂੰ ਦੇ ਦਿੱਤਾ ਸੀ, ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਮਨਿਸਟਰੀਅਲ ਸਟਾਫ

ਨੂੰ ਈ.ਟੀ.ਓ. ਦੀ ਪਦਉਨਤੀ ਦਾ ਕੋਟਾ ਮੁੜ ਬਹਾਲ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਹਾਂ ਤਾਂ ਪਦ ਉਨਤੀ ਦਾ ਕਿੰਨੇ ਪ੍ਰਤੀਸ਼ਤ ਕੋਟਾ ਦਿੱਤਾਜਾਵੇਗਾ ਅਤੇ ਕਦੋਂ?

ਅ) ਜੇਕਰ ਉਪਰੋਕਤ (ੳ) ਦਾ ਉੱਤਰ ਨਾਂਹ ਵਿਚ ਹੋਵੇ ਤਾਂ ਕੋਟਾ ਬੰਦ ਕਰਦੇ ਸਮੇਂ ਗਵਰਨਿੰਗ ਕੌਂਸਲ ਦੇ ਫੈਸਲੇ ਅਨੁਸਾਰ ਇਸ ਬੰਦ ਹੋਏ ਕੋਟੇ ਦੇ ਇਵਜ਼ ਵਿਚ ਮਨਿਸਟਰੀਅਲ ਸਟਾਫ ਨੂੰ ਤਰੱਕੀ ਦੇ ਹੋਰ ਕੀ-ਕੀ ਮੌਕੇ ਦਿੱਤੇ ਜਾ ਰਹੇ ਹਨ, ਵੇਰਵੇ ਸਹਿਤ ਦੱਸਿਆ ਜਾਵੇ।

**ਸਰਦਾਰ ਹਰਪਾਲ ਸਿੰਘ ਚੀਮਾ**:

ੳ) ਹਾਂ ਜੀ, ਮਨਿਸਟੀਰੀਅਲ ਸਟਾਫ ਨੂੰ ਈ ਤਰੱਕੀ ਕੋਟਾ ਬਹਾਲ ਕਰਨ .ਓ.ਟੀ.ਦਾ ਮਾਮਲਾ ਵਿਭਾਗ ਦੇ ਵਿਚਾਰ ਅਧੀਨ ਹੈ।

ਅ) ਜਿਵੇਂ ਕਿ ਉਪਰੋਕਤ ਵਿਚ ਦਰਸਾਇਆ ਗਿਆ ਹੈ ਕਿ ਮਾਮਲਾ ਵਿਭਾਗ ਦੇ ਵਿਚਾਰ ਅਧੀਨ ਹੈ (ੳ)।

-------

## ਪਸ਼ੂ ਧਨ ਵਧਾਉਣ ਲਈ ਕੀਤੇ ਜਾ ਰਹੇ ਉਪਰਾਲੇ

440**ਸਰਦਾਰ ਲਾਭ ਸਿੰਘ ਉਗੋਕੇ** :ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ,ਪਸ਼ੂ ਪਾਲਣ ,ਮੱਛੀ ਪਾਲਣ ਅਤੇ ਡੇਅਰੀ ਵਿਕਾਸ ਮੰਤਰੀ ਕਿਰਪਾ ਕਰਕੇ ਦੱਸਣਗੇ ਕਿਪੰਜਾਬ ਵਿੱਚ ਇਸ ਵੇਲੇ ਦੁਧਾਰੂ ਪਸ਼ੂਆਂ ਦੀ ਗਿਣਤੀ ਕਿੰਨੀ ਹੈ ,ਅਤੇ ਇਸ ਗਿਣਤੀ ਨੂੰ ਵਧਾਉਣ ਲਈ ਸਰਕਾਰ ਬੇਰੁਜਗਾਰਾਂ ਜਾ ਪਸ਼ੂ ਪਾਲਕਾਂ ਨੂੰ ਕਿਹੜੇ ਕਿਹੜੇ ਲੋਨ ਮੁਹੱਇਆ ਕਰਵਾ ਰਹੀ ਹੈ ,ਖਾਸ ਕਰਕੇ ਅਨਸੂਚਿਤ ਜਾਤੀ ਦੇ ਲੋਕਾ ਲਈ ,ਵੇਰਵੇ ਸਹਿਤ ਦੱਸਿਆ ਜਾਵੇ ?

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: 1. ਪੰਜਾਬ ਰਾਜ ਵਿੱਚ 20ਵੀ ਲਾਈਵਸਟਾਕ ਗਣਨਾ ,2019 ਅਨੁਸਾਰ 62,75,766ਦੁਧਾਰੂ ਪਸ਼ੂ ਹਨ।

2. ਪੰਜਾਬ ਸਰਕਾਰ ਦੇ ਪਸ਼ੂ ਪਾਲਣ ,ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ )ਡੇਅਰੀ ਵਿਕਾਸ ਡਾਇਰੈਕਟੋਰੇਟ (ਵੱਲੋਂ ਸਵੈ-ਰੁਜ਼ਗਾਰ ਸਕੀਮ ਤਹਿਤ ਬੇਰੋਜ਼ਗਾਰ ਵਿਅਕਤੀਆਂ ਨੂੰ ਡੇਅਰੀ ਯੂਨਿਟਾਂ ਦੀ ਸਥਾਪਨਾ ਲਈ ਕਰਜੇ ਮੁਹੱਈਆ ਕਰਵਾਏ ਜਾ ਰਹੇ ਹਨ।

ਵਿੱਤੀ ਸਾਲ 24-2023ਅਤੇ 31।07।2024) 25-2024ਤੱਕ (ਵਿੱਚ ਬੇਰੁਜ਼ਗਾਰ ਵਿਅਕਤੀਆਂ,ਸਮੇਤ ਅਨੁਸੂਚਿਤ ਜਾਤੀ ਨੂੰ ਪ੍ਰਦਾਨ ਕੀਤੇ ਗਏ ਕਰਜ਼ਿਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ-:

ਰਾਸ਼ੀ)ਲੱਖਾਂ ਵਿੱਚ(

| **ਸਾਲ** | **ਕੁੱਲ ਲਾਭਪਾਤਰੀ** | **ਰਾਸ਼ੀ** | **ਅਨੁਸੂਚਿਤ ਜਾਤੀ ਨਾਲ ਸਬੰਧਤ ਲਾਭਪਾਤਰੀਆਂ ਦੀ ਗਿਣਤੀ** | ਰਾਸ਼ੀ |
|---|---|---|---|---|
| 2023-24 | 3573 | 15417.8 | 603 | 1876.5 |

| | | | | |
|---|---|---|---|---|
| 2024-25 | 846 | 4187.75 | 221 | 682.1 |

-------

## ਸਰਕਾਰੀ ਸਕੂਲਾਂ ਵਿੱਚ ਖੇਤੀਬਾੜੀ ਸਬੰਧੀ ਵਿਸ਼ਾ ਸ਼ੁਰੂ ਕਰਵਾਉਣਾ

441. **ਸਰਦਾਰ ਗੁਰਦਿੱਤ ਸਿੰਘ** ਸੇਖੋਂ: ਕੀ ਸਕੂਲ ਸਿੱਖਿਆ ਮੰਤਰੀ, ਕਿਰਪਾ ਕਰਕੇ ਦੱਸਣਗੇ ਕਿ-

ੳ) ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਖੇਤੀਬਾੜੀ ਨਾਲ ਸਬੰਧਤ ਵਿਸ਼ਾ ਕਦੋਂ ਅਤੇ ਕਿਉਂ ਬੰਦ ਕੀਤਾ ਗਿਆ।

ਅ) ਇਸ ਸਮੇਂ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਖੇਤੀਬਾੜੀ ਨਾਲ ਸਬੰਧਤ ਅਧਿਆਪਕਾਂ ਦੀਆਂ ਕਿੰਨੀਆਂ ਆਸਾਮੀਆਂ ਖਾਲੀ ਹਨ ਅਤੇ ਇਹ ਕਦੋਂ ਭਰ ਦਿੱਤੀਆਂ ਜਾਣਗੀਆਂ, ਵੇਰਵੇ ਸਹਿਤ ਦੱਸਿਆ ਜਾਵੇ ।

**ਸਰਦਾਰ ਹਰਜੋਤ ਸਿੰਘ ਬੈਂਸ:**

(ੳ) ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਖੇਤੀਬਾੜੀ ਵਿਸ਼ਾ ਬੰਦ ਨਹੀਂ ਕੀਤਾ ਗਿਆ ਹੈ।

(ਅ) ਇਸ ਸਮੇਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ 209 ਖੇਤੀਬਾੜੀ ਅਧਿਆਪਕ ਕੰਮ ਕਰ ਰਹੇ ਹਨ। ਸਕੂਲ ਸਿੱਖਿਆ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ 21.05.2018 ਰਾਹੀਂ Punjab Educational Teaching (Group C) ਕਾਡਰ ਦੇ ਨਵੇਂ ਰੂਲਾਂ ਵਿੱਚ ਖੇਤੀਬਾੜੀ ਅਧਿਆਪਕ ਦੀ ਆਸਾਮੀ ਦਾ ਕੋਈ ਉਪਬੰਧ ਨਹੀਂ ਹੈ ਜੀ ।

---------

## ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਸਪੋਰਟਸ ਅਧਿਆਪਕਾਂ ਦੇ ਵੇਰਵੇ

442. **ਸਰਦਾਰ ਗੁਰਦਿੱਤ ਸਿੰਘ ਸੇਖੋਂ**: ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

ੳ) ਕੀ ਇਹ ਠੀਕ ਹੈ ਕਿ ਰਾਜ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ ਵਿੱਚ ਦਸਵੀਂ ਤੱਕ ਹਰ ਸਕੂਲ ਵਿੱਚ ਸਪੋਰਟਸ ਦਾ ਇੱਕ ਪੀਰੀਅਡ ਲਾਜ਼ਮੀ ਹੁੰਦਾ ਹੈ, ਪ੍ਰੰਤੂ ਬਹੁਤ ਸਾਰੇ ਸਕੂਲਾਂ ਵਲੋਂ ਵਿਦਿਆਰਥੀਆਂ ਨੂੰ ਸਪੋਰਟਸ ਗਤੀਵਿਧੀਆਂ ਨਹੀਂ ਕਰਵਾਈਆਂ ਜਾਂਦੀਆਂ :

ਅ) ਇਸ ਸਮੇਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕਿੰਨੇ ਸਪੋਰਟਸ ਅਧਿਆਪਕ ਕੰਮ ਕਰ ਰਹੇ ਅਤੇ ਕਿੰਨੀਆਂ ਪੋਸਟਾਂ ਖਾਲੀ ਹਨ,ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਜੋਤ ਸਿੰਘ ਬੈਂਸ:**

**(ੳ)** ਸਰਕਾਰੀ ਸਕੂਲਾਂ ਵਿੱਚ ਛੇਵੀ ਤੋ ਅੱਠਵੀ ਜਮਾਤ ਤੱਕ ਸਰੀਰਕ ਸਿੱਖਿਆ ਵਿਸ਼ਾ ਲਾਜਮੀ ਹੈ, ਨੌਵੀ ਤੋ ਦਸਵੀ ਜਮਾਤਾਂ ਲਈ ਇਹ ਵਿਸ਼ਾ NSQF ਨਾਲ ਆਪਸਨਲ ਹੈ, ਭਾਵ ਜੋ ਵਿਦਿਆਰਥੀ NSQF ਵਿਸ਼ਾ ਆਪਟ ਕਰਦੇ ਹਨ ਉਹ ਸਰੀਰਕ ਸਿੱਖਿਆ ਵਿਸ਼ਾ ਆਪਟ ਨਹੀ ਕਰਦੇ । ਨਿੱਜੀ ਸਕੂਲਾਂ ਵਿੱਚ NSQF ਵਿਸ਼ਾ ਨਹੀ ਹੁੰਦਾ। ਇਸ ਲਈ ਦਸਵੀ ਜਮਾਤ ਤੱਕ ਇਹ ਵਿਸ਼ਾ ਲਾਜ਼ਮੀ ਹੁੰਦਾ ਹੈ ।

ਸਪੋਰਟਸ ਗਤੀਵਿਧੀਆਂ ਸਬੰਧੀ ਦੱਸਿਆ ਜਾਂਦਾ ਹੈ ਸਕੂਲ ਸਿੱਖਿਆ ਵਿਭਾਗ ਦੀ ਖੇਡ ਸੰਚਾਲਨ ਨੀਤੀ,2023 ਅਨੁਸਾਰ ਹਰੇਕ ਵਿਦਿਆਰਥੀ ਲਈ ਘੱਟੋ-ਘੱਟ ਸਕੂਲ ਪੱਧਰ ਤੱਕ ਕੋਈ ਨਾ ਕੋਈ ਖੇਡ ਖੇਡਣੀ ਲਾਜ਼ਮੀ ਹੈ ਅਤੇ ਵਿਦਿਆਰਥੀਆਂ ਵਲੋਂ ਮਨੋਰੰਜਕ ਕਿਰਿਆਵਾਂ ਅਤੇ ਵੱਖ-ਵੱਖ ਖੇਡ ਮੁਕਾਬਲੇ ਵਾਲੀਆਂ ਖੇਡਾਂ ਵਿੱਚ ਭਾਗ ਲਿਆ ਜਾਂਦਾ ਹੈ।

**(ਅ)** ਮੌਜੂਦਾ ਸਮੇਂ ਸਰਕਾਰੀ ਸਕੂਲਾਂ ਵਿੱਚ ਸਰੀਰਕ ਸਿੱਖਿਆ ਲੈਕਚਰਾਰ ਅਤੇ ਸਰੀਰਕ ਸਿੱਖਿਆ ਅਧਿਆਪਕਾਂ ਦੀਆਂ 4444 ਅਸਾਮੀਆਂ ਮੰਜੂਰ ਹਨ, 3425 ਅਧਿਆਪਕ ਕੰਮ ਕਰ ਰਹੇ ਹਨ ਅਤੇ 1019 ਅਸਾਮੀਆਂ ਖਾਲੀ ਹਨ।

----------------

## ਕਬਜ਼ੇ ਵਾਲੀਆਂ ਪੰਚਾਇਤੀ ਜ਼ਮੀਨਾਂ ਨੂੰ ਛੁਡਵਾਉਣਾ

**444. ਸਰਦਾਰ ਲਾਭ ਸਿੰਘ ਉਗੋਕੇ**: ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ,ਕਿਰਪਾ ਕਰਕੇ ਦੱਸਣਗੇ ਕਿ ਹਲਕਾ ਭਦੌੜ ਵਿੱਚ ਕਿੰਨੀਆਂ ਪੰਚਾਇਤੀ ਜਮੀਨਾਂ ਤੇ ਨਜਾਇਜ ਕਬਜੇ ਸਨ; ਉਹਨਾਂ ਵਿੱਚੋ ਕਿੰਨੀਆਂ ਜਮੀਨਾਂ ਨੂੰ ਨਾਜਾਇਜ਼ ਕਬਜ਼ਿਆਂ ਤੋਂ ਛੁਡਾਇਆ ਗਿਆ ਹੈ ਅਤੇ ਬਾਕੀ ਰਹਿੰਦੀਆਂ ਜਮੀਨਾਂ ਨੂੰ ਕਦੋਂ ਤੱਕ ਛੁੱਡਵਾ ਲਿਆ ਜਾਵੇਗਾ?

**ਸਰਦਾਰ ਲਾਲਜੀਤ ਸਿੰਘ ਭੁੱਲਰ:** ਸ਼੍ਰੀਮਾਨ ਜੀ,ਹਲਕਾ ਭਦੌੜ ਅਧੀਨ ਆਉਦੀਆਂ ਗ੍ਰਾਮ ਪੰਚਾਇਤਾਂ ਵਿੱਚੋਂ ਕੁੱਲ 7ਗ੍ਰਾਮ ਪੰਚਾਇਤਾਂ ਦੀਆਂ ਜਮੀਨਾਂ ਤੇ ਨਜਾਇਜ ਕਬਜਾ ਹੈ। ਇਹਨਾਂ ਵਿੱਚੋਂ ਚਾਰ ਗ੍ਰਾਮ ਪੰਚਾਇਤਾਂ )ਮੌੜ ਮਕਸੂਥਾ ਰਕਬਾ4ਏਕੜ 13 ਮਰਲੇ, ਸਹਿਣਾ ਰਕਬਾ 5ਏਕੜ 7ਕਨਾਲ 15ਮਰਲੇ, ਬੱਲੋਕੇ ਰਕਬਾ 1ਏਕੜ 17ਮਰਲੇ , ਧਰਮਪੁਰਾ ਰਕਬਾ 2 ਕਨਾਲ 13ਮਰਲੇ (ਦੇ ਕੇਸ ਅਦਾਲਤ ਵਿੱਚ ਚੱਲ ਰਹੇ ਹਨ। ਗ੍ਰਾਮ ਪੰਚਾਇਤ ਪਿੰਡ ਭਗਤਪੁਰਾ ਰਕਬਾ 17 ਮਰਲੇ ਦਾ ਵਰੰਟ ਕਬਜਾ ਜਾਰੀ ਕੀਤਾ ਜਾ ਚੁੱਕਾ ਹੈ। ਮੌਕੇ ਤੇ 8 ਮਕਾਨ ਬਣੇ ਹੋਏ ਹਨ। ਪਿੰਡ ਪੱਖੋ ਕਲਾਂ ਰਕਬਾ 5 ਕਨਾਲ ਅਤੇ ਪਿੰਡ ਪਿਰਥਾ ਪੱਤੀ ਧੂਰਕੋਟ ਰਕਬਾ 4 ਕਨਾਲ ਤੇ ਘਰ ਬਣਾ ਕੇ ਨਜਾਇਜ ਕਬਜਾ ਕੀਤਾ ਹੋਇਆ ਹੈ। ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ।

-------

## ਹਲਕਾ ਅਬੋਹਰ ਦੇ ਰੱਦ ਕੀਤੇ ਰਾਸ਼ਨ ਕਾਰਡ ਬਹਾਲ ਕਰਨਾ

**454. ਸ਼੍ਰੀ ਸੰਦੀਪ ਜਾਖੜ**: ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਅਬੋਹਰ ਦੇ ਕਿੰਨੇ ਰਾਸ਼ਨ ਕਾਰਡ ਰੱਦ ਕੀਤੇ ਹਨ? ਉਹ ਕਦੋ ਤੱਕ ਬਹਾਲ ਕੀਤੇ ਜਾਣਗੇ

**ਸ੍ਰੀ ਲਾਲ ਚੰਦ :** ਜਿਲ੍ਹਾ ਖੁਰਾਕ ਸਪਲਾਈਜ ਕੰਟਰੋਲਰ, ਫਾਜਿਲਕਾ ਵਲੋਂ ਪ੍ਰਾਪਤ ਰਿਪੋਰਟ ਅਨੁਸਾਰ ਸਾਲ 2022-2023 ਦੌਰਾਨ ਹਲਕਾ ਅਬੋਹਰ ਦੇ 1569 ਰਾਸ਼ਨ ਕਾਰਡ ਰੱਦ ਕੀਤੇ ਗਏ ਸਨ। ਮਿਤੀ 24-01-2024 ਨੂੰ ਮੰਤਰੀ ਮੰਡਲ ਵਲੋ ਲਏ ਗਏ ਫੈਸਲੇ ਅਨੁਸਾਰ ਇਹਨਾਂ ਵਿਚੋ ਬਹਾਲ ਕਰਨੇ ਬਣਦੇ 1260 ਰਾਸ਼ਨ ਕਾਰਡ ਫਰਵਰੀ 2024 ਵਿੱਚ ਬਹਾਲ ਕਰ ਦਿੱਤੇ ਗਏ ਸਨ।

-------

## ਵਾਟਰ ਵਰਕਸ ਮੁਕੰਮਲ ਕਰਨ ਬਾਰੇ

455. **ਸ੍ਰੀ ਸੰਦੀਪ ਜਾਖੜ: ਕੀ ਜਲ** ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਪਿੰਡ ਖੁਈਆਂ ਸਰਵਰ-ਤੇਲੂਪਰਾ ਵਿੱਚ ਕੁੱਲ 6.61 ਕਰੋੜ ਦੀ ਲਾਗਤ ਦੇ ਵਾਟਰ ਵਰਕਸ, ਜੋ ਕਿ ਉਸਾਰੀ ਅਧੀਨ ਹਨ ਅਤੇ ਵਾਟਰ ਸਟੋਰੇਜ਼ ਟੈਂਕ ਦੀ ਉਸਾਰੀ ਤੇ ਲਗਭਗ 3.80 ਕਰੋੜ ਰੁਪਏ ਦਾ ਜੋ ਕੰਮ ਪੈਡਿੰਗ ਪਿਆ ਹੈ, ਨੂੰ ਕਦੋ ਤੱਕ ਮੁਕੰਮਲ ਕੀਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

**ਸ੍ਰੀ ਬ੍ਰਮ ਸ਼ੰਕਰ :** ਜਲ ਸਪਲਾਈ ਸਕੀਮ ਖੂਈਆਂ ਸਰਵਰ ਤੇਲੂਪਰਾ ਬਲਾਕ ਖੂਈਆਂ ਸਰਵਰ ਜ਼ਿਲਾ ਫਾਜ਼ਿਲਕਾ ਦੇ ਨਵੀਨੀਕਰਨ ਦਾ ਪ੍ਰਗਤੀ ਅਧੀਨ ਕੰਮ ਨੂੰ ਮਾਰਚ, 2025 ਤੱਕ ਮੁਕੰਮਲ ਕਰਨ ਦੀ ਸੰਭਾਵਨਾ ਹੈ।

-------

## ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵੱਲ ਆਯੂਸ਼ਮਾਨ ਦੀ ਅਦਾਇਗੀਆਂ ਦੇ ਵੇਰਵੇ

**456. ਸਰਦਾਰ ਬਰਿੰਦਰਮੀਤ ਸਿੰਘ ਪਾਹੜਾ .:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਸਰਕਾਰ ਦੀ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵੱਲ ਆਯੂਸ਼ਮਾਨ ਦੀ ਅਦਾਇਗੀਆਂ ਵਜੋਂ ਵੱਖ-ਵੱਖ ਅਤੇ ਹਸਤਪਾਲ ਵਾਰ ਹੁਣ ਤਕ ਕਿੰਨੀ ਦੇਣਦਾਰੀ ਹੈ ;

ਅ) ਅਦਾਇਗੀਆਂ ਵਿਚ ਦੇਰੀ ਦੇ ਕੀ ਕਾਰਨ ਹਨ ਅਤੇ ਇਹ ਸਾਰੀਆਂ ਅਦਾਇਗੀਆਂ ਕਦੋਂ ਤੱਕ ਕਰ ਦਿੱਤੀਆਂ ਜਾਣਗੀਆਂ?

**ਡਾਕਟਰ ਬਲਬੀਰ ਸਿੰਘ: ੳ)** ਸਰਕਾਰ ਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵੱਲ ਆਯੂਸ਼ਮਾਨ ਦੀ ਅਦਾਇਗੀਆਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:

| **ਹਸਪਤਾਲ ਦੀ ਕਿਸਮ** | **ਪ੍ਰੋਸੈਸਿੰਗ ਵਿੱਚ ਕਲੇਮਾਂ ਦੀਸੰਖਿਆ** | **ਪ੍ਰੋਸੈਸਿੰਗ ਵਿੱਚ ਕਲੇਮਾਂ ਦੀ ਰਕਮ** | **ਭੁਗਤਾਨ ਲਈ ਬਕਾਇਆ ਕਲੇਮਾਂ ਦੀ ਸੰਖਿਆ** | **ਭੁਗਤਾਨ ਲਈ ਬਕਾਇਆ ਰਕਮ** | **ਬਕਾਇਆ ਕਲੇਮਾਂ ਦੀ ਕੁੱਲ ਸੰਖਿਆ** | **ਬਕਾਇਆ ਕਲੇਮਾਂ ਦੀ ਕੁੱਲ ਰਕਮ** |
|---|---|---|---|---|---|---|

| | | | | | | |
|---|---|---|---|---|---|---|
| ਪ੍ਰਾਈਵੇਟ | 94951 | 201,61,23,222 | 46360 | 36,36,02,216 | 141311 | 237,97,25,438 |
| ਸਰਕਾਰੀ | 83016 | 140,02,95,252 | 21797 | 40,49,75,464 | 104813 | 180,52,70,716 |
| **ਕੁੱਲ** | **177967** | **341,64,18,474** | **68157** | **76,85,77,680** | **246124** | **418,49,96,154** |

ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਦੇ ਬਕਾਇਆ ਕਲੇਮ ਭੁਗਤਾਨਾਂ ਦੇ ਹਸਪਤਾਲ ਅਨੁਸਾਰ ਵੇਰਵੇ ਕ੍ਰਮਵਾਰ **ਅਨੁਸੂਚੀ-I** ਅਤੇ **ਅਨੁਸੂਚੀ-II** 'ਤੇ ਨੱਥੀ ਕੀਤੇ ਗਏ ਹਨ।

ਅ) ਅਦਾਇਗੀਆਂ ਵਿੱਚ ਦੇਰੀ ਦੇ ਕਾਰਨ ਹੇਠ ਲਿਖੇ ਹਨ:

i. ਫਰਵਰੀ 2024 ਦੇ ਮਹੀਨੇ ਵਿੱਚ, ਤਕਨੀਕੀ ਤਰੁੱਟੀਆਂ ਤੋਂ ਬਚਣ ਲਈ NHA ਦੁਆਰਾ ਨਵੀਂ ਤਕਨੀਕੀ ਤਰੱਕੀ ਦੇ ਨਾਲ ਟ੍ਰਾਂਜੈਕਸ਼ਨ ਮੈਨੇਜਮੈਂਟ ਸਿਸਟਮ (TMS) ਦਾ ਇੱਕ ਨਵਾਂ ਸੰਸਕਰਣ ਯਾਨੀ TMS 2.0 ਲਾਂਚ ਕੀਤਾ ਗਿਆ ਸੀ। TMS 2.0 ਦੇ ਪੋਰਟਲ ਵਿੱਚ ਵਿੱਚ ਕੁਝ ਖਾਮੀਆਂ ਪਾਈਆਂ ਗਈਆਂ ਸਨ ਜਿਨ੍ਹਾਂ ਨੂੰ ਹੱਲ ਕਰਨ ਲਈ NHA ਨੂੰ ਸੂਚਿਤ ਕੀਤਾ ਗਿਆ ਸੀ । TMS 2.0 ਪੋਰਟਲ ਵਿੱਚ ਸਮੇਂ-ਸਮੇਂ ਤੇ ਤਕਨੀਕੀ ਖਾਮੀਆਂ ਦੀ ਵਜ੍ਹਾ ਦੇ ਨਾਲ ਕਲੇਮਾਂ ਦੀ ਪ੍ਰੋਸੈਸਿੰਗ ਤੇ ਅਸਰ ਪਿਆ।

**ii.** ਇਸ ਵਿੱਤੀ ਸਾਲ ਵਿੱਚ ਹੁਣ ਤੱਕ 164 ਕਰੋੜ ਦੀ ਰਾਸ਼ੀ ਜਾਰੀ ਕੀਤੀ ਗਈ ਹੈ ਅਤੇ ਜਿਵੇਂ ਜਿਵੇਂ ਕਲੇਮਾਂ ਦੀ ਪ੍ਰੋਸੈਸਿੰਗ ਹੋਵੇਗੀ, ਉਨ੍ਹਾਂ ਦੀ ਅਦਾਇਗੀ ਕਰ ਦਿੱਤੀ ਜਾਵੇਗੀ।

-------

## ਸਬ ਸੈਂਟਰ ਦੀ ਬਿਲਡਿੰਗ ਦੀ ਮੁਰੰਮਤ ਅਤੇ ਚਾਰਦੁਆਰੀ ਕਰਨਾ

**457. ਸ੍ਰੀ ਨਰੇਸ਼ ਕਟਾਰੀਆ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜੀਰਾ ਦੇ ਕਸਬਾ ਮੱਖੂ ਅਤੇ ਮੱਲਾਂਵਾਲਾ ਵਿੱਚ ਹੈਲਥ ਸਬ ਸੈਂਟਰ ਦੀ ਬਿਲਡਿੰਗ ਦੀ ਮੁਰੰਮਤ ਅਤੇ ਚਾਰਦੁਆਰੀ ਨਵੀਂ ਬਣਨ ਵਾਲੀ ਹੈ?ਜੇਕਰ ਹਾਂ ਤਾਂ ਇਹ ਕਦੋ ਤੱਕ ਬਣ ਜਾਵੇਗੀ ;

**ਡਾਕਟਰ ਬਲਬੀਰ ਸਿੰਘ:** ਸ੍ਰੀਮਾਨ ਜੀ, ਹਲਕਾ ਜੀਰਾ ਦੇ ਕਮਿਊਨਿਟੀ ਹੈਲਥ ਸੈਂਟਰ ਮੱਖੂ ਦੀ ਰਿਪੇਅਰ, ਰੈਨੋਵੇਸ਼ਨ ਅਤੇ ਚਾਰਦੀਵਾਰੀ ਬਣਾਉਣ ਲਈ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਐਸ.ਏ.ਐਸ. ਨਗਰ ਵੱਲੋਂ ਸਰਵੇ ਕਰਵਾਇਆ ਜਾ ਰਿਹਾ ਹੈ। ਇਸ ਕੰਮ ਦਾ ਸਰਵੇ ਕਰਵਾ ਕੇ ਬਜਟ ਦਾ ਉਪਬੰਧ ਅਗਲੇ ਵਿੱਤੀ ਸਾਲ ਵਿੱਚ ਵਿਧੀ ਅਨੁਸਾਰ ਕਰਵਾ ਕੇ ਕੰਮ ਕਰਵਾਇਆ ਜਾਵੇਗਾ। ਹਲਕਾ ਜੀਰਾ ਦੇ ਮੱਲਾਵਾਲਾ ਦੀ ਪੀ.ਐਚ.ਸੀ. ਦੀ ਬਿਲਡਿੰਗ ਨਵੀਂ ਬਣੀ ਹੋਈ ਹੈ ਅਤੇ ਚਾਰਦੀਵਾਰੀ ਵੀ ਬਣੀ ਹੋਈ ਹੈ।ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ, ਐਸ.ਏ.ਐਸ. ਨਗਰ ਵੱਲੋਂ ਹਲਕਾ ਜੀਰਾ ਦੇ ਹਸਪਤਾਲ ਦੀ ਬਿਲਡਿੰਗ ਦੀ ਮੁਰੰਮਤ ਅਤੇ ਨਵੀਨੀਕਰਨ ਲਈ 143.40 ਲੱਖ ਦਾ ਉਪਬੰਧ

ਇਸ ਵਿੱਤੀ ਸਾਲ ਅਧੀਨ ਨਾਬਾਰਡ ਫੰਡਾਂ ਵਿੱਚ ਕੀਤਾ ਗਿਆ ਹੈ ਅਤੇ ਇਹ ਕੰਮ ਬਣਦੀ ਵਿਧੀ ਪੂਰੀ ਕਰਨ ਉਪਰੰਤ ਕਰਵਾ ਦਿੱਤਾ ਜਾਵੇਗਾ।

-------

## MATTERS RAISED DURING ZERO HOUR

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਸਰ, ਮੈਂ ਬੇਨਤੀ ਕਰਾਂਗਾ ਕਿ 02 ਸਤੰਬਰ ਨੂੰ ਤੁਸੀਂ ਇੱਥੇ ਹਾਊਸ ਵਿੱਚ ਆਪਣੇ ਹਲਕੇ ਦੇ ਏ.ਐਸ.ਆਈ. ਬੋਹੜ ਸਿੰਘ ਸਬੰਧੀ ਸਾਰੇ ਹਾਊਸ ਦੀ ਸੈਂਸ ਲਈ ਸੀ। ਉਸ ਸਬੰਧੀ ਸਾਰੇ ਹਾਊਸ ਨੇ ਤੁਹਾਨੂੰ ਸਹਿਮਤੀ ਦਿੱਤੀ ਸੀ ਕਿ ਤੁਸੀਂ ਡੀ.ਜੀ.ਪੀ. ਨੂੰ ਕਹੋ ਕਿ ਉਹ ਇੱਥੇ ਆ ਕੇ ਰਿਪੋਰਟ ਦੇ ਕੇ ਜਾਣ। ਹੁਣ ਅੱਜ ਦੀ ਅੰਗਰੇਜ਼ੀ ਦੀ ਅਖਬਾਰ ਵਿੱਚ ਉਸ ਏ.ਐਸ.ਆਈ. ਨੇ ਕਚਹਿਰੀ ਵਿੱਚ ਕੋਈ ਸੀਰੀਅਸ ਚਾਰਜਿਸ ਆਪ ਤੇ ਲਾਏ ਹਨ ਜਿਸ ਨੂੰ ਨਜ਼ਰਅੰਦਾਜ਼ ਕਰਦੇ ਹੋਏ ਮੈਂ ਇਹ ਬੇਨਤੀ ਕਰਨਾ ਚਾਹਾਂਗਾ ਕਿ you are the custodian of the House ਪਰ ਜਦੋਂ ਤੁਸੀਂ ਹਾਊਸ ਦੀ ਸੈਂਸ ਲੈ ਲਈ ਤਾਂ ਤੁਸੀਂ ਆਪਣੀ ਸਾਰੀ ਤਾਕਤ ਹਾਊਸ ਨੂੰ ਦੇ ਦਿੱਤੀ ਤੇ ਤੁਸੀਂ ਆਪਣੇ ਆਪ ਆਪਣਾ ਆਰਡਰ ਬਦਲ ਕੇ ਹੁਣ ਹੋਮ ਸੈਕਟਰੀ ਨੂੰ ਕਹਿ ਦਿੱਤਾ ਕਿ ਇੱਕ ਹਫਤੇ ਦੇ ਵਿੱਚ ਬੋਹੜ ਸਿੰਘ ਨੂੰ ਛੱਡ ਕੇ ਬਾਕੀ ਬਲੈਕ ਸ਼ੀਪ ਨੂੰ ਵਿੱਚ ਲੈ ਕੇ ਆਓ। ਇਹ ਹਾਊਸ ਦੀ ਇਜਾਜ਼ਤ ਤੋਂ ਬਿਨਾਂ ਤੁਸੀਂ ਵੀ ਨਹੀਂ ਕਰ ਸਕਦੇ ਸੀ। ਮੇਰੀ ਗੁਜ਼ਾਰਿਸ਼ ਇੰਨੀ ਹੈ ਕਿ House is superior to you also, ਇਸ ਗੱਲ ਵਾਸਤੇ ਤੁਸੀਂ ਹਾਊਸ ਦੀ ਸੈਂਕਸ਼ਨ ਲਈ ਹੈ, ਇਸ ਲਈ ਹਾਊਸ ਦੀ ਕਮੇਟੀ ਬਣਾਈ ਜਾਵੇ, ਇਸ ਕਿਸਮ ਦੇ ਸੀਰੀਅਸ ਚਾਰਜਿਸ ਜਿਹੜੇ ਪੁਲਿਸ ਤੇ ਹਨ ਉਹ ਇਕੱਲੇ ਬੋਹੜ ਸਿੰਘ ਤੱਕ ਹੀ ਨਾ ਰੱਖੀਏ ਬਾਕੀ ਦੇ ਚਾਰਜਿਜ਼ ਨੂੰ ਵੀ ਪ੍ਰੋਬ ਕਰਨ ਵਾਸਤੇ ਜਿਸ ਤਰ੍ਹਾਂ ਪਾਰਲੀਮੈਂਟ ਵਿੱਚ ਜੇ.ਪੀ.ਸੀ. ਹੁੰਦੀ ਹੈ, ਉਸ ਤਰ੍ਹਾਂ ਹੀ ਹਾਊਸ ਦੀ ਕਮੇਟੀ ਬੈਠੇ ਤਾਂ ਜੋ ਪੁਲਿਸ ਨੂੰ ਅਤੇ ਇਨ੍ਹਾਂ ਮਹਿਕਮਿਆਂ ਨੂੰ ਥੋੜ੍ਹਾ ਜਿਹਾ ਡਰ ਖੌਫ ਵੀ ਹੋਵੇ। ਬਕਾਇਦਾ ਤੌਰ ਤੇ ਇਸ ਕਿਸਮ ਦੀ ਕਮੇਟੀ ਹੋਣੀ ਚਾਹੀਦੀ ਹੈ ਜਿਸ ਵਿੱਚ ਕਿਸੇ ਦੀ ਵੀ ਪ੍ਰੋਟੈਕਸ਼ਨ ਨਾ ਹੋਵੇ ਅਤੇ ਆਲ ਪਾਰਟੀ ਹੋਵੇ। ਸੋ, ਮੈਂ ਜ਼ਰੂਰ ਤੁਹਾਨੂੰ ਬੇਨਤੀ ਕਰਾਂਗਾ ਕਿ ਕਾਇੰਡਲੀ ਇਸ ਨੂੰ ਰੀਵਿਊ ਕਰ ਲਓ ਅਤੇ ਤੁਸੀਂ ਆਪਣੇ ਆਰਡਰ ਨੂੰ ਜਿਸ ਤੇ ਤੁਸੀਂ ਹਾਊਸ ਦੀ ਸੈਂਕਸ਼ਨ ਲੈ ਲਈ ਹੈ, ਤੁਸੀਂ ਉਸ ਤੇ ਆਪ ਖੁਦ ਕੋਈ ਵੀ ਡਿਸੀਜ਼ਨ ਨਹੀਂ ਲੈ ਸਕਦੇ ਜਿੰਨਾ ਚਿਰ ਹਾਊਸ ਉਸ ਨੂੰ ਫਿਰ ਸੈਂਕਸ਼ਨ ਨਹੀਂ ਦਿੰਦਾ ਹੈ। ਇਹ ਮੈਂ ਤੁਹਾਡੇ ਨੋਟਿਸ ਵਿੱਚ ਲੈ ਕੇ ਆਇਆ ਹਾਂ।

**ਮਾਣਯੋਗ ਸਪੀਕਰ**: ਜਦੋਂ ਹਾਊਸ ਦੀ ਸੈਂਸ ਲਈ ਸੀ ਤਾਂ ਹਾਊਸ ਦੇ ਵਿੱਚ ਇਹ ਗੱਲ ਆਈ ਸੀ ਕਿ ਇਸ ਤਰ੍ਹਾਂ ਦੇ ਐਲੀਮੈਂਟ ਦੇ ਪਿੱਛੇ ਮਾਫੀਆ ਹੁੰਦਾ ਹੈ। ਇਸ ਵਿੱਚ ਇੱਕ-ਦੋ ਸਾਥੀਆਂ ਨੇ ਆਨ ਰਿਕਾਰਡ ਇਹ ਗੱਲ ਕਹੀ ਸੀ ਕਿ ਇਸ ਵਾਸਤੇ ਇੱਕ ਜਨਰਲ ਪੂਰੀ ਰਿਪੋਰਟ ਤਲਬ ਕੀਤੀ ਜਾਵੇ। ਸੋ, ਉਸ ਤੇ ਵਿਚਾਰ ਕਰਦਿਆਂ ਚੇਅਰ ਵੱਲੋਂ ਇਹ ਕੀਤਾ ਗਿਆ ਸੀ। This is according to the sense of the House. ਦੂਜਾ, ਆਪਣੀ ਡਿਊਟੀ ਹੈ ਕਿ ਆਪਾਂ ਸਾਫ ਸੁਥਰਾ ਪ੍ਰਸ਼ਾਸਨ ਦੇਈਏ। ਇਹ ਹਾਊਸ ਵੱਲੋਂ ਇੱਕ ਮੈਸੇਜ ਚਲਾ ਗਿਆ ਹੈ ਕਿ we are deadly against the corruption. ਬਾਕੀ ਜਿਹੜੇ ਚਾਰਜਿਜ਼ ਹਨ, ਤੁਸੀਂ ਦੱਸਿਆ ਹੈ ਕਿ ਇਹ ਮੇਰੇ ਤੇ ਹਨ। ਮੇਰੇ ਤੇ ਚਾਰਜਿਜ਼ ਕੀ ਲੱਗੇ ਹਨ, ਉਹ ਪਹਿਲੀ ਜਦੋਂ ਅਕਾਲੀ ਦਲ ਦੀ ਸਰਕਾਰ ਸੀ ਤਾਂ ਉਸ ਸਮੇਂ ਉਸ ਨੇ ਪੰਜਾਹ ਹਜ਼ਾਰ ਰੁਪਏ ਦੀ ਰਿਸ਼ਵਤ ਲਈ, ਉਸ ਤੋਂ ਬਾਅਦ ਕਾਂਗਰਸ ਦੀ ਸਰਕਾਰ ਵਿੱਚ ਰਿਸ਼ਵਤ ਲਈ ਤੇ ਇਸ ਸਰਕਾਰ ਦੇ ਵਿੱਚ ਤਾਂ ਉਸ ਤੇ ਐਫ.ਆਈ.ਆਰ.

ਹੋਈ ਹੈ, ਰਿਸ਼ਵਤ ਨਹੀਂ ਦਿੱਤੀ ਗਈ ਹੈ। ਇਹ ਗੱਲਾਂ ਸਾਰੀਆਂ ਆਨ ਰਿਕਾਰਡ ਹਨ। ਬਾਕੀ ਆਪਾਂ ਆਪਣੀ ਡਿਊਟੀ ਠੀਕ ਤਰ੍ਹਾਂ ਕਰ ਰਹੇ ਹਾਂ। ਚੇਅਰ ਨੂੰ ਵੀ ਆਪਣੇ ਫਰਜ਼ਾਂ ਦਾ ਪਤਾ ਹੈ, ਸੋ, ਆਪਾਂ ਹੁਣ ਅੱਗੇ ਚਲੀਏ।

**ਡਾਕਟਰ ਅਜੈ ਗੁਪਤਾ (ਅੰਮ੍ਰਿਤਸਰ ਕੇਂਦਰੀ)** : ਧੰਨਵਾਦ ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਅੰਮ੍ਰਿਤਸਰ ਦੀ ਵਾਲਡ ਸਿਟੀ ਦੇ ਵਿੱਚ ਇੱਕ ਬਹੁਤ ਹੀ ਅਹਿਮ ਮੁੱਦਾ ਜਿਹੜਾ ਕਿ ਛੋਟੇ ਛੋਟੇ ਕਾਰੋਬਾਰੀਆਂ ਦਾ ਹੈ, ਸਬੰਧੀ ਦਿਵਾਉਣਾ ਚਾਹੁੰਦਾ ਹਾਂ। ਕਮਰਸ਼ੀਅਲ ਅਦਾਰੇ ਵਿੱਚ ਜਦੋਂ ਕਿਸੇ ਕਾਰੋਬਾਰੀ ਨੇ ਪਾਵਰ ਸਪਲਾਈ ਦੇ ਮੀਟਰ ਦਾ, ਬਿਜਲੀ ਦੇ ਮੀਟਰ ਦਾ ਆਪਣਾ ਲੋਡ ਐਕਸਟੈਨਸ਼ਨ ਕਰਵਾਉਣਾ ਹੁੰਦਾ ਹੈ ਤਾਂ ਉਸ ਨੂੰ ਕਿਹਾ ਜਾਂਦਾ ਹੈ ਕਿ ਐਮ.ਟੀ.ਪੀ. ਡਿਪਾਰਟਮੈਂਟ ਤੋਂ ਐਨ.ਓ.ਸੀ. ਲੈ ਕੇ ਆ। ਇਹ ਸ਼ਰਤ ਕਾਂਗਰਸ ਸਰਕਾਰ ਵੱਲੋਂ ਮਿਤੀ 11.01.2021 ਨੂੰ ਲਗਾਈ ਗਈ ਸੀ। ਇਹ ਬਿਲਕੁਲ ਨਜਾਇਜ਼ ਸ਼ਰਤ ਹੈ, ਗਲਤ ਫੁਰਮਾਨ ਹੈ। ਉਸ ਵੇਲੇ ਦੇ ਮਿਊਂਸਿਪਲ ਕਾਰਪੋਰੇਸ਼ਨ ਦੇ ਕਮਿਸ਼ਨਰ ਨੇ ਪੀ.ਐਸ.ਪੀ.ਸੀ.ਐਲ. ਨੂੰ ਚਿੱਠੀ ਲਿਖੀ ਕਿ ਕੋਈ ਵੀ ਕਾਰੋਬਾਰੀ ਅਗਰ ਆਪਣਾ ਥੋੜ੍ਹਾ ਬਹੁਤ ਵੀ ਲੋਡ ਐਕਸਟੈਂਡ ਕਰਾਉਣਾ ਚਾਹੁੰਦਾ ਹੈ ਜਾਂ ਨਵਾਂ ਮੀਟਰ ਲਗਵਾਉਣਾ ਚਾਹੁੰਦਾ ਹੈ ਤਾਂ ਉਹ ਪਹਿਲਾਂ ਆਪਣਾ ਐਨ.ਓ.ਸੀ. ਲੈ ਕੇ ਆਏ। ਸਰ, ਐਨ.ਓ.ਸੀ. ਲਈ ਬਹੁਤ ਧੱਕੇ ਖਾਣੇ ਪੈਂਦੇ ਹਨ, ਕਾਰੋਬਾਰੀ ਦੀ ਜੁੱਤੀ ਘੱਸ ਜਾਂਦੀ ਹੈ ਔਰ ਇੰਨੀ ਖੱਜਲ ਖੁਆਰੀ ਹੁੰਦੀ ਹੈ ਜੋ ਕਿ ਬਿਆਨ ਨਹੀਂ ਕੀਤੀ ਜਾ ਸਕਦੀ। ਜਿਸ ਤਰ੍ਹਾਂ ਕੱਲ੍ਹ ਇਸ ਮੁਕੱਦਸ ਹਾਊਸ ਨੇ ਜਿਹੜਾ ਇੱਕ ਇਤਿਹਾਸਕ ਬਿਲ ਪਾਸ ਕੀਤਾ ਹੈ।

**1105/Sukhpiar Singh**

ਮੈਂ ਉਸ ਲਈ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦਾ ਹਾਂ ਔਰ ਤੁਹਾਡੇ ਮਾਧਿਅਮ ਰਾਹੀਂ ਅਪੀਲ ਕਰਦਾ ਹਾਂ ਕਿ ਸ੍ਰੀ ਗੁਰੂ ਰਾਮਦਾਸ ਸੱਚੇ ਪਾਤਸ਼ਾਹ ਜੀ ਦੀ ਵਸਾਈ ਹੋਈ ਪਵਿੱਤਰ ਨਗਰੀ ਵਿੱਚ ਕਾਰੋਬਾਰੀ ਬਹੁਤ ਜ਼ਿਆਦਾ ਪ੍ਰੇਸ਼ਾਨ ਹੋ ਰਹੇ ਹਨ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**ਸ੍ਰੀ ਅਜੈ ਗੁਪਤਾ**: ਸਰ, ਇੱਕ ਮਿੰਟ ਜੀ। ਇੱਕ ਪਾਸੇ ਅਸੀਂ ਇਨਵੈੱਸਟ ਪੰਜਾਬ ਵਿੱਚ ਲੋਕਾਂ ਨੂੰ ਇਨਵਾਈਟ ਕਰ ਰਹੇ ਹਾਂ ਕਿ ਪੰਜਾਬ ਵਿੱਚ ਆਓ ਅਤੇ ਆ ਕੇ ਕਾਰੋਬਾਰ ਕਰੋ ਪਰ ਜਿਹੜੇ ਉੱਥੇ ਆਲਰੇਡੀ ਕਾਰੋਬਾਰ ਕਰ ਰਹੇ ਹਨ, ਉਨ੍ਹਾਂ ਨੂੰ ਅਸੀਂ ਰਾਹਤ ਨਹੀਂ ਦੇ ਰਹੇ। ਮੈਂ ਤੁਹਾਡੇ ਮਾਧਿਅਮ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਅਪੀਲ ਕਰਨਾ ਚਾਹੁੰਦਾ ਹਾਂ ਕਿ ਜਲਦੀ ਤੋਂ ਜਲਦੀ ਲੋਕਲ ਬਾਡੀ ਡਿਪਾਰਟਮੈਂਟ ਨੂੰ ਆਰਡਰ ਕੀਤਾ ਜਾਵੇ ਅਤੇ ਨਜਾਇਜ਼ ਸ਼ਰਤ ਨੂੰ ਖਤਮ ਕੀਤਾ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਸ੍ਰੀ ਸੁਖਵਿੰਦਰ ਸਿੰਘ ਕੋਟਲੀ ਜੀ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.)**: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਮੈਂ ਆਪਣੇ ਹਲਕੇ ਆਦਮਪੁਰ ਦੇ ਕਿਸਾਨਾਂ ਅਤੇ ਇਲਾਕੇ ਦੇ ਲੋਕਾਂ ਦੀ ਸੁਰੱਖਿਆ ਦੇ ਮਾਮਲੇ ਨੂੰ ਲੈ ਕੇ ਖੜ੍ਹਾ ਹੋਇਆ ਹਾਂ। ਭੋਗਪੁਰ

ਸ਼ਹਿਰ ਅੰਦਰ ਇੱਕ ਖੰਡ ਮਿੱਲ ਲਈ 100 ਏਕੜ ਜ਼ਮੀਨ ਭੋਗਪੁਰ ਵਾਸੀਆਂ ਨੇ ਦੇ ਕੇ ਖੰਡ ਮਿੱਲ ਲਗਵਾਈ ਸੀ। ਤਕਰੀਬਨ 35-40 ਏਕੜ ਜ਼ਮੀਨ ਤੇ ਨਵਾਂ ਗੰਨਾ ਲਗਾ ਕੇ ਉਸ ਦੀ ਖੋਜ ਕੇਂਦਰ ਦੇ ਰੂਪ ਵਿੱਚ ਨਵੀਆਂ ਖੋਜਾਂ ਕਰਕੇ ਸਾਰਾ ਗੰਨਾ ਕਿਸਾਨਾਂ ਨੂੰ ਦਿੱਤਾ ਜਾਂਦਾ ਸੀ ਤਾਂ ਕਿ ਹੋਰ ਨਵੇਂ ਨਵੇਂ ਬੀਜ ਆ ਸਕਣ। ਹੁਣ ਇੱਥੇ ਬਹੁਤ ਵੱਡੀ ਸਮੱਸਿਆ ਆਈ ਹੈ। ਉੱਥੇ ਇੱਕ ਸੀ.ਐਨ.ਜੀ. ਪਲਾਂਟ ਲੱਗ ਰਿਹਾ ਹੈ ਔਰ ਸੀ.ਐਨ.ਜੀ. ਪਲਾਂਟ ਦਾ ਸਮਝੌਤਾ ਹੋਇਆ ਹੈ। ਇਸ ਮਿੱਲ ਵਿੱਚ mud ਨਕੋਦਰ ਸ਼ੂਗਰ ਮਿੱਲ ਅਤੇ ਦੂਸਰਾ ਨਵਾਂਸ਼ਹਿਰ ਸ਼ੂਗਰ ਮਿੱਲ ਦਾ ਸਾਰਾ mud ਵਗੈਰਾ ਉੱਥੇ ਆਵੇਗਾ ਅਤੇ ਕਮਿਸ਼ਨਰ, ਜਲੰਧਰ ਦੀ ਅਖਬਾਰ ਵਿੱਚ ਇੱਕ ਸਟੇਟਮੈਂਟ ਆਈ ਕਿ ਜਲੰਧਰ ਸ਼ਹਿਰ ਦਾ 70 ਟਨ ਕੂੜਾ ਲਿਆ ਕੇ ਭੋਗਪੁਰ ਮਿੱਲ ਵਿੱਚ ਰੀਸਾਈਕਲ ਕਰਕੇ ਸੀ.ਐਨ.ਜੀ. ਪਲਾਂਟ ਲਗਾਇਆ ਜਾਵੇਗਾ। ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਭੋਗਪੁਰ ਮਿੱਲ ਵਾਸਤੇ 100 ਏਕੜ ਜ਼ਮੀਨ ਆਦਮਪੁਰ ਹਲਕੇ ਦੇ ਲੋਕਾਂ ਨੇ ਦਿੱਤੀ ਸੀ ਅਤੇ ਉਹ ਇੱਕ ਮਿੱਲ ਨੂੰ ਲਗਾਉਣ ਵਾਸਤੇ ਦਿੱਤੀ ਸੀ। ਉੱਥੇ 35-40 ਏਕੜ ਜ਼ਮੀਨ ਉੱਤੇ ਕਿਸਾਨਾਂ ਵਾਸਤੇ ਨਵੀਂ ਖੋਜ ਕੇਂਦਰ ਦੇ ਰੂਪ ਅੰਦਰ ਜ਼ਮੀਨ ਵਰਤੀ ਜਾਣੀ ਚਾਹੀਦੀ ਸੀ ਪਰ ਇਸ ਪਲਾਂਟ ਲੱਗਣ ਦੇ ਨਾਲ ਇਲਾਕੇ ਦੇ ਅੰਦਰ ਬਹੁਤ ਵੱਡੀ ਰਿਜ਼ੈਂਟਮੈਂਟ ਹੈ, ਧਰਨੇ ਪ੍ਰਦਰਸ਼ਨ ਹੋ ਰਹੇ ਹਨ। ਇੱਕ ਕਮੇਟੀ ਬਣੀ ਹੈ, ਮੈਂ ਬਤੌਰ ਐਮ.ਐਲ.ਏ. ਅਤੇ ਸਾਰੀਆਂ ਪਾਰਟੀਆਂ ਦੀ ਕਮੇਟੀ ਅੰਦਰ ਸ਼ਮੂਲੀਅਤ ਹੈ ਅਤੇ ਵੱਖ ਵੱਖ ਥਾਵਾਂ ਤੇ ਜਾ ਕੇ ਜਿੱਥੇ ਸੀ.ਐਨ.ਜੀ. ਪਲਾਂਟ ਲੱਗੇ ਹਨ, ਉਨ੍ਹਾਂ ਦਾ ਜਾ ਕੇ ਵਿਜ਼ਿਟ ਕੀਤਾ ਹੈ ਅਤੇ ਉੱਥੇ ਦੇ ਲੋਕ ਇੰਨੇ ਪ੍ਰੇਸ਼ਾਨ ਹਨ ਕਿ ਵੱਖ ਵੱਖ ਥਾਵਾਂ ਤੇ ਧਰਨੇ ਲੱਗੇ ਹੋਏ ਹਨ। ਇੰਨੀ ਸਮੈੱਲ ਅਤੇ ਜ਼ਿੰਦਗੀ ਦੇ ਨਾਲ ਖਿਲਵਾੜ ਹੋ ਰਿਹਾ ਹੈ ਕਿਉਂਕਿ ਮਿੱਲਾਂ ਦਾ ਸਾਰਾ ਪਾਣੀ ਜ਼ਮੀਨ ਅੰਦਰ ਜਾਵੇਗਾ। ਮੈਂ ਪਿਛਲੇ ਦਿਨਾਂ ਵਿੱਚ ਵੀ ਕਿਹਾ ਸੀ ਕਿ ਸਾਨੂੰ ਸ਼ਹਿਰ ਦੇ ਪਾਣੀ ਮੁਤਾਬਿਕ ਪਾਣੀ ਦਿੱਤਾ ਜਾਵੇ ਕਿਉਂਕਿ ਥੱਲੇ ਦਾ ਪੀਣਯੋਗ ਪਾਣੀ ਨਹੀਂ ਰਿਹਾ। ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਹੜਾ ਸਮਝੌਤਾ ਭੋਗਪੁਰ ਮਿੱਲ ਦੇ ਮਾਮਲੇ ਨੂੰ ਹੀ ਹੱਲ ਕਰਨ ਵਾਸਤੇ ਸੀ.ਐਨ.ਜੀ. ਪਲਾਂਟ ਦਾ ਕੋਈ ਪ੍ਰੋਵੀਜ਼ਨ ਸੀ ਪਰ ਉਸ ਅੰਦਰ ਨਕੋਦਰ, ਨਵਾਂ ਸ਼ਹਿਰ ਸ਼ੂਗਰ ਮਿੱਲ ਦਾ mud ਅਤੇ ਉੱਥੇ ਜਲੰਧਰ ਦਾ ਕੂੜਾ ਆਵੇਗਾ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**ਸ੍ਰੀ ਸੁਖਵਿੰਦਰ ਸਿੰਘ ਕੋਟਲੀ**: ਸਰ, ਇੱਕ ਸੈਕਿੰਡ ਜੀ।

**ਮਾਣਯੋਗ ਸਪੀਕਰ**: ਤੁਹਾਡੀ ਗੱਲ ਆ ਗਈ ਹੈ, you are dictating the same thing.

**ਸ੍ਰੀ ਸੁਖਵਿੰਦਰ ਸਿੰਘ ਕੋਟਲੀ**: ਸਰ, ਇੱਕੋ ਸੈਕਿੰਡ ਲਵਾਂਗਾ ਜੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਉਸ ਦੇ ਨਾਲ ਸਾਡੇ ਕੋਲ ਟ੍ਰੈਫਿਕ ਵਾਸਤੇ, ਟਰਾਲੀਆਂ ਖੜ੍ਹੀਆਂ ਕਰਨ ਵਾਸਤੇ ਕੋਈ ਜਗ੍ਹਾ ਨਹੀਂ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਸਮਝੌਤਾ ਰੱਦ ਕੀਤਾ ਜਾਵੇ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਡਾਕਟਰ ਵਿਜੈ ਸਿੰਗਲਾ ਜੀ।

**ਡਾਕਟਰ ਵਿਜੈ ਸਿੰਗਲਾ (ਮਾਨਸਾ)**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਦਾ ਧਿਆਨ ਮਾਨਸਾ ਜ਼ਿਲ੍ਹੇ ਦੀਆਂ ਕੁਝ ਸਮੱਸਿਆਵਾਂ ਵੱਲ ਦਿਵਾਉਣਾ ਚਾਹੁੰਦਾ ਹਾਂ। ਮਾਨਸਾ ਨੂੰ ਜ਼ਿਲ੍ਹੇ ਬਣੇ ਨੂੰ 32 ਸਾਲ ਤੋਂ ਜ਼ਿਆਦਾ ਹੋ ਗਏ ਹਨ ਪਰ ਉੱਥੇ ਕੋਈ ਵੀ ਨਵਾਂ ਐਜੂਕੇਸ਼ਨਲ ਇੰਸਟੀਚਿਊਟ ਨਹੀਂ ਖੁੱਲ੍ਹਿਆ, ਸਿਰਫ ਇੱਕ ਸਰਕਾਰੀ ਨਹਿਰੂ ਕਾਲਜ ਸੀ ਪਰ ਉਸ ਵਿੱਚ ਵੀ ਸਿਰਫ ਇੱਕ ਰੈਗੂਲਰ ਪੋਸਟ ਹੈ। ਬਾਕੀ ਸਾਰੀਆਂ ਪੋਸਟਾਂ ਖਾਲੀ ਹਨ। ਇੱਕ ਸੌ ਬੈੱਡ ਦਾ ਹਸਪਤਾਲ ਹੈ, ਉਸ ਵਿੱਚ 45% ਤੋਂ ਜ਼ਿਆਦਾ ਵੈਕੰਸੀਆਂ ਹਨ ਅਤੇ ਉੱਥੇ ਕੋਈ ਮੈਡੀਕਲ ਦੀਆਂ ਫੈਸਿਲਟੀਜ਼ ਨਹੀਂ ਹਨ। ਜੋ ਇੱਕ ਮਾਨਸਾ ਵਿੱਚ ਸ਼ੂਗਰ ਅਤੇ ਸਪਿੰਨਿੰਗ ਮਿੱਲ ਸੀ, ਉਹ ਵੀ ਪਿਛਲੀਆਂ ਸਰਕਾਰਾਂ ਦੀ ਅਣਗਹਿਲੀ ਅਤੇ ਅਣਦੇਖੀ ਨਾਲ ਬੰਦ ਹੋ ਗਈ। ਮਤਲਬ ਉੱਥੇ ਕੋਈ ਇੰਡਸਟਰੀ ਨਹੀਂ ਹੈ ਅਤੇ ਸਾਡਾ ਏਰੀਆ ਡਾਰਕ ਜ਼ੋਨ ਵਿੱਚ ਆਉਣ ਕਰਕੇ ਉੱਥੇ ਕੋਈ ਨਵਾਂ ਮੋਟਰ ਦਾ ਕੁਨੈਕਸ਼ਨ ਨਹੀਂ ਲੱਗ ਰਿਹਾ

**1110/Manika Rani/Shubham jain**

ਜਿਸ ਕਰਕੇ ਬੜੀ ਵੱਡੀ ਪ੍ਰਾਬਲਮ ਆ ਰਹੀ ਹੈ। ਅੱਜ ਤੋਂ ਪੰਜ-ਸੱਤ ਸਾਲ ਪਹਿਲਾਂ ਸਾਡੀ ਬੈਲਟ ਨਰਮਾ ਪੱਟੀ ਵਜੋਂ ਜਾਣੀ ਜਾਂਦੀ ਸੀ ਪਰੰਤੂ ਅੱਜ ਨਰਮਾ ਦੀ ਫਸਲ ਬਿਲਕੁਲ ਬੰਦ ਹੋ ਚੁੱਕੀ ਹੈ। ਇਸ ਤੋਂ ਬਿਨਾਂ ਜਿਹੜੇ ਖੇਤੀਬਾੜੀ ਨਾਲ ਸਬੰਧਤ ਲੋਕ ਹਨ, ਜਿਨ੍ਹਾਂ ਦੀਆਂ co-operative societies ਦੀਆਂ ਪਾਸ ਬੁੱਕ ਬਣਦੀਆਂ ਸਨ, ਪਿਛਲੇ ਪੰਜ ਸਾਲ ਤੋਂ ਉਹ ਪਾਸਬੁੱਕ ਬਣਨੀਆਂ ਬੰਦ ਹੋਈਆਂ ਪਈਆਂ ਹਨ, ਜਿਸ ਕਾਰਨ ਸਾਡੇ ਕਿਸਾਨ ਭਰਾ ਪਰੇਸ਼ਾਨ ਹਨ। ਕਿਸਾਨਾਂ ਨੂੰ ਬੈਂਕਾਂ ਅਤੇ co-operative societies ਤੋਂ ਰੇਅ, ਸਪਰੇਅ ਜਾਂ ਬੀਜ ਆਦਿ ਦਾ ਜੋ ਸਮਾਨ ਮਿਲਦਾ ਸੀ, ਉਹ ਵੀ ਬੰਦ ਹੋ ਚੁੱਕੇ ਹਨ। ਇਸ ਤੋਂ ਇਲਾਵਾ ਨਿਸ਼ਾਨਦੇਹੀ ਕਰਨ ਵਾਸਤੇ ਅੱਜ-ਕੱਲ੍ਹ ਜਿਹੜੀ ਮਾਡਰਨ ਇਕੁਪਮੈਂਟ ਮੈਜਰ ਮਸ਼ੀਨ ਹੈ, ਉਹ ਸਾਡੀਆਂ ਸਰਕਾਰਾਂ ਕੋਲ ਨਹੀਂ ਹੈ। ਜੇਕਰ ਕਿਸੇ ਨੇ ਇੱਕ ਜਾਂ ਦੋ ਮਰਲੇ ਦੀ ਨਿਸ਼ਾਨਦੇਹੀ ਜਾਂ ਤਕਸੀਮ ਕਰਵਾਉਣੀ ਹੁੰਦੀ ਹੈ, ਉਸ ਦਾ 15-20 ਹਜ਼ਾਰ ਦਾ ਰੈਂਟ ਦੇਣਾ ਪੈਂਦਾ ਹੈ। ਮੈਂ ਚਾਹੁੰਦਾ ਹਾਂ ਕਿ ਸਰਕਾਰ ਨੂੰ ਇਨ੍ਹਾਂ ਸਮੱਸਿਆਵਾਂ ਵੱਲ ਧਿਆਨ ਦੇ ਕੇ ਇਨ੍ਹਾਂ ਨੂੰ ਫੌਰੀ ਤੌਰ ਤੇ ਹੱਲ ਕਰਨਾ ਚਾਹੀਦਾ ਹੈ। ਬਹੁਤ-ਬਹੁਤ ਧੰਨਵਾਦ ਜੀ।

**ਸ੍ਰੀ ਬਰਿੰਦਰ ਕੁਮਾਰ ਗੋਇਲ (ਲਹਿਰਾ)**: ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੇ ਬਹੁਤ ਹੀ ਜ਼ਰੂਰੀ ਮਸਲੇ ਵੱਲ ਧਿਆਨ ਦਿਵਾਉਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਮੈਂ ਖਨੌਰੀ ਤੋਂ ਮੰਡਵੀਂ ਤੱਕ ਦੀ ਸੜਕ ਦਾ ਜ਼ਿਕਰ ਪਿਛਲੀ ਵਾਰ ਵੀ ਸਦਨ ਵਿੱਚ ਕੀਤਾ ਸੀ ਪਰ ਉਸ ਦਾ ਕੋਈ ਹੱਲ ਨਹੀਂ ਨਿਕਲਿਆ ਹੈ। ਖਨੌਰੀ ਤੋਂ ਮੰਡਵੀਂ ਤੱਕ ਦੀ ਸੜਕ ਦੀ ਹਾਲਤ ਇਸ ਹੱਦ ਤੱਕ ਖਰਾਬ ਹੈ ਕਿ ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਾਡੇ ਉਥੇ ਇੱਕ ਹੀ ਬੱਸ ਚਲਦੀ ਸੀ ਪਰੰਤੂ ਬੱਸ ਵਾਲਿਆਂ ਨੇ ਬੱਸ ਚਲਾਉਣ ਤੋਂ ਜਵਾਬ ਦੇ ਦਿੱਤਾ ਹੈ। ਬੱਸ ਵਾਲੇ ਕਹਿੰਦੇ ਹਨ ਕਿ ਇਸ ਦਸ ਕਿਲੋਮੀਟਰ ਸੜਕ ਨੂੰ ਤੈਅ ਕਰਨ ਲਈ ਸਾਨੂੰ ਅੱਧਾ ਘੰਟਾ ਲੱਗ ਜਾਂਦਾ ਹੈ ਅਤੇ ਅਸੀਂ ਆਪਣੇ ਡੈਸਟੀਨੇਸ਼ਨ ਤੇ ਸਮੇਂ ਸਿਰ ਨਹੀਂ ਪਹੁੰਚ ਸਕਦੇ। ਉਹ ਬੱਸ ਹੁਣ ਭਾਖੜਾ ਕਿਨਾਰੇ ਹੀ ਖੜ੍ਹਦੀ ਹੈ ਅਤੇ ਬੱਸ ਦਾ ਸਮਾਂ ਸਵੇਰੇ 4.55 ਵਜੇ ਹੈ। ਸਪੀਕਰ ਸਾਹਿਬ, ਲੋਕ ਪੈਦਲ ਚਲ ਕੇ ਫਿਰ ਬੱਸ ਚੜ੍ਹਦੇ ਹਨ। ਇਸ ਸੜਕ ਦੀ ਹਾਲਤ ਬਹੁਤ ਖਰਾਬ ਹੈ। ਕ੍ਰਿਪਾ ਕਰਕੇ ਇਸ ਸੜਕ ਦੀ ਹਾਲਤ ਠੀਕ ਕੀਤੀ ਜਾਵੇ। ਦੂਜਾ, ਲਹਿਰਾ ਤੋਂ ਲੈ ਕੇ ਮੂਨਕ ਤੱਕ ਜਿਹੜੀ ਸੜਕ ਹੈ, ਜੋ ਸਾਰੇ ਹਰਿਆਣੇ ਨਾਲ ਜੁੜਦੀ ਹੈ। ਜਦੋਂ ਹਰਿਆਣੇ ਦੀ ਐਂਟਰੀ ਡਿਸਟ੍ਰਿਕਟ ਸੰਗਰੂਰ ਵਿੱਚ ਹੁੰਦੀ ਹੈ ਤਾਂ ਸਾਰੀ ਐਂਟਰੀ

ਲਹਿਰਾ ਤੋਂ ਮੂਨਕ ਵਾਲੀ ਸੜਕ ਰਾਹੀਂ ਹੁੰਦੀ ਹੈ। ਇਸ ਸੜਕ ਦੀ ਹਾਲਤ ਵੀ ਬਦ-ਤੋਂ ਬਦਤਰ ਹੈ। ਇਹ ਦੋਹਾਂ ਸੜਕਾਂ ਦੀ ਹਾਲਤ ਠੀਕ ਕਰਵਾਈ ਜਾਵੇ ਕਿਉਂਕਿ ਮਾਣਯੋਗ ਮੰਤਰੀ ਸਾਹਿਬ ਵੀ ਬੈਠੇ ਹਨ। ਮੈਂ ਇਹ ਵੀ ਮੰਨਦਾ ਹਾਂ ਕਿ ਫੰਡਾਂ ਦੀ ਕਮੀ ਚੱਲ ਰਹੀ ਹੈ ਪਰੰਤੂ ਇਨ੍ਹਾਂ ਦੋਹਾਂ ਸੜਕਾਂ ਨੂੰ ਪਹਿਲ ਦੇ ਆਧਾਰ ਤੇ ਠੀਕ ਕਰਵਾਇਆ ਜਾਵੇ। ਸਪੀਕਰ ਸਾਹਿਬ, ਲੋਕ ਬਹੁਤ ਦੁਖੀ ਹਨ। ਹਾਲਤ ਬਹੁਤ ਖਰਾਬ ਹੈ। ਸੋ, ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇ। ਬਹੁਤ-ਬਹੁਤ ਧੰਨਵਾਦ ਜੀ।

*11.11 ਵਜੇ ਪੂਰਵ ਦੁਪਹਿਰ (*ਇਸ ਸਮੇਂ ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਮੈਂਬਰ, ਪੈਨਲ ਆਫ ਚੇਅਰਮੈਨ ਨੇ ਸਦਨ ਦੀ ਕੁਰਸੀ ਸੰਭਾਲੀ।)

**ਸਰਦਾਰ ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ):** ਸਰ, ਸਮਾਂ ਦੇਣ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਮੈਂ ਆਪ ਜੀ ਦੇ ਮਾਧਿਅਮ ਰਾਹੀਂ ਸਮੁੱਚੇ ਹਾਊਸ ਨੂੰ ਪੰਜਾਬ ਦੀ ਜਿਹੜੀ ਬਹੁਤ ਵੱਡੀ ਸਮੱਸਿਆ ਹੈ, ਉਸ ਬਾਰੇ ਦੱਸਣਾ ਚਾਹੁੰਦਾ ਹਾਂ। ਸਰ, ਪੰਜਾਬ ਵਿੱਚ ਵੱਖ-ਵੱਖ ਥਾਵਾਂ ਉੱਤੇ ਛਾਉਣੀਆਂ ਬਣੀਆਂ ਹੋਈਆਂ ਹਨ। ਡਿਫੈਂਸ ਐਕਟ, 1903 ਦੇ ਤਹਿਤ ਸੈਕਸ਼ਨ 9 ਦੇ ਤਹਿਤ ਜਿੱਥੇ ਵੀ ਕਿਤੇ ਛਾਉਣੀਆਂ ਬਣੀਆਂ ਹੋਈਆਂ ਹਨ, ਉਥੇ ਇੱਕ ਹਜ਼ਾਰ ਮੀਟਰ ਦੇ ਘੇਰੇ ਅੰਦਰ ਕੋਈ ਵੀ ਉਸਾਰੀ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਉਸ ਨੂੰ ਉਸਾਰੀ ਜ਼ੋਨ ਡਿਕਲੇਅਰ ਕੀਤਾ ਗਿਆ ਹੈ। ਇਹ ਹੋਰ ਸ਼ਹਿਰਾਂ ਵਿੱਚ ਵੀ ਹੈ। ਮੇਰੇ ਹਲਕੇ ਬਠਿੰਡਾ ਸ਼ਹਿਰ, ਮਾਨਸਾ ਰੋਡ ਉੱਪਰ ਛਾਉਣੀ ਹੈ ਔਰ ਉਸ ਦੇ ਨੇੜੇ ਬਹੁਤ ਵੱਡੀਆਂ ਆਬਾਦੀਆਂ ਹਨ। ਸ਼ਹਿਰ ਦੇ ਨੇੜੇ ਬਹੁਤ ਵੱਡਾ ਏਰੀਆ ਹੈ ਜਿੱਥੇ ਆਬਾਦੀ ਹੋ ਸਕਦੀ ਹੈ ਔਰ ਪਹਿਲਾਂ ਵੀ ਉਥੇ ਆਬਾਦੀ ਹੋਈ ਪਈ ਹੈ। ਡਿਫੈਂਸ ਦੀਆਂ ਆਪਣੀਆਂ ਕਾਲੋਨੀਆਂ ਉਥੇ ਬਣੀਆਂ ਹੋਈਆਂ ਹਨ ਪਰੰਤੂ ਲੋਕਾਂ ਨੂੰ ਇਸ ਲਈ ਇਜ਼ਾਜਤ ਨਹੀਂ ਦਿੱਤੀ ਜਾ ਰਹੀ ਹੈ। ਅੱਜ ਜਦੋਂ ਕੇਂਦਰ ਦੀ ਸਰਕਾਰ ਸੀ.ਆਰ.ਪੀ.ਸੀ., ਆਈ.ਪੀ.ਸੀ. ਔਰ ਇੰਡੀਅਨ ਐਵੀਡੈਂਸ ਵਰਗੇ ਪੁਰਾਣੇ ਅੰਗਰੇਜ਼ਾਂ ਦੇ ਸਮੇਂ ਦੇ ਕਾਨੂੰਨ ਬਣੇ ਹੋਏ ਸਨ, ਉਨ੍ਹਾਂ ਵਿੱਚ ਤਬਦੀਲੀ ਲਿਆ ਰਹੀ ਹੈ। ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਇਸ ਲਈ ਕੇਂਦਰ ਸਰਕਾਰ ਨਾਲ ਰਾਬਤਾ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਇਸ ਤਰ੍ਹਾਂ ਦੀ ਇਜਾਜ਼ਤ ਦਿਵਾਉਣੀ ਚਾਹੀਦੀ ਹੈ ਤਾਂ ਕਿ ਆਪਣੀ ਜ਼ਮੀਨ/ਲੈਂਡ ਦੀ ਯੋਗ ਵਰਤੋਂ ਕਰ ਸਕਣ। ਇਸ ਤੋਂ ਇਲਾਵਾ ਸਾਡੇ ਉਸ ਇਲਾਕੇ ਵਿੱਚ ਜਿਹੜੀ ਰਿੰਗ ਰੋਡ ਨਿਕਲ ਰਹੀ ਹੈ, ਉਹ ਵੀ ਪਿਛਲੀ ਸਰਕਾਰ ਨੇ ਡਾਈਵਰਟ ਕਰ ਦਿੱਤੀ, ਜਿਸ ਨਾਲ ਹੁਣ ਉਥੇ ਮਾਨਸਾ ਰੋਡ ਉੱਤੇ ਹਾਦਸੇ ਹੋ ਸਕਦੇ ਹਨ। ਜਦੋਂ ਕਿ ਜਿਹੜਾ ਮਾਸਟਰ ਪਲਾਨ ਸੀ, ਉਸ ਵਿੱਚ ਸਿੱਧੀ ਰਿੰਗ ਰੋਡ ਛਾਉਣੀ ਦੇ ਨੇੜਿਓਂ ਨਿਕਲਣੀ ਸੀ। ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਲਈ ਕੋਈ ਨਾ ਕੋਈ ਉਪਬੰਧ ਕਰਕੇ, ਕੋਈ ਨਾ ਕੋਈ ਪਰਪੋਜ਼ਲ ਬਣਾ ਕੇ ਕੇਂਦਰ ਸਰਕਾਰ ਨਾਲ ਰਾਬਤਾ ਕਰਕੇ ਇਸ ਨੂੰ ਅੱਗੇ ਵਧਾਇਆ ਜਾਵੇ । ਧੰਨਵਾਦ ਜੀ।

**ਸ਼੍ਰੀ ਸਭਾਪਤੀ:** ਧੰਨਵਾਦ ਜੀ। ਹਾਂ ਜੀ, ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ ।

**1115/Gurpreet kaur/Shubham jain**

**ਸਰਦਾਰ ਦਵਿੰਦਰਜੀਤ ਸਿੰਘ ਲਾਡੀ ਢੋਸ (ਧਰਮਕੋਟ):** ਧੰਨਵਾਦ ਸਪੀਕਰ ਸਾਹਿਬ, ਮੈਂ ਅੱਜ ਸਦਨ ਦਾ ਧਿਆਨ ਇੱਕ ਵਿਸ਼ੇਸ਼ ਜਿਹੜੀ ਸਾਡੀ ਮੰਗ ਹੈ, ਉਹ ਇਕੱਲੇ ਹਲਕੇ ਦੀ ਮੰਗ ਨਹੀਂ, ਸਾਰੇ ਜ਼ਿਲ੍ਹੇ ਮੋਗੇ ਦੀ ਮੰਗ ਹੈ। ਕਿਉਂਕਿ ਤੁਸੀਂ

ਜਾਣਦੇ ਹੋ ਕਿ ਜਿਹੜਾ ਮੋਗਾ ਜ਼ਿਲ੍ਹਾ ਹੈ ਇਹ ਇੱਕ ਐਨ.ਆਰ.ਆਈ. ਬੈਲਟ ਹੈ, ਐਨ.ਆਰ.ਆਈ. ਬੈਲਟ ਹੋਣ ਕਾਰਨ ਇੱਥੇ ਲੋਕਲ ਭਰਤੀ ਬਹੁਤ ਘੱਟ ਹੈ। ਇੱਥੇ ਅਧਿਆਪਕ ਵੀ ਬਹੁਤ ਘੱਟ ਹਨ। ਸਾਡੇ ਜ਼ਿਲ੍ਹੇ ਵਿੱਚ ਪੁਲਿਸ ਮੁਲਾਜ਼ਮ ਵੀ ਬਹੁਤ ਘੱਟ ਹਨ ਅਤੇ ਇੱਥੇ ਡਾਕਟਰ ਵੀ ਬਹੁਤ ਘੱਟ ਹਨ। ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਵੇਂ ਸਰਹੱਦੀ ਜ਼ਿਲ੍ਹਿਆਂ ਨੂੰ ਇੱਕ ਸਪੈਸ਼ਲ ਪੈਕੇਜ ਦਿੱਤਾ ਜਾਂਦਾ ਹੈ, ਉਸ ਤਰ੍ਹਾਂ ਹੀ ਇੱਕ ਸਪੈਸ਼ਲ ਪੈਕੇਜ ਜ਼ਿਲ੍ਹਾ ਮੋਗਾ ਨੂੰ ਦਿੱਤਾ ਜਾਵੇ ਕਿਉਂਕਿ ਇੱਥੇ ਲੋਕਲ ਭਰਤੀ ਬਹੁਤ ਘੱਟ ਹੈ। ਜਿਹੜੇ ਵੀ ਮੁਲਾਜ਼ਮ ਇੱਥੇ ਆਉਂਦੇ ਹਨ, ਜਦੋਂ ਵੀ ਭਰਤੀ ਕੀਤੀ ਜਾਂਦੀ ਹੈ ਉਦੋਂ ਇੱਕ ਵਾਰ ਤਾਂ ਇੱਥੇ ਆ ਜਾਂਦੇ ਹਨ ਪਰ ਉਸ ਤੋਂ ਬਾਅਦ ਸਿਫਾਰਸ਼ਾਂ ਨਾਲ ਬਾਕੀ ਜ਼ਿਲ੍ਹਿਆਂ ਵਿੱਚ ਚਲੇ ਜਾਂਦੇ ਹਨ। ਸੋ, ਮੈਂ ਤੁਹਾਡੇ ਮਾਧਿਅਮ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇੱਥੇ ਜਿਹੜੇ ਵੀ ਮੁਲਾਜ਼ਮ ਆਉਂਦੇ ਹਨ ਉਹ ਘੱਟੋਂ ਘੱਟ ਤਿੰਨ ਤੋਂ ਚਾਰ ਸਾਲ ਇੱਥੇ ਰਹਿ ਕੇ ਜਾਇਆ ਕਰਨ। ਬਹੁਤ ਬਹੁਤ ਧੰਨਵਾਦ ਜੀ।

**ਸ਼੍ਰੀ ਸਭਾਪਤੀ**: ਹਾਂ ਜੀ, ਸ਼੍ਰੀ ਨਰੇਸ਼ ਪੁਰੀ ਜੀ ।

**ਸ਼੍ਰੀ ਨਰੇਸ਼ ਪੁਰੀ (ਸੁਜਾਨਪੁਰ)**: ਸਰ, ਮੈਂ ਹਾਊਸ ਦਾ ਧਿਆਨ ਆਪਣੇ ਹਲਕੇ ਦੇ ਇੱਕ ਦੋ ਛੋਟੇ ਕੰਮਾਂ ਵੱਲ ਦਿਵਾਉਣਾ ਚਾਹੁੰਦਾ ਹਾਂ। ਮੈਂ ਪੀ.ਡਬਲਿਊ.ਡੀ. ਮਨਿਸਟਰ ਸਾਹਿਬ ਦੇ ਧਿਆਨ ਵਿੱਚ ਵੀ ਲਿਆਉਣਾ ਚਾਹੁੰਦਾ ਸੀ ਪਰ ਉਹ ਉੱਠ ਕੇ ਚਲੇ ਗਏ ਹਨ ਕਿ ਉੱਥੇ ਇੱਕ ਡਿਫੈਂਸ ਰੋਡ ਪੈਂਦੀ ਹੈ। ਉਹ ਰੋਡ ਬਹੁਤ ਹੀ ਕਰੂਸ਼ੀਅਲ ਹੈ। ਉੱਥੋਂ ਹੈਵੀ ਟ੍ਰੈਫਿਕ ਲੰਘਦੀ ਹੈ ਅਤੇ ਆਰਮੀ ਦੀਆਂ ਗੱਡੀਆਂ ਵੀ ਲੰਘਦੀਆਂ ਹਨ। ਉਹ ਸੜਕ ਨਹੀਂ ਬਲਕਿ ਟੋਇਆਂ ਵਿੱਚ ਸੜਕ ਹੈ। ਉੱਥੇ ਰੋਜ਼ ਐਕਸੀਡੈਂਟ ਹੁੰਦੇ ਹਨ, ਜਿਸ ਕਾਰਨ ਕਾਫੀ ਮੌਤਾਂ ਹੋ ਚੁੱਕੀਆਂ ਹਨ। ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਦਾ ਧਿਆਨ ਇਸ ਪਾਸੇ ਵੱਲ ਦਿਵਾਉਣਾ ਚਾਹੁੰਦਾ ਹਾਂ ਤਾਂ ਜੋ ਪੀ.ਡਬਲਿਊ.ਡੀ. ਦੀ ਰੋਡ ਜਿਸ ਦਾ ਨਾਮ ਡਿਫੈਂਸ ਰੋਡ ਹੈ, ਉਸ ਬਾਰੇ ਵੀ ਸੋਚਿਆ ਜਾਵੇ। ਸਰ, ਮੈਂ ਇੱਕ ਗੱਲ ਦਾ ਧਿਆਨ ਹੋਰ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਇੱਥੇ ਐਮ.ਐਲ.ਏ. ਚੁਣ ਕੇ ਆਇਆ ਹਾਂ। ਅਸੀਂ ਸਾਰੇ ਵਿਧਾਨ ਸਭਾ ਵਿੱਚ ਬੈਠੇ ਹਾਂ। ਜਦੋਂ ਬੱਚਾ ਪੈਦਾ ਹੁੰਦਾ ਹੈ ਤਾਂ ਉਸ ਦਾ ਕੋਈ ਧਰਮ ਨਹੀਂ ਹੁੰਦਾ। ਜਿਸ ਘਰ ਵਿੱਚ ਵੀ ਬੱਚਾ ਪੈਦਾ ਹੁੰਦਾ ਹੈ, ਉਹ ਉਹੀ ਧਰਮ ਗ੍ਰਹਿਣ ਕਰ ਲੈਂਦਾ ਹੈ। ਉਸੇ ਤਰ੍ਹਾਂ ਮੈਂ ਸਨਾਤਨ ਧਰਮ ਨੂੰ ਬਿਲੌਂਗ ਕਰਦਾ ਹਾਂ। ਉਸ ਵਿੱਚ ਸਾਡਾ ਇੱਕ ਮੁਕੱਦਸ ਸਵਾਸਤਿਕ ਦਾ ਨਿਸ਼ਾਨ ਹੈ। ਜਦੋਂ ਇਹ ਪੌੜੀਆਂ ਚੜ੍ਹਦੇ ਹਾਂ ਤਾਂ ਸਾਹਮਣੇ ਇੱਕ ਨਿਸ਼ਾਨ ਬਣਿਆ ਹੋਇਆ ਹੈ। ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਇਹ ਨਿਸ਼ਾਨ ਵਿਧਾਨ ਸਭਾ ਵਿੱਚ ਪ੍ਰੈਜ਼ੈਂਟ ਹੈ ਪਰ ਜਦੋਂ ਪੌੜੀਆਂ ਚੜ੍ਹ ਕੇ ਜਾਂਦੇ ਹਾਂ ਤਾਂ ਇਹ ਸਾਡੇ ਪੈਰਾਂ ਵਿੱਚ ਆਉਂਦਾ ਹੈ, ਜਿਸ ਕਰਕੇ ਮੈਨੂੰ ਇਹ ਮਹਿਸੂਸ ਹੋ ਰਿਹਾ ਹੈ ਕਿ ਇਸ ਨਾਲ ਧਰਮ ਦੀ ਬੇਇੱਜ਼ਤੀ ਹੋ ਰਹੀ ਹੈ। ਇਸ ਬਾਰੇ ਵੀ ਕੁਝ ਸੋਚਿਆ ਜਾਵੇ। ਧੰਨਵਾਦ ਜੀ।

**ਸ਼੍ਰੀ ਸਭਾਪਤੀ**: ਸਰਦਾਰ ਕੁਲਵੰਤ ਸਿੰਘ ਬਾਜੀਗਰ।

**ਸਰਦਾਰ ਕੁਲਵੰਤ ਸਿੰਘ ਬਾਜੀਗਰ (ਸ਼ੁਤਰਾਣਾ, ਐਸ.ਸੀ.)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਹਾਊਸ ਵਿੱਚ ਬੋਲਣ ਦਾ ਮੌਕਾ ਦਿੱਤਾ। ਸਪੀਕਰ ਸਾਹਿਬ, ਮੰਤਰੀ ਸਾਹਿਬ ਵੀ ਚਲੇ ਗਏ ਹਨ। ਮੇਰਾ ਸ਼ੁਤਰਾਣਾ ਹਲਕਾ ਹੈ ਅਤੇ ਜ਼ਿਲ੍ਹੇ ਪਟਿਆਲੇ ਵਾਲੇ ਸਾਰੇ ਹੜ੍ਹ ਪੀੜਤ ਹਨ। ਸਪੀਕਰ ਸਾਹਿਬ, ਸਾਰੀਆਂ ਸੜ੍ਹਕਾਂ ਦਾ

ਬੁਰਾ ਹਾਲ ਹੈ। ਵੱਡੇ ਵੱਡੇ ਖੱਡੇ ਪਏ ਹੋਏ ਹਨ। ਕੋਈ ਡਰਦਾ ਸੜ੍ਹਕਾਂ ਤੋਂ ਲੰਘਦਾ ਵੀ ਨਹੀਂ ਹੈ। ਕਿਨਾਰੀਆਂ ਵੀ ਖਾਲੀ ਹੋ ਗਈਆਂ ਹਨ। ਉਨ੍ਹਾਂ ਤੇ ਵੀ ਮਿੱਟੀ ਨਹੀਂ ਲੱਗ ਰਹੀ। ਕਿਰਪਾ ਕਰਕੇ ਰੋਡ ਬਣਾਏ ਜਾਣ ਤਾਂ ਕਿ ਲੋਕਾਂ ਨੂੰ ਆਉਣ ਜਾਣ ਵਿੱਚ ਆਸਾਨੀ ਹੋਵੇ। ਅਸੀਂ ਲੋਕਾਂ ਦੇ ਵਿੱਚ ਜਾਣ ਜੋਗੇ ਰਹਿ ਜਾਈਏ ਕਿਉਂਕਿ ਰੌਲਾ ਬਹੁਤ ਪੈਂਦਾ ਹੈ। ਕਿਰਪਾ ਕਰਕੇ ਜਲਦ ਤੋਂ ਜਲਦ ਕੰਮ ਸ਼ੁਰੂ ਕਰਵਾ ਦਿੱਤਾ ਜਾਵੇ। ਧੰਨਵਾਦ ਜੀ।

**ਸ੍ਰੀ ਸਭਾਪਤੀ:** ਇੰਦਰਜੀਤ ਕੌਰ ਮਾਨ ਜੀ।

**ਸ੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਮੈਂ ਤੁਹਾਡੇ ਜ਼ਰੀਏ ਸਦਨ ਦਾ ਧਿਆਨ ਇੱਕ ਬਹੁਤ ਸੰਜੀਦਾ ਮਸਲੇ ਤੇ ਜਿਸ ਨਾਲ ਸਾਹਾਂ ਦੀ ਡੋਰ ਬੱਝੀ ਹੋਈ ਹੈ, ਵਾਤਾਵਰਣ ਵੱਲ ਦਿਵਾਉਣਾ ਚਾਹੁੰਦੀ ਹੈ। ਬਿਨਾਂ ਸ਼ੱਕ ਮੁੱਖ ਮੰਤਰੀ ਸਾਹਿਬ, ਸ੍ਰੀ ਭਗਵੰਤ ਮਾਨ ਜੀ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਬਹੁਤ ਹੀ ਸ਼ਿੱਦਤ ਨਾਲ ਕੰਮ ਕਰ ਰਹੇ ਹਨ। ਬਿਨਾ ਸ਼ੱਕ ਬੁੱਢੇ ਨਾਲੇ ਤੇ ਕੰਮ ਹੋ ਰਿਹਾ ਹੈ। ਬਿਨਾ ਸ਼ੱਕ ਪੰਜਾਬ ਸਰਕਾਰ ਪ੍ਰਦੂਸ਼ਣ ਤੇ ਬਹੁਤ ਵੱਡੇ ਪੱਧਰ ਤੇ ਕੰਮ ਕਰ ਰਹੀ ਹੈ। ਇਨ੍ਹਾਂ ਦੋ ਢਾਈ ਸਾਲਾਂ ਵਿੱਚ ਪਲਾਂਟੇਸ਼ਨ ਦਾ ਕੰਮ ਬਹੁਤ ਵੱਡੀ ਪੱਧਰ ਤੇ ਹੋ ਰਿਹਾ ਹੈ ਪਰ ਉਸ ਤੋਂ ਇਲਾਵਾ ਮੈਂ ਸਦਨ ਦੇ ਸਾਹਮਣੇ ਇਹ ਗੱਲ ਰੱਖਣਾ ਚਾਹੁੰਦੀ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਸਦੀਆਂ ਤੱਕ ਖੜ੍ਹੀ ਰਹਿਣ ਵਾਲੀ ਚੀਜ਼ ਇੱਕ ਦਰੱਖਤ ਹੀ ਹਨ। ਅਸੀਂ ਵੀ ਪਿਛਲੀ ਸਦੀਆਂ ਦੇ ਦਰੱਖਤ ਦੇਖ ਰਹੇ ਹਾਂ। ਇਨ੍ਹਾਂ ਨੂੰ ਸਾਂਭ ਸੰਭਾਲ ਲਈ ਅਤੇ ਜਿਉਂਦਾ ਰੱਖਣ ਲਈ ਅੱਗੋਂ ਤੋਂ ਜਿਵੇਂ ਅੱਜ ਕੱਲ ਬਿਮਾਰੀਆਂ ਚੱਲੀਆਂ ਹੋਈਆਂ ਹਨ, ਲੰਗਜ਼ ਦੀ ਪ੍ਰਾਬਲਮ ਨਾਲ ਲੱਖਾਂ ਜਾਨਾਂ ਜਾ ਰਹੀਆਂ ਹਨ। ਪੂਰੇ ਪੰਜਾਬ ਵਿੱਚ ਚਮੜੀ ਦੀ ਬਿਮਾਰੀ ਵੱਧ ਤੋਂ ਵੱਧ ਫੈਲ ਰਹੀ ਹੈ। ਜੋ ਦਰੱਖਤਾਂ ਦੀ ਬੇਦਰਦੀ ਨਾਲ ਕਟਾਈ ਹੋ ਰਹੀ ਹੈ ਜਾਂ ਬਰਸਾਤ ਵਿੱਚ ਹੁਣ ਜਿਹੜੇ ਪਲਾਂਟ ਲੱਗ ਰਹੇ ਹਨ, ਬੇਦਰਦੀ ਨਾਲ ਇੱਕ ਛੋਟੇ ਪੌਦੇ ਨੂੰ ਉੱਤੋਂ ਫੜ ਕੇ ਖਿੱਚ ਦਿੱਤਾ ਜਾਂਦਾ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬ ਵਿੱਚ ਲੱਗ ਰਹੇ ਪੌਦੇ ਬੇਜਾਨ ਹੋ ਜਾਂਦੇ ਹਨ। ਫਸਲਾਂ ਦੀ ਵਾਢੀ ਤੋਂ ਬਾਅਦ ਦੇ ਸਮੇਂ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਅੱਖਾਂ ਦੇ ਸਾਹਮਣੇ ਦਰੱਖਤ ਸੜਦੇ ਹਨ।

**1120/Rajneet Kaur/Abhishek gautam**

ਸੋ, ਪੰਜਾਬ ਦੇ ਲਈ ਆਉਣ ਵਾਲਾ ਸਮਾਂ ਬੜਾ ਹੀ ਘਾਤਕ ਹੋਣ ਵਾਲਾ ਹੈ ਕਿਉਂਕਿ ਪੰਜਾਬ ਵਾਤਾਵਰਣ ਦੇ ਸਬੰਧ ਵਿੱਚ ਡੂੰਘੇ ਸੰਕਟ ਵਿੱਚ ਹੈ, ਖਾਸ ਕਰਕੇ ਜਲੰਧਰ ਜ਼ਿਲ੍ਹੇ ਵਿੱਚ ਸਭ ਤੋਂ ਘੱਟ ਹਰਿਆਲੀ ਹੈ ਪਰੰਤੂ ਇੱਧਰ ਹੁਸ਼ਿਆਰਪੁਰ ਅਤੇ ਨਵਾਂਸ਼ਹਿਰ ਵਿੱਚ ਬਹੁਤ ਵਧੀਆ ਪਲਾਂਟੇਸ਼ਨ ਹੈ। ਪੰਜਾਬ ਵਿੱਚ ਸਭ ਤੋਂ ਘੱਟ ਪਲਾਂਟੇਸ਼ਨ ਜ਼ਿਲ੍ਹਾ ਜਲੰਧਰ ਦੇ ਵਿੱਚ ਹੈ। ਅਸੀਂ ਦਰੱਖਤ ਨੂੰ ਜਿਊਂਦਾ-ਜਾਗਦਾ ਕਿਉਂ ਨਹੀਂ ਮੰਨ ਸਕਦੇ? ਇਨ੍ਹਾਂ ਨੂੰ ਖਤਮ ਕਰਨਾ ਇੱਕ ਘਿਨੌਣਾ ਅਪਰਾਧ ਕਿਉਂ ਨਹੀਂ ਮੰਨ ਸਕਦੇ? ਕੀ ਇਸ ਵਾਸਤੇ ਅਸੀਂ ਕੋਈ ਕਾਨੂੰਨ ਬਣਾ ਸਕਦੇ ਹਾਂ? ਇੱਕ ਦਰੱਖਤ ਨੂੰ ਕੱਟਣ ਜਾਂ ਵੱਢਣ ਨੂੰ ਮਨੁੱਖਾਂ ਦੇ ਨਾਲ ਜੋੜਿਆ ਜਾਣਾ ਚਾਹੀਦਾ ਹੈ, ਇਸ ਨੂੰ ਕੱਟਣ ਵੱਢਣ ਵਾਲਿਆਂ ਤੇ ਉਹੀ ਮਨੁੱਖੀ ਕੇਸਾਂ ਵਾਲੀਆਂ ਧਾਰਾਵਾਂ ਲੱਗਣ। ਮੰਨ ਲਵੋ ਜਦੋਂ ਕਿਸੇ ਦਰੱਖਤ ਨੂੰ ਛਿੱਲਿਆ ਜਾਂਦਾ ਹੈ ਤਾਂ ਉਸ ਤੇ 24-25 ਧਾਰਾ ਲੱਗਣੀ ਚਾਹੀਦੀ ਹੈ। ਜੇਕਰ ਦਰੱਖਤ ਦੇ ਅੰਦਰ ਤੱਕ ਕੱਟ ਜਾਂਦਾ ਹੈ ਤਾਂ ਉਸ ਵਿਅਕਤੀ ਤੇ 326 ਧਾਰਾ ਲੱਗਣੀ ਚਾਹੀਦੀ ਹੈ ਅਤੇ ਜੇਕਰ ਕਿਸੇ ਦਰੱਖਤ ਨੂੰ ਕੱਟਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਾਂ ਮਾਰਨ ਦੀ ਕੋਸ਼ਿਸ਼ ਕੀਤੀ ਜਾਂਦੀ

ਹੈ ਤਾਂ ਉਸ ਤੇ ਧਾਰਾ 307 ਲੱਗਣੀ ਚਾਹੀਦੀ ਹੈ। ਮਨੁੱਖਾਂ ਦੀਆਂ ਜਾਨਾਂ ਨਾਲ ਖੇਡਣ ਵਾਲੇ ਜਿਹੜੇ ਲੋਕ ਹਨ, ਇਹ ਇੱਕ ਤਰ੍ਹਾਂ ਦੀ ਨਸਲਕੁਸ਼ੀ ਕਰ ਰਹੇ ਹਨ। ਪੰਜਾਬ ਵਿੱਚ ਖਾਸ ਕਰਕੇ ਬਿਮਾਰੀਆਂ ਦਾ ਪੱਧਰ ਵਧ ਰਿਹਾ ਹੈ। ਇਸ ਨਸਲਕੁਸ਼ੀ ਨੂੰ ਰੋਕਣ ਵਾਸਤੇ ਵੱਡੇ ਉਪਰਾਲੇ ਕੀਤੇ ਜਾਣ ਦੀ ਲੋੜ ਹੈ। ਪੰਜਾਬ ਵਿੱਚ ਇਸ ਵੇਲੇ ਵੀ ਐਕਸਪ੍ਰੈੱਸ ਵੇਅ ਲੰਘ ਰਿਹਾ ਹੈ, ਹੋਰ ਵੀ ਨੈਸ਼ਨਲ ਹਾਈਵੇਅ ਪ੍ਰਾਜੈਕਟਸ ਚੱਲ ਰਹੇ ਹਨ। ਜਿਵੇਂ ਸਰਦਾਰ ਪਰਗਟ ਸਿੰਘ ਜੀ ਨੇ ਵੀ ਬੜੀ ਸੰਜੀਦਗੀ ਦੇ ਨਾਲ ਗੱਲ ਕੀਤੀ ਸੀ ਅਤੇ ਮਾਣਯੋਗ ਸੀ.ਐਮ. ਸਾਹਿਬ ਜੀ ਨੇ ਵੀ ਉਨ੍ਹਾਂ ਦੀ ਗੱਲ ਦਾ ਜਵਾਬ ਦਿੱਤਾ ਕਿ ਸੈਂਕੜੇ ਹੀ ਨਹੀਂ ਹਜ਼ਾਰਾਂ ਏਕੜ ਜ਼ਮੀਨ ਵਿੱਚੋਂ 20-20, 25-25 ਫੁੱਟ ਮਿੱਟੀ ਪੁੱਟੀ ਗਈ ਹੈ। ਅਸੀਂ ਇਸ ਚੀਜ਼ ਨੂੰ ਰੋਕ ਨਹੀਂ ਸਕਦੇ ਕਿਉਂਕਿ ਸਾਡੇ ਤੇ ਵੀ ਪਾਬੰਦੀਆਂ ਹਨ, ਸਾਨੂੰ ਸੈਂਟਰ ਸਰਕਾਰ ਵੱਲੋਂ ਬਲੈਕਮੇਲ ਕੀਤਾ ਜਾ ਰਿਹਾ ਹੈ ਕਿ ਜੇਕਰ ਪ੍ਰਾਜੈਕਟ ਨੂੰ ਕੰਪਲੀਟ ਨਹੀਂ ਕਰਦੇ ਤਾਂ ਤੁਹਾਡਾ ਆਹ ਰੋਕ ਦਿੱਤਾ ਜਾਵੇਗਾ, ਉਹ ਰੋਕ ਦਿੱਤਾ ਜਾਵੇਗਾ। ਅਸੀਂ ਇਸ ਸੰਕਟ ਵਿੱਚ ਹਾਂ ਕਿ ਇਸ ਚੀਜ਼ ਨੂੰ ਕਿਵੇਂ ਟੈਕਲ ਕੀਤਾ ਜਾਵੇ। ਐਕਸਪ੍ਰੈੱਸ ਵੇਅ ਵਾਲਿਆਂ ਨੇ ਜ਼ਮੀਨ ਖਰੀਦ ਕੇ 25-25, 30-30 ਫੁੱਟ ਮਿੱਟੀ ਪੁੱਟੀ ਹੈ, ਇਸ ਜ਼ਮੀਨ ਵਿੱਚੋਂ ਉਨ੍ਹਾਂ ਨੇ ਮੁਨਾਫਾ ਕੱਢ ਲਿਆ ਹੋਇਆ ਹੈ।

**ਸ੍ਰੀ ਸਭਾਪਤੀ** : ਤੁਹਾਡੀ ਗੱਲ ਆ ਗਈ ਹੈ ਕਿਉਂਕਿ ਸਾਡੀ ਕੋਸ਼ਿਸ਼ ਹੈ ਕਿ ਸਾਰਿਆਂ ਨੂੰ ਸਮਾਂ ਦਿੱਤਾ ਜਾਵੇ।

**ਸ੍ਰੀਮਤੀ ਇੰਦਰਜੀਤ ਕੌਰ ਮਾਨ** : ਸਰ, ਬਸ ਮੈਂ ਦੋ ਮਿੰਟ ਹੀ ਲਵਾਂਗੀ। ਸਰ, ਐਕਸਪ੍ਰੈੱਸਵੇਅ ਵਾਲਿਆਂ ਨੇ ਉਸ ਜ਼ਮੀਨ ਵਿੱਚੋਂ ਮੁਨਾਫਾ ਕੱਢ ਲਿਆ ਹੋਇਆ ਹੈ, ਇਸ ਲਈ ਉਸ ਜ਼ਮੀਨ ਨੂੰ ਲੈ ਕੇ ਉਸ ਵਿੱਚ ਪਰਾਪਰ ਪਲਾਂਟੇਸ਼ਨ ਕੀਤੀ ਜਾਣੀ ਚਾਹੀਦੀ ਹੈ। ਮੈਂ ਇੱਕ ਗੱਲ ਇਹ ਵੀ ਕਹਿਣਾ ਚਾਹਾਂਗੀ ਕਿ ਕਿਉਂ ਨਾ ਇੱਕ ਵਿਸ਼ੇਸ਼ ਇਜਲਾਸ ਸਿਰਫ ਤੇ ਸਿਰਫ ਵਾਤਾਵਰਣ ਸਬੰਧੀ ਅਤੇ ਦਰੱਖਤਾਂ ਨੂੰ ਲਗਾਉਣ ਅਤੇ ਇਨ੍ਹਾਂ ਦੀ ਸਾਂਭ-ਸੰਭਾਲ ਤੇ ਹੀ ਬੁਲਾਇਆ ਜਾਵੇ। ਬਹੁਤ ਬਹੁਤ ਧੰਨਵਾਦ।

**ਸ੍ਰੀ ਬਲਕਾਰ ਸਿੰਘ ਸਿੱਧੂ (ਰਾਮਪੁਰਾ ਫੂਲ)** : ਧੰਨਵਾਦ, ਚੇਅਰਮੈਨ ਸਾਹਿਬ। ਇਹ ਮਾਮਲਾ ਸਾਰੇ ਪੰਜਾਬ ਦੇ ਛੱਪੜਾਂ ਸਬੰਧੀ ਹੈ, ਮੈਂ ਖਾਸ ਕਰਕੇ ਆਪਣੇ ਹਲਕੇ ਰਾਮਪੁਰਾ ਫੂਲ ਦੇ ਫੂਲ ਟਾਊਨ ਸਬੰਧੀ ਕਰਨਾ ਚਾਹਾਂਗਾ। ਇੱਥੇ 14 ਏਕੜ ਦਾ ਇੱਕ ਛੱਪੜ ਹੈ। ਜਿਸ ਵਿੱਚ ਸਾਡੇ ਐਨ.ਆਰ.ਆਈ ਭਰਾਵਾਂ ਨੇ ਇੱਕ ਲੇਕ ਬਣਾ ਲਈ ਹੈ ਪਰ ਲੇਕ ਵਿੱਚ ਸਰ੍ਹੋਂ ਤੇ ਮੂੰਗੀ ਬੀਜੀ ਜਾਂਦੀ ਹੈ। ਪਿੰਡਾਂ ਵਿੱਚ ਸਕੂਲਾਂ, ਗਲੀਆਂ ਅਤੇ ਘਰਾਂ ਵਿੱਚ ਪਾਣੀ ਨਾਲ ਬੁਰਾ ਹਾਲ ਹੈ। ਮੈਂ ਇਸ ਨਾਲ ਸਬੰਧਤ ਮਹਿਕਮੇ ਨੂੰ ਵੀ ਕਹਿ ਕੇ ਥੱਕ ਗਿਆ ਹਾਂ ਅਤੇ ਡੀ.ਸੀ. ਸਾਹਿਬ ਨੂੰ ਵੀ ਕਹਿ ਕੇ ਥੱਕ ਗਿਆ ਹਾਂ ਕਿ ਝੀਲ ਤਾਂ ਸੋਹਣੀ ਲਗਦੀ ਹੈ ਜੇਕਰ ਉਥੋਂ ਦੇ ਲੋਕ ਖੁਸ਼ ਹੋਣ। ਉਥੋਂ ਦੇ ਲੋਕਾਂ ਦੇ ਘਰਾਂ ਵਿੱਚੋਂ ਖੁਸ਼ੀ ਉੱਡੀ ਪਈ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਨੂੰ ਬੇਨਤੀ ਕਰਨੀ ਚਾਹਾਂਗਾ ਅਤੇ ਮਹਿਕਮੇ ਨੂੰ ਵੀ ਬੇਨਤੀ ਕਰਨੀ ਚਾਹਾਂਗਾ ਕਿ ਕਿਰਪਾ ਕਰਕੇ ਇਸ ਦਾ ਹੱਲ ਕੀਤਾ ਜਾਵੇ ਵੈਸੇ ਤਾਂ ਸਾਰੇ ਪੰਜਾਬ ਦੇ ਛੱਪੜਾਂ ਦੀ ਹੀ ਜਗ੍ਹਾ ਰੁਕ ਗਈ ਹੈ, ਇੱਥੇ ਲੋਕਾਂ ਨੇ ਘਰ ਪਾ ਲਏ ਹਨ, ਇਸ ਚੀਜ਼ ਵੱਲ ਧਿਆਨ ਦਿੱਤਾ ਜਾਵੇ। ਧੰਨਵਾਦ ਜੀ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ )** : ਧੰਨਵਾਦ, ਚੇਅਰਮੈਨ ਸਾਹਿਬ। ਸਰ, ਅੱਜਕੱਲ੍ਹ ਸ਼ੋਸ਼ਲ ਮੀਡੀਆ ਤੇ ਇੱਕ ਹੇਟ ਪ੍ਰਾਪੇਗੰਡਾ ਜਿਹੜਾ ਕਿ ਖਾਸ ਕਰਕੇ ਸਿੱਖਾਂ ਦੇ ਅਗੇਂਸਟ ਕੀਤਾ ਜਾਂਦਾ ਹੈ। ਮੈਂ ਤੁਹਾਨੂੰ ਦੱਸਣਾ

ਚਾਹੁੰਦਾ ਹਾਂ ਕਿ ਚਾਰ ਕੁ ਮਹੀਨੇ ਪਹਿਲਾਂ ਮੈਂ ਏ.ਡੀ.ਜੀ.ਪੀ. ਸਾਈਬਰ ਕ੍ਰਾਈਮ ਨੂੰ ਮਿਲਿਆ ਸੀ। ਇਸ ਤੇ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ, ਬਲਕਿ ਐਸ.ਜੀ.ਪੀ.ਸੀ. ਨੇ ਵੀ ਇੱਕ ਕੰਪਲੇਂਟ ਕੀਤੀ ਹੈ, ਉਸ ਤੇ ਵੀ ਕੋਈ ਕਾਰਵਾਈ ਨਹੀਂ ਹੋਈ ਹੈ। ਈਵਨ ਕਿ ਤੁਹਾਡੇ ਹੀ ਰਾਜ ਸਭਾ ਮੈਂਬਰ, ਮਿਸਟਰ ਸਾਹਨੀ ਜੀ ਨੇ ਵੀ ਦਿੱਲੀ ਦੇ ਵਿੱਚ ਵੀ ਇਹੀ ਇਸ਼ੂ ਉਠਾਇਆ ਕਿ ਬੀ.ਜੇ.ਪੀ. ਹੇਟ ਪ੍ਰਾਪੇਗੰਡਾ ਕਰਦੀ ਹੈ ਪਰ ਪੰਜਾਬ ਵਿੱਚ ਵੀ ਆਮ ਆਦਮੀ ਪਾਰਟੀ ਉਨ੍ਹਾਂ ਨੂੰ ਸੁਪੋਰਟ ਕਰਦੀ ਦਿਸਦੀ ਹੈ ਕਿਉਂਕਿ ਕਿਤੇ ਵੀ ਇਸ ਸਬੰਧੀ ਕੋਈ ਕਾਰਵਾਈ ਨਹੀਂ ਹੋ ਰਹੀ।

***11.24 ਵਜੇ ਪੂਰਵ ਦੁਪਹਿਰ (*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)**

**ਸਰਦਾਰ ਪਰਗਟ ਸਿੰਘ ਪੋਆਰ** : ਚਲੋ, ਹੁਣ ਸਪੀਕਰ ਸਾਹਿਬ ਵੀ ਆ ਗਏ ਹਨ। ਸਪੀਕਰ ਸਾਹਿਬ, ਇੱਥੇ ਹੇਟ ਪ੍ਰਾਪੇਗੰਡੇ ਦੀ ਗੱਲ ਹੋ ਰਹੀ ਸੀ। ਇਸ ਸਬੰਧੀ ਤੁਸੀਂ ਵੀ ਇੱਕ ਟਵੀਟ ਕੀਤਾ ਸੀ। ਮੈਂ ਚਾਰ ਮਹੀਨੇ ਪਹਿਲਾਂ ਏ.ਡੀ.ਜੀ.ਪੀ. ਸਾਈਬਰ ਕ੍ਰਾਈਮ ਨੂੰ ਕੰਪਲੇਂਟ ਦਿੱਤੀ ਸੀ ਔਰ ਇਸ ਤੇ ਕੋਈ ਕਾਰਵਾਈ ਨਹੀਂ ਹੋਈ ਹੈ। ਤੁਹਾਡੇ ਹੀ ਰਾਜ ਸਭਾ ਮੈਂਬਰ ਮਿਸਟਰ ਸਾਹਨੀ ਜੀ ਨੇ ਵੀ ਦਿੱਲੀ ਵਿੱਚ ਇਸ਼ੂ ਉਠਾਇਆ ਸੀ ਕਿ ਜਿਹੜੀ ਬੀ.ਜੇ.ਪੀ. ਹੈ, ਉਹ ਸਿੱਖਾਂ ਦੇ ਅਗੇਂਸਟ ਹੇਟ ਪ੍ਰਾਪੇਗੰਡਾ ਕਰ ਰਹੀ ਹੈ ।

11. 25 ਕੁਲਦੀਪ ਕੌਰ/ਅਭਿਸ਼ੇਕ ਗੌਤਮ

ਲੇਕਿਨ ਇੱਥੇ ਪੰਜਾਬ ਦੇ ਵਿੱਚ ਵੈਸੇ ਤਾਂ ਸਰ, ਤੁਸੀਂ ਨਵੀਂ ਪਿਰਤ ਪਾ ਦਿੱਤੀ ਕਿ ਜੇ ਇਸ ਹਾਊਸ ਵਿੱਚ ਇੱਕ ASI discuss ਕਰਨਾ ਤਾਂ ਫਿਰ ਮੈਨੂੰ ਲਗਦਾ ਹੈ ਕਿ ਇਸ ਹਾਊਸ ਦੀ ਮਰਿਆਦਾ ਕੋਈ ਨਹੀਂ ਰਹਿ ਗਈ। ਜੇ ਆਪਾਂ ਕਹੀਏ ਕਿ ਇਸ ਹਾਊਸ ਵਿੱਚ ਅਸੀਂ ASI ਨੂੰ ਡਿਸਕਸ ਕਰਕੇ ਉਸ ਦੇ ਉਤੇ ਡੀ.ਜੀ.ਪੀ., 311 ਜਦੋਂ ਮਰਜ਼ੀ ਲਗਾ ਦੇਵੇ। ਸਰ, ਮੇਰੀ ਇੱਕ ਏ.ਡੀ.ਜੀ.ਪੀ. ਨੂੰ ਔਰ ਐਸ.ਜੀ.ਪੀ.ਸੀ. ਸਬੰਧੀ ਬੇਨਤੀ ਹੈ।

**ਮਾਣਯੋਗ ਸਪੀਕਰ:** ਸੁਣੋ, ਸੁਣੋ, ਸੁਣੋ। ਦੇਖੋ ਭਾਵੇਂ ਜਿੰਨਾ ਮਰਜ਼ੀ ਵੱਡਾ ਅਫਸਰ ਹੋਵੇ ਜਾਂ ਛੋਟਾ ਅਫਸਰ ਹੋਵੇ ਅਗਰ ਉਹ ਕੁਰੱਪਸ਼ਨ ਕਰਦਾ ਹੈ ਤਾਂ ਉਸ ਦਾ ਅਸਰ ਉਨਾ ਹੀ ਹੁੰਦਾ ਹੈ। ਜੇ ਆਪਾਂ ਇਹ ਕੋਈ ਡਿਸਕਸ ਕੀਤਾ ਹੈ, ਇਹ ਕਿਸੇ ਨਾਲ ਕੋਈ ਪਰਸਨਲ ਮਾਮਲਾ ਡਿਸਕਸ ਨਹੀਂ ਕੀਤਾ ਹੈ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਮੈਂ ਪਰਸਨਲ ਤਾਂ ਕਹਿ ਹੀ ਨਹੀਂ ਰਿਹਾ।

**ਮਾਣਯੋਗ ਸਪੀਕਰ:** ਮਰਿਆਦਾ ਦੀ ਗੱਲ ਨਹੀਂ ਹੈ, ਤੁਸੀਂ ਮੁੱਦਾ ਲੈ ਕੇ ਆਓ। ਇਹ ਪਵਿੱਤਰ ਸਦਨ ਮੁੱਦੇ ਡਿਸਕਸ ਕਰਨ ਲਈ ਹੈ। ਅਗਰ ਤੁਹਾਨੂੰ ਮਾੜਾ ਲਗਦਾ ਹੈ ਤਾਂ ਤੁਸੀਂ ਕਹਿ ਦਿਓ ਕਿ ਕੋਈ ਗੱਲ ਨਹੀਂ ਕਿ ਜੇਕਰ ASI ਕੁਰੱਪਸ਼ਨ ਕਰਦਾ ਹੈ ਤਾਂ ਠੀਕ ਹੈ। ਤੁਸੀਂ ਕਲੀਅਰ ਕਰ ਦੇਵੋ ਕਿ ਇੱਕ ASI ਦੀ ਕੁਰੱਪਸ਼ਨ ਆਪਾਂ ਠੀਕ ਸਮਝਦੇ ਹਾਂ।

**ਸਰਦਾਰ ਪਰਗਟ ਸਿੰਘ ਪੋਆਰ**: ਸਰ, ਮੈਂ ਕਹਿ ਰਿਹਾ ਹਾਂ ਕਿ ਇਹ ਬਿਲਕੁਲ ਵੀ ਠੀਕ ਨਹੀਂ ਹੈ। ਮੈਂ ਤਾਂ ਤੁਹਾਨੂੰ IPS ਦੱਸ ਦਿੰਦਾ ਹਾਂ, ਇੱਥੇ ਨਾਮ ਗਿਣ ਦਿੰਦਾ ਹਾਂ। ਮੈਂ ਤਾਂ ਤੁਹਾਨੂੰ ਉਹ ਦੱਸ ਦਿੰਦਾ ਹਾਂ, ਜਿਹੜੇ ਡਰੱਗ ਵੇਚ ਗਏ।

(**ਟਰੇਜ਼ਰੀ ਬੈਂਚਿਜ਼ ਵੱਲੋਂ ਆਵਾਜ਼ਾਂ**: ਦੱਸੋ, ਦੱਸੋ, ਦੱਸੋ, ਦੱਸੋ।)

**ਮਾਣਯੋਗ ਸਪੀਕਰ**: ਦੱਸੋ, ਦੱਸੋ।

**ਪ੍ਰਬੰਧਕੀ ਸੁਧਾਰ ਮੰਤਰੀ** : **(ਆਪਣੀ ਸੀਟ ਤੇ ਬੈਠੇ ਬੈਠੇ)**: ਦੱਸੋ, ਦੱਸੋ। ਤੁਸੀਂ ਕੈਪਟਨ ਅਮਰਿੰਦਰ ਸਿੰਘ ਨੂੰ ਦੱਸਿਆ ਸੀ? ਪੰਜ ਸਾਲ ਤੁਸੀਂ ਲੀਡਰ ਰਹੇ ਹੋ।

**ਸਰਦਾਰ ਪਰਗਟ ਸਿੰਘ ਪੋਆਰ**: ਸਰ, ਮੈਨੂੰ ਬੋਲ ਤਾਂ ਲੈਣ ਦਿਓ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਾਫੀ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ**: ਚਲੋ, ਇਨ੍ਹਾਂ ਨੂੰ ਕੰਟੀਨਿਊ ਕਰਨ ਦਿਓ। ਤੁਸੀਂ ਹੁਣ ਦੱਸ ਦਿਓ ਜੀ ਜਿਹੜੇ ਵੱਡੇ ਅਫਸਰ ਹਨ।

**ਸਰਦਾਰ ਪਰਗਟ ਸਿੰਘ ਪੋਆਰ**: ਸਰ, ਅਸਲੀ ਗੱਲ ਇਹ ਹੈ ਧਾਲੀਵਾਲ ਸਾਹਿਬ ਨੂੰ ਇਸ ਗੱਲ ਦੀ ਬਹੁਤ ਤਕਲੀਫ ਹੈ ਕਿ ਜੇ ਸਿੱਖਾਂ ਅਗੇਂਸਟ ਹੇਠ ਪ੍ਰਾਪੇਗੰਡਾ ਹੁੰਦਾ ਹੈ, ਜਿਸ ਵਿੱਚ ਤੁਸੀਂ ਵੀ ਇੱਕ ਟਵੀਟ ਕੀਤਾ ਸੀ ਤਾਂ ਉਸ ਵਿੱਚ ਮੈਂ ਮਾੜੀ ਗੱਲ ਕੀ ਕਹਿ ਦਿੱਤੀ ਹੈ। ਦੂਸਰੀ ਗੱਲ, ਜੇ ਲਾਰੈਂਸ ਬਿਸ਼ਨੋਈ ਦੀ ਇੱਕ ਡੀ.ਜੀ.ਪੀ. ਦੀ ਹਾਈ ਕੋਰਟ ਵਿੱਚ ਜਾ ਕੇ ਇਹ ਰਿਪੋਰਟ ਸਬਮਿਟ ਕਰ ਦਿੱਤੀ ਕਿ ਹਾਂ ਜਿਹੜੀ ਇਹ ਇੰਟਰਵਿਊ ਹੈ, ਇਹ ਮੋਹਾਲੀ ਵਿੱਚ ਹੋਈ ਹੈ। ਮੈਨੂੰ ਇੱਕ ਗੱਲ ਤਾਂ ਦੱਸ ਦਿਓ ਕਿ ਤੁਸੀਂ ਇਸ ਨੂੰ ਕਿੱਥੇ ਡਿਫੈਂਡ ਕੀਤਾ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: **(ਬੈਠੇ ਬੈਠੇ)**: ਖਰੜ ਦੇ ਵਿੱਚ ਐਸ.ਪੀ. ਨੇ ਕਰਵਾਈ ਸੀ।

**ਸਰਦਾਰ ਪਰਗਟ ਸਿੰਘ ਪੋਆਰ**: ਹਾਂ ਜੀ, ਖਰੜ ਦੇ ਵਿੱਚ। ਅਸੀਂ ਇਸ ਪਾਸੇ ਇਸ ਕਰਕੇ ਬੈਠੇ ਹਾਂ ਕਿ ਅਸੀਂ ਗਲਤੀਆਂ ਕੀਤੀਆਂ। ਧਾਲੀਵਾਲ ਸਾਹਿਬ, ਤੁਸੀਂ ਗਲਤੀਆਂ ਨਾ ਕਰੋ।

**ਪ੍ਰਬੰਧਕੀ ਸੁਧਾਰ ਮੰਤਰੀ** : **(ਬੈਠੇ ਬੈਠੇ)**: ਅਸੀਂ ਨਹੀਂ ਕਰਦੇ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਪਰਗਟ ਸਿੰਘ ਪੋਆਰ**: ਸਰ, ਇੱਕ ਮਿੰਟ ਦੇ ਦਿਓ ਬਸ।

**ਮਾਣਯੋਗ ਸਪੀਕਰ**: ਸਰਦਾਰ ਪਰਗਟ ਸਿੰਘ ਜੀ, ਸਭ ਤੋਂ ਵੱਧ ਸਮਾਂ ਤੁਹਾਨੂੰ ਦਿੱਤਾ ਜਾਂਦਾ ਹੈ। ਪਲੀਜ਼, ਬੈਠੋ ਹੁਣ। ਬੈਠੋ। ਸ੍ਰੀਮਾਨ ਨਰੇਸ਼ ਪੁਰੀ ਜੀ ਵੱਲੋਂ ਸਵਾਸਤਿਕ ਨਿਸ਼ਾਨ ਦੇ ਮਾਮਲੇ ਬਾਰੇ ਇੱਕ ਮਸਲਾ ਉਠਾਇਆ ਗਿਆ ਹੈ। ਸੋ, ਇਹ ਗੱਲ ਪਹਿਲਾਂ ਵੀ ਯੂ.ਟੀ. ਪ੍ਰਸ਼ਾਸਨ ਦੇ ਨਾਲ ਟੇਕਅੱਪ ਕੀਤੀ ਗਈ ਹੈ ਪਰ ਉਨ੍ਹਾਂ ਨੇ ਇਸ ਇਮਾਰਤ ਦੇ ਹੈਰੀਟੇਜ ਸਟੇਟਸ ਹੋਣ ਕਰਕੇ ਇਸ ਦੇ ਸਥਾਨ ਦੀ ਬਦਲੀ ਤੋਂ ਮਨ੍ਹਾਂ ਕਰ ਦਿੱਤਾ ਹੈ। ਵੈਸੇ ਆਪਾਂ ਸਾਰੇ ਹਰੇਕ ਹੀ ਧਾਰਮਿਕ ਚਿੰਨ੍ਹ ਨੂੰ ਮਾਨਤਾ ਦਿੰਦੇ ਹਾਂ। ਅੱਜ ਤਾਂ ਨਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਹੈ, ਜਿਹੜੇ ਸਾਨੂੰ ਹੁਕਮ ਕਰਦੇ ਹਨ ਕਿ ਸਭੇ ਸਾਝੀਵਾਲ ਸਦਾਇਨਿ ਸੋ, ਅਸੀਂ ਤਾਂ ਹਰੇਕ ਦਾ ਮਾਣ ਸਤਿਕਾਰ ਕਰਦੇ ਹਾਂ।

**ਸ੍ਰੀ ਗੁਰਲਾਲ ਘਨੌਰ (ਘਨੌਰ)**: ਬਹੁਤ-ਬਹੁਤ ਧੰਨਵਾਦ ਜੀ। ਸਰਦਾਰ ਪਰਗਟ ਸਿੰਘ ਜੀ, ਪੰਜਾਬੀ ਦੀਆਂ ਜਿਹੜੀਆਂ ਖੇਡ ਫੈਡਰੇਸ਼ਨਾਂ ਹਨ, ਇਨ੍ਹਾਂ ਨੇ ਪਿਛਲੇ ਤਕਰਬੀਨ 4 ਕੁ ਸਾਲ ਤੋਂ ਇੱਕ ਨਵਾਂ ਕੰਮ ਸ਼ੁਰੂ ਕੀਤਾ ਹੈ ਜਿਹੜਾ ਪਹਿਲਾਂ ਨਹੀਂ ਹੁੰਦਾ ਸੀ। ਜਿਹੜੇ ਪਲੇਅਰ ਨੈਸ਼ਨਲ ਲੈਵਲ ਜਾਂ ਸਟੇਟ ਲੈਵਲ ਤੇ ਸਿੱਧੇ ਟਰਾਇਲ ਲੈ ਕੇ ਲੈ ਜਾਂਦੇ ਹਨ, ਉਨ੍ਹਾਂ ਤੋਂ ਇਹ ਮੈਟ ਤੇ ਚੜ੍ਹਨ ਦੇ ਜਾਂ ਗਰਾਊਂਡ ਵਿੱਚ ਜਾ ਕੇ ਪਾਰਟੀਸਿਪੇਟ ਕਰਨ ਦੇ ਵੀ ਪੈਸੇ ਲੈਣ ਲੱਗ ਪਏ ਹਨ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਵਿੱਚ ਗਰੀਬ ਘਰਾਂ ਦੇ ਬੱਚੇ ਵੀ ਹਨ। ਵੈਸੇ ਤਾਂ ਇਹ ਰੂਲ ਹੁੰਦਾ ਹੈ ਕਿ ਜ਼ੋਨ ਹੋਵੇ, ਜ਼ਿਲ੍ਹਾ ਹੋਵੇ, ਸਟੇਟ ਜਾਂ ਨੈਸ਼ਨਲ ਲੈਵਲ ਹੋਵੇ ਪਰ ਖੇਡ ਫੈਡਰੇਸ਼ਨਾਂ ਸਿੱਧਾ ਸਟੇਟ ਲੈਵਲ ਜਾਂ ਨੈਸ਼ਨਲ ਲੈਵਲ ਦੇ ਜਦੋਂ ਟਰਾਇਲ ਲੈਂਦੀਆਂ ਹਨ ਤਾਂ ਬੱਚਿਆਂ ਨੂੰ ਪਾਰਟੀਸਿਪੇਟ ਕਰਨ ਲਈ ਵੀ ਉਨ੍ਹਾਂ ਤੋਂ ਪੈਸੇ ਲੈਣ ਲੱਗ ਪਈਆਂ ਹਨ। ਉਨ੍ਹਾਂ ਵਿੱਚ ਕੁਸ਼ਤੀ ਵੀ ਹੈ, ਵੁਸ਼ੂ ਦੀ ਗੇਮ ਵੀ ਹੈ ਅਤੇ ਹੋਰ ਵੀ ਗੇਮਾਂ ਮੇਰੇ ਧਿਆਨ ਵਿੱਚ ਹਨ। ਮੇਰੀ ਇਹ ਬੇਨਤੀ ਹੈ ਕਿ ਮੈਂ ਜੋ ਪਹਿਲਾਂ ਬੇਨਤੀ ਕੀਤੀ ਸੀ ਕਿ ਆਪਾਂ ਇੱਕ ਖੇਡ ਕਮੇਟੀ ਬਣਾ ਲਈਏ ਅਤੇ ਖੇਡ ਫੈਡਰੇਸ਼ਨਾਂ ਦੇ ਇਹੋ ਜਿਹੇ ਮੁੱਦੇ ਫੈਡਰੇਸ਼ਨਾਂ ਨੂੰ ਸੱਦ ਕੇ ਹੱਲ ਕੀਤੇ ਜਾ ਸਕਣ। ਮੇਰੀ ਬੇਨਤੀ ਹੈ ਕਿ ਖੇਡ ਡਿਪਾਰਟਮੈਂਟ ਦੇ ਡਾਇਰੈਕਟਰ ਸਾਹਿਬ ਨੂੰ ਕਹਿ ਕੇ ਇਹ ਅੰਕੜੇ ਲੈ ਲਏ ਜਾਣ।

11. 30 ਪਵਨ ਸ਼ਰਮਾ/ਬ. ਸ.

**ਸ੍ਰੀਮਤੀ ਨਰਿੰਦਰ ਕੌਰ ਭਰਾਜ (ਸੰਗਰੂਰ)**: ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਆਪਣੇ ਹਲਕੇ ਦੇ ਇੱਕ ਮਸਲੇ ਵੱਲ ਤੁਹਾਡਾ ਧਿਆਨ ਦਿਵਾਉਣਾ ਚਾਹੁੰਦੀ ਹਾਂ। ਸੰਗਰੂਰ ਜੀਂਦ ਰਿਆਸਤ ਦਾ ਹਿੱਸਾ ਰਿਹਾ ਹੈ ਔਰ ਰਾਜਾ ਸਤਬੀਰ ਸਿੰਘ ਜੀ, ਜਿਹੜੇ ਸੰਗਰੂਰ ਰਿਆਸਤ ਦੇ ਆਖਰੀ ਰਾਜਾ ਸਨ, ਉਨ੍ਹਾਂ ਦੀ ਪਿਛਲੇ ਦਿਨਾਂ ਵਿੱਚ ਮੌਤ ਹੋ ਚੁੱਕੀ ਹੈ ਅਤੇ ਉਨ੍ਹਾਂ ਦੇ ਦਾਦਾ ਜੀ ਦੀ ਵਸੀਅਤ ਅਨੁਸਾਰ ਸੰਗਰੂਰ ਦੇ ਵਿੱਚ ਜਿਹੜੀ ਬੀੜ ਐਸ਼ਬਨ, ਜੋ ਕਿ 255 ਏਕੜ ਵਿੱਚ ਹੈ, ਉਸ ਦੀ ਮਲਕੀਅਤ ਸਰਕਾਰ ਦੇ ਨਾਂਅ ਤੇ ਹੋਣੀ ਹੈ। ਸੋ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਬੇਨਤੀ ਕਰਦੀ ਹਾਂ ਕਿ ਉਸ ਦੀ ਮਾਲਕੀ ਜਲਦੀ ਤੋਂ ਜਲਦੀ ਤਬਦੀਲ ਕੀਤੀ ਜਾਵੇ ਤਾਂ ਜੋ ਜਿਹੜਾ ਸੰਗਰੂਰ ਵਿੱਚ ਸਭ ਤੋਂ ਵੱਡਾ ਮੁੱਦਾ ਜਿਹੜਾ ਮੰਡੀ ਦਾ ਹੈ, ਉਹ ਹੱਲ ਹੋ ਸਕੇ। ਹਰੇਕ ਸੀਜ਼ਨ ਦੇ ਵਿੱਚ ਸੰਗਰੂਰ ਵਿੱਚ ਆਰਜ਼ੀ ਫੜ੍ਹ ਬਣਾਏ ਜਾਂਦੇ ਹਨ, ਜਿਸ ਵਿੱਚ ਸਾਡੇ ਆੜ੍ਹਤੀਆਂ ਨੂੰ ਵੀ ਜ਼ਿੱਲਤ ਭਰੀ ਜ਼ਿੰਦਗੀ ਬਤੀਤ ਕਰਨੀ ਪੈਂਦੀ ਹੈ। ਇਹ ਇੱਕ ਵੱਡਾ ਮਸਲਾ ਹੈ, ਜਿਹੜਾ ਇਸ ਦੇ ਨਾਲ ਹੱਲ ਹੋ ਜਾਵੇਗਾ ਅਤੇ ਇਸ ਦੇ ਨਾਲ ਸਰਕਾਰ ਬਹੁਤ ਸਾਰੇ ਪ੍ਰਾਜੈਕਟ ਜਿਵੇਂ ਕਿ ਕੋਈ ਇੰਡਸਟਰੀਅਲ ਜ਼ੋਨ ਬਣਾਉਣਾ ਹੈ ਜਾਂ ਕੋਈ ਹੋਰ ਪ੍ਰਾਜੈਕਟ ਸੰਗਰੂਰ ਵਿੱਚ ਲਗਾਉਣਾ ਹੈ, ਉਸ ਲਈ ਜ਼ਮੀਨ

ਸਰਕਾਰ ਨੂੰ ਮਿਲ ਜਾਵੇਗੀ। ਮੈਂ ਆਪ ਜੀ ਦੇ ਰਾਹੀਂ ਬੇਨਤੀ ਕਰਨਾ ਚਾਹੁੰਦੀ ਹਾਂ ਕਿ ਉਸ ਦੀ ਮਲਕੀਅਤ ਜਲਦ ਤੋਂ ਜਲਦ ਚੇਂਜ ਕੀਤੀ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਸਰਦਾਰ ਹਾਕਮ ਸਿੰਘ ਠੇਕੇਦਾਰ ਜੀ।

**ਸਰਦਾਰ ਹਾਕਮ ਸਿੰਘ ਠੇਕੇਦਾਰ (ਰਾਏਕੋਟ, ਐਸ.ਸੀ.)**: ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਸਰ, ਹਲਵਾਰਾ ਏਅਰਪੋਰਟ, ਜਿਹੜਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਨਾਂਅ ਤੇ ਬਣਾਇਆ ਗਿਆ ਹੈ, ਮੇਰੇ ਖਿਆਲ ਵਿੱਚ ਉਹ ਕੰਪਲੀਟ ਹੋ ਚੁੱਕਿਆ ਹੈ। ਉਸ ਨੂੰ ਜਲਦੀ ਤੋਂ ਜਲਦੀ ਚਾਲੂ ਕਰਵਾਇਆ ਜਾਵੇ। ਮੇਰੇ ਹਲਕੇ ਵਿੱਚ ਹਲਵਾਰੇ ਤੋਂ ਪੱਖੋਵਾਲ ਅਤੇ ਰਾਏਕੋਟ ਤੋਂ ਪੱਖੋਵਾਲ ਦੋ ਸੜਕਾਂ ਪੈਂਦੀਆਂ ਹਨ, ਜਿਨ੍ਹਾਂ ਦੀ ਹਾਲਤ ਬਹੁਤ ਖਸਤਾ ਹੈ, ਇਸ ਸਬੰਧੀ ਮੈਂ ਪਹਿਲਾਂ ਵੀ ਮੰਤਰੀ ਸਾਹਿਬ ਨੂੰ ਬੇਨਤੀ ਕਰ ਚੁੱਕਿਆ ਹਾਂ ਕਿ ਇਨ੍ਹਾਂ ਸੜਕਾਂ ਨੂੰ ਜਲਦੀ ਬਣਵਾਇਆ ਜਾਵੇ। ਇੱਕ ਜੁਡੀਸ਼ੀਅਲ ਕੰਪਲੈਕਸ ਮੇਰੇ ਹਲਕੇ ਵਿੱਚ ਮਨਜ਼ੂਰ ਹੋਇਆ ਹੈ, ਉਸ ਸਬੰਧੀ ਵੀ ਮੈਂ ਚੀਮਾ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਸ ਦਾ ਕੰਮ ਵੀ ਜਲਦੀ ਤੋਂ ਜਲਦੀ ਚਾਲੂ ਕਰਵਾਇਆ ਜਾਵੇ। ਸਾਡੇ ਹਲਕੇ ਵਿੱਚ ਜੱਚਾ ਬੱਚਾ ਹਸਪਤਾਲ ਕੰਪਲੀਟ ਹੋ ਚੁੱਕਿਆ ਹੈ, ਸਬੰਧਤ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਉਸ ਦਾ ਉਦਘਾਟਨ ਕਰਵਾ ਦਿੱਤਾ ਜਾਵੇ ਕਿਉਂਕਿ ਔਰਤਾਂ ਨੂੰ ਬਹੁਤ ਮੁਸ਼ਕਿਲਾਂ ਆ ਰਹੀਆਂ ਹਨ। ਇੱਕ ਮੈਂ ਸਾਂਝੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਨੂੰ ਸਾਰਿਆਂ ਐਮ.ਐਲ.ਏਜ਼. ਨੂੰ ਆਪਣੇ ਆਪਣੇ ਹਲਕੇ ਵਿੱਚ 10 ਜਾਂ 20 ਕਿਲੋਮੀਟਰ ਸੜਕ ਰਿਪੇਅਰ ਜਾਂ ਨਵੀਂ ਬਣਾਉਣ ਵਾਸਤੇ ਦੇ ਦਿੱਤੀ ਜਾਵੇ, ਇਸ ਤਰ੍ਹਾਂ ਦੀ ਮਨਜ਼ੂਰੀ ਦਿੱਤੀ ਜਾਵੇ (ਥੰਪਿੰਗ)। ਧੰਨਵਾਦ ਸਪੀਕਰ ਸਾਹਿਬ।

**ਮਾਣਯੋਗ ਸਪੀਕਰ**: ਸਰਦਾਰ ਹਰਮੀਤ ਸਿੰਘ ਪਠਾਨਮਾਜਰਾ ਜੀ।

**ਸਰਦਾਰ ਹਰਮੀਤ ਸਿੰਘ ਪਠਾਨਮਾਜਰਾ (ਸਨੌਰ)**: ਮੈਂ ਤੁਹਾਡੇ ਮਾਧਿਅਮ ਰਾਹੀਂ ਬਿਜਲੀ ਮੰਤਰੀ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜਿਵੇਂ ਅਸੀਂ ਸਾਰੇ ਪੰਜਾਬ ਵਿੱਚ ਹਰੇਕ ਘਰਾਂ ਦਾ ਹਰ ਮਹੀਨੇ 300 ਯੂਨਿਟ ਬਿਜਲੀ ਦਾ ਬਿਲ ਮੁਆਫ ਕੀਤਾ ਹੈ, ਇਸੇ ਹੀ ਤਰ੍ਹਾਂ ਜਿਹੜੇ ਸਾਡੇ ਸਰਕਾਰੀ ਸਕੂਲ ਹਨ, ਇਨ੍ਹਾਂ ਦਾ ਬਿਲ ਵੀ ਮੁਆਫ ਕੀਤਾ ਜਾਵੇ। ਇੱਥੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ। ਮੈਂ ਆਪਣੇ almost ਸਾਰੇ ਸਰਕਾਰੀ ਸਕੂਲਾਂ ਵਿੱਚ ਏ.ਸੀ. ਲਗਵਾ ਦਿੱਤੇ ਹਨ ਪਰ ਪ੍ਰਾਬਲਮ ਇਹ ਆਉਂਦੀ ਹੈ ਕਿ ਏ.ਸੀ. ਨੂੰ ਚਲਾਉਣ ਨਹੀਂ ਦਿੰਦੇ ਕਿਉਂਕਿ ਬਿਲ ਜ਼ਿਆਦਾ ਆਉਂਦਾ ਹੈ। ਬਿਲ ਜ਼ਿਆਦਾ ਆਉਣ ਦੇ ਡਰ ਕਾਰਨ ਗਰੀਬਾਂ ਦੇ ਬੱਚੇ ਗਰਮੀ ਵਿੱਚ ਪੜ੍ਹਦੇ ਹਨ ਪਰ ਅਮੀਰਾਂ ਦੇ ਬੱਚੇ ਕੋਈ ਹੋਸਟਲ ਵਿੱਚ ਅਤੇ ਕੋਈ ਕਿਤੇ ਪੜ੍ਹਦੇ ਹਨ। ਸਰਕਾਰੀ ਸਕੂਲਾਂ ਵਿੱਚ ਏ.ਸੀ. ਲਗਵਾਉਣ ਵਾਸਤੇ ਐਨ.ਆਰ.ਆਈ. ਭਰਾ ਵੀ ਸਾਥ ਦਿੰਦੇ ਹਨ। ਜੇਕਰ ਇਸ ਤਰ੍ਹਾਂ ਮੰਤਰੀ ਸਾਹਿਬ ਕਰ ਦੇਣ ਕਿਉਂਕਿ ਛੇ ਘੰਟੇ ਹੀ ਬਿਜਲੀ ਲੋੜੀਂਦੀ ਹੁੰਦੀ ਹੈ।

**ਮਾਣਯੋਗ ਸਪੀਕਰ**: ਬੈਠੋ, ਬੈਠੋ। ਤੁਹਾਡੀ ਗੱਲ ਆ ਗਈ ਹੈ। ਡਾਕਟਰ ਅਮਨਦੀਪ ਕੌਰ ਅਰੋੜਾ ਜੀ।

**ਡਾਕਟਰ ਅਮਨਦੀਪ ਕੌਰ ਅਰੋੜਾ (ਮੋਗਾ)**: ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਆਪ ਜੀ ਦੇ ਮਾਧਿਅਮ ਰਾਹੀਂ ਸਦਨ ਦਾ ਧਿਆਨ, ਮਾਣਯੋਗ ਪੀ.ਡਬਲਊ.ਡੀ ਮੰਤਰੀ ਸਾਹਿਬ ਦਾ ਧਿਆਨ ਮੋਗਾ ਹਲਕੇ ਵੱਲ

ਦਿਵਾਉਣਾ ਚਾਹੁੰਦੀ ਹਾਂ। ਸਪੀਕਰ ਸਾਹਿਬ, ਮੇਰਾ ਮੋਗਾ ਹਲਕਾ ਚਾਰੇ ਪਾਸਿਓਂ ਨੈਸ਼ਨਲ ਹਾਈਵੇਜ਼ ਨਾਲ ਘਿਰਿਆ ਹੋਇਆ ਹੈ ਪਰ ਜਿਹੜੀਆਂ ਸੜਕਾਂ ਇਨ੍ਹਾਂ ਹਾਈਵੇਜ਼ ਨਾਲ ਜਾ ਕੇ ਮਿਲਦੀਆਂ ਹਨ, ਉਨ੍ਹਾਂ ਵਿੱਚੋਂ ਕੁਝ ਸੜਕਾਂ ਦੀ width ਘੱਟ ਹੋਣ ਕਰਕੇ ਲਗਾਤਾਰ ਉੱਥੇ ਹਾਦਸੇ ਹੋ ਰਹੇ ਹਨ। ਜਿਵੇਂ ਸੂਬੇਦਾਰ ਜੋਗਿੰਦਰ ਸਿੰਘ ਚੌਕ ਤੋਂ ਲੋਹਾਰਾ ਚੌਕ ਨੂੰ ਸੜਕ ਜਾਂਦੀ ਹੈ, ਮੋਗਾ ਜ਼ੀਰਾ ਰੋਡ ਨੂੰ ਜਾਂਦੀ ਹੈ, ਮੋਗੇ ਤੋਂ ਕੋਟਕਪੂਰਾ ਰੋਡ ਦੀ width ਨੂੰ ਜਲਦ ਤੋਂ ਜਲਦ widen up ਕੀਤਾ ਜਾਵੇ ਤਾਂ ਕਿ ਸਾਡੇ ਮੋਗੇ ਹਲਕੇ ਦੇ ਲੋਕਾਂ ਨੂੰ ਰਾਹਤ ਮਿਲ ਸਕੇ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਹਾਂ ਜੀ, ਸਰਦਾਰ ਸੁਖਵੀਰ ਸਿੰਘ ਮਾਈਸਰਖਾਨਾ ਜੀ।

**1135/ਜਸਪਾਲ/BS khokhar**

**ਸਰਦਾਰ ਸੁਖਵੀਰ ਸਿੰਘ ਮਾਈਸਰਖਾਨਾ (ਮੌੜ)**: ਧੰਨਵਾਦ ਮਾਣਯੋਗ ਸਪੀਕਰ। ਸਾਡਾ ਮੌੜ ਮੰਡੀ ਦਾ ਇੱਕ ਬਹੁਤ ਗੰਭੀਰ ਮਸਲਾ ਜਿਹੜਾ ਮੈਂ ਪਹਿਲਾਂ ਵੀ ਇਸ ਸਦਨ ਵਿਚ ਬੋਲਿਆ ਸੀ ਕਿ ਉਥੇ ਸੀਵਰੇਜ ਦੀ ਪ੍ਰਾਬਲਮ ਹੈ। ਸਰ, ਹੁਣ ਸੀਵਰੇਜ ਦਾ ਉਹ ਸਾਰਾ ਪ੍ਰਾਜੈਕਟ ਪਾਸ ਵੀ ਹੋ ਚੁੱਕਾ ਹੈ, ਇਹ 23 ਕਰੋੜ 91 ਲੱਖ ਰੁਪਏ ਦਾ ਪ੍ਰਾਜੈਕਟ ਹੈ। ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਜ਼ਰੀਏ ਸਰਕਾਰ ਦੇ ਧਿਆਨ ਵਿਚ ਇਹ ਗੱਲ ਪਹੁੰਚਾਉਣਾ ਚਾਹੁੰਦਾ ਹਾਂ ਕਿ ਜੇ ਇਹ ਗਰਾਂਟ ਜਾਰੀ ਹੋ ਜਾਵੇ ਤਾਂ ਬਹੁਤ ਸਾਰੀ ਵੱਡੀ ਸਮੱਸਿਆ ਦਾ ਹੱਲ ਹੋ ਜਾਵੇਗਾ। ਸਾਰੀਆਂ ਗਲੀਆਂ ਦੇ ਵਿਚ ਪਾਣੀ ਭਰਿਆ ਹੋਇਆ ਹੈ, ਪੀਣ ਵਾਲੇ ਪਾਣੀ ਵਿਚ ਸੀਵਰੇਜ ਦਾ ਪਾਣੀ ਮਿਕਸ ਹੋ ਕੇ ਆ ਰਿਹਾ ਹੈ, ਇਥੋਂ ਤੱਕ ਇੱਕ ਫੈਕਟਰੀ ਰੋਡ ਜਿਹੜਾ ਬਿਲਕੁਲ ਖਰਾਬ ਹੋ ਚੁੱਕਾ ਹੈ, ਜਿਸ ਦੇ ਕਾਰਨ ਬੱਸਾਂ ਬੱਸ ਸਟੈਂਡ ਵਿਚ ਨਹੀਂ ਜਾ ਰਹੀਆਂ, ਜਿਸ ਦੇ ਕਾਰਨ ਤਿੰਨ ਤਿੰਨ ਕਿਲੋਮੀਟਰ ਦੇ ਆਸ ਪਾਸ ਦੇ ਪਿੰਡਾਂ ਤੇ ਹਲਕਿਆਂ ਤੋਂ ਆਉਣ ਵਾਲੀਆਂ ਸਵਾਰੀਆਂ ਪ੍ਰੇਸ਼ਾਨ ਹੋ ਰਹੀਆਂ ਹਨ। ਮੈਂ ਆਪ ਜੀ ਦੇ ਮਾਧਿਅਮ ਜ਼ਰੀਏ ਸਰਕਾਰ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਦਾ ਜਲਦੀ ਤੋਂ ਜਲਦੀ ਹਲ ਕੀਤਾ ਜਾਵੇ।ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਧੰਨਵਾਦ ਜੀ। ਸ਼੍ਰੀਮਤੀ ਅਰੁਣਾ ਚੌਧਰੀ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.)**: ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਸਦਨ ਦਾ ਧਿਆਨ ਇੱਕ ਅਹਿਮ ਮਸਲੇ ਉਤੇ ਦਿਵਾਉਣਾ ਚਾਹੁੰਦੀ ਹਾਂ ਕਿ ਪੁਲਿਸ ਸਟੇਸ਼ਨ ਵਿਚ ਜਿਹੜੀਆਂ ਐਫ.ਆਈ.ਆਰਜ਼ ਕੱਟੀਆਂ ਜਾਂਦੀਆਂ ਹਨ, ਉਨ੍ਹਾਂ ਦੇ ਵਿਚੋਂ ਅੱਧਿਆਂ ਦੇ ਚਲਾਨ ਕੋਰਟ ਵਿਚ ਪੇਸ਼ ਨਹੀਂ ਕੀਤੇ ਜਾਂਦੇ ਕਿਉਂਕਿ ਜਿਸ ਦੇ ਖਿਲਾਫ ਐਫ.ਆਈ.ਆਰ. ਦਰਜ ਹੁੰਦੀ ਹੈ ਤਾਂ ਉਹ ਐਸ.ਐਸ.ਪੀ. ਦੇ ਪੇਸ਼ ਹੋ ਕੇ ਇਨਕੁਆਰੀ ਮਾਰਕ ਕਰਵਾ ਲੈਂਦਾ ਹੈ ਔਰ 6-6, 10-10 ਮਹੀਨੇ ਉਸ ਦੀ ਇਨਕੁਆਰੀ ਚਲਦੀ ਰਹਿੰਦੀ ਹੈ। ਜਿਸ ਉਤੇ ਤਸ਼ੱਦਦ ਹੋਇਆ ਉਹ ਵਿਚਾਰਾ ਤਾਂ ਪਹਿਲਾਂ ਤੋਂ ਹੀ ਪ੍ਰੇਸ਼ਾਨ ਹੁੰਦਾ ਹੈ ਉਸ ਨੂੰ ਕੋਈ ਇਨਸਾਫ ਨਹੀਂ ਮਿਲਦਾ ਔਰ ਜਿਸ ਨੇ ਤਸ਼ੱਦਦ ਕੀਤਾ ਹੁੰਦਾ ਹੈ, ਉਹ ਸ਼ਰੇਆਮ ਖੁੱਲਾ ਘੁੰਮਦਾ ਰਹਿੰਦਾ ਹੈ। ਤੁਹਾਨੂੰ ਵੀ ਪਤਾ ਹੈ ਕਿ ਚਾਹੇ ਮਲਟੀਪਲ ਇਨਕੁਆਰੀਜ਼ ਕਰਵਾ ਲਈਆਂ ਜਾਣ, ਚਾਹੇ ਸਿਟ ਬਣਾ ਦਿੱਤੀ ਜਾਵੇ ਲੇਕਿਨ ਉਹ ਟਾਈਮ ਬਾਊਂਡ ਹੋਣੀ ਚਾਹੀਦੀ ਹੈ ਕਿ ਤਿੰਨ ਮਹੀਨੇ ਦੇ ਵਿਚ ਵਿਚ

ਉਹ ਕੰਪਲੀਟ ਕਰਕੇ ਉਸ ਦਾ ਚਲਾਨ ਕੋਰਟ ਵਿਚ ਪੇਸ਼ ਹੋ ਜਾਵੇ ਤਾਂਕਿ ਕੋਰਟ ਦੇਖੇ ਕਿ ਕੀ ਸਹੀ ਹੈ ਤੇ ਕੀ ਗਲਤ ਹੈ। ਸੋ, ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦੀ ਹਾਂ justice delayed is justice denied.

**ਮਾਣਯੋਗ ਸਪੀਕਰ**: ਧੰਨਵਾਦ ਜੀ। ਤੁਹਾਡੀ ਗੱਲ ਆ ਗਈ ਹੈ। ਧੰਨਵਾਦ ਜੀ, ਧੰਨਵਾਦ ਜੀ।ਹਾਂ ਜੀ, ਪੱਪੀ ਪਰਾਸ਼ਰ ਜੀ। (ਵਿਘਨ) ਮੈਡਮ ਤੁਹਾਡੀ ਗੱਲ ਆ ਗਈ ਹੈ।

**ਸ਼੍ਰੀਮਣੀ ਅਰੁਨਾ ਚੌਧਰੀ**: ਸਰ, ਸਾਡੇ ਗੁਰਦਾਸਪੁਰ ਵਿਖੇ ਦੋ ਤਿੰਨ ਸਾਲਾਂ ਦੀਆਂ ਕੰਪਲੀਟ ਹੋਈਆਂ ਇਨਕੁਆਰੀਆਂ ਦੇ ਚਲਾਨ ਵੀ ਕੋਰਟ ਵਿਚ ਪੇਸ਼ ਨਹੀਂ ਹੋਏ।

**ਮਾਣਯੋਗ ਸਪੀਕਰ**: ਪਲੀਜ਼ ਤੁਸੀਂ ਬੈਠੋ। ਹਾਂ ਜੀ, ਪੱਪੀ ਪਰਾਸ਼ਰ ਜੀ,।

**ਸ੍ਰੀ ਅਸ਼ੋਕ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ)**: ਧੰਨਵਾਦ ਸਪੀਕਰ ਸਾਹਿਬ। ਮੈਨੂੰ ਗੁਰਦਾਸ ਮਾਨ ਦੀਆਂ ਸਤਰਾਂ ਯਾਦ ਆਉਂਦੀਆਂ ਹਨ ਕਿ ਬਈ ਆਪੇ ਰੋਗ ਲਾਉਣੇ, ਆਪੇ ਦੇਣੀਆਂ ਦੁਆਵਾਂ। ਮੈਂ ਬਾਜਵਾ ਸਾਹਿਬ ਤੋਂ ਵੀ ਸੁਣ ਰਿਹਾ ਸੀ ਤੇ ਪਰਗਟ ਸਿੰਘ ਤੋਂ ਵੀ ਸੁਣ ਰਿਹਾ ਸੀ । ਇਨ੍ਹਾਂ ਦਾ ਇਸ ਗੱਲ ਦਾ ਵਹਿਮ ਜ਼ਰੂਰ ਦੂਰ ਕਰ ਦੇਣਾ ਚਾਹੀਦਾ ਹੈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੀ.ਐਮ.ਸਾਹਿਬ ਨੂੰ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਯੂ.ਪੀ. ਦੇ ਗੈਂਗਸਟਰ ਇਥੇ ਆ ਕੇ ਰੱਖੇ ਹੋਏ ਸੀ, ਉਨ੍ਹਾਂ ਦੀਆਂ ਵੀ ਇਨਕੁਆਰੀਆਂ ਕੀਤੀਆਂ ਜਾਣ ਕਿ ਕਿਨ੍ਹਾਂ ਨੇ ਰੱਖੇ ਹੋਏ ਸੀ, ਜਿਹੜੇ ਆਪਣੀਆਂ ਜੇਲ੍ਹਾਂ ਵਿਚੋਂ ਜਾ ਕੇ ਫਲੈਟਾਂ ਵਿਚ ਰਾਤ ਨੂੰ ਸੌਂਦੇ ਸੀ। (ਥੰਪਿੰਗ) ਏਡਾ ਵੱਡਾ ਵਹਿਮ ਇਹ 10-12 ਬੰਦੇ ਉਧਰ ਬੈਠੇ ਪਾਲ ਰਹੇ ਹਨ ਕਿ ਪੰਜਾਬ ਦੇ ਅੰਦਰ ਆਮ ਆਦਮੀ ਪਾਰਟੀ ਵਾਲੇ ਸ਼ਾਇਦ ਕਿਤੇ ਆਪਣੇ ਨਾਲ ਲੈ ਕੇ ਆਏ ਹਨ । ਪੰਜਾਬ ਦੇ ਜਿਹੜੇ ਸਾਢੇ ਤਿੰਨ ਕਰੋੜ ਲੋਕ ਹਨ, ਉਹ ਜਾਣਦੇ ਸੀ ਤਾਂ ਹੀ ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) 10-12 ਰਹਿ ਗਏ ਤੇ ਅਗਲੀ ਵਾਰੀ ਇਹ ਵੀ 10-12 ਨਹੀਂ ਰਹਿਣੇ। ਲੋਕੀਂ ਇਸ ਗੱਲ ਨੂੰ ਜਾਣਦੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਇੱਕ ਮਿੰਟ ਦਿਉ ਜੀ। He has named me.

**ਮਾਣਯੋਗ ਸਪੀਕਰ**: ਬਾਜਵਾ ਸਾਹਿਬ ਬੈਠੋ ਜੀ he is not named you. ਚਲੋ, ਦੱਸੋ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਪਹਿਲੀ ਗੱਲ ਤਾਂ ਇਨ੍ਹਾਂ ਦਾ ਭੁਲੇਖਾ ਮੈਂ ਕੱਢ ਦੇਵਾਂ ਕਿ ਇਹ ਹੁਣੇ 92 ਵਿਚੋਂ 32 ਉਤੇ ਆਏ ਹਨ। ਤੁਸੀਂ ਗਲਤ ਫਹਿਮੀ ਅਜੇ ਨਾ ਰੱਖੋ, 12 ਉਤੇ ਤੁਸੀਂ ਪਹੁੰਚਣਾ ਹੈ। ਤੁਸੀਂ ਆਪਣੀ ਇਲੈਕਸ਼ਨ ਵਿੱਚ ਤੀਜੇ ਨੰਬਰ ਉਤੇ ਰਹੇ ਹੋ ।

**ਮਾਣਯੋਗ ਸਪੀਕਰ**:ਚਲੋ, ਠੀਕ ਹੈ। ਮੁੱਦੇ ਦੀ ਗੱਲ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਅਗਲੀ ਗੱਲ ਹੈ ਕਿ ਤੁਹਾਨੂੰ ਰੋਕਿਆ ਕਿਸ ਨੇ ਇਨਕੁਆਰੀ ਕਰਨ ਤੋਂ। ਜਿਹੜਾ ਯੂ.ਪੀ. ਤੋਂ ਲਿਆਂਦਾ ਹੈ, ਇਨਕੁਆਰੀ ਕਰੋ। ਕਿਸ ਨੇ ਰੋਕਿਆ ਤੁਹਾਨੂੰ, ਕਰੋ ਇਨਕੁਆਰੀ, ਲਓ ਐਕਸ਼ਨ, ਅੱਜ ਹੀ

ਕਰੋ। ਕਰਨ ਜੋਗੇ ਕੁਝ ਨਹੀਂ, ਗੱਲਾਂ ਹੀ ਕਰਨ ਜੋਗੇ ਹਨ, ਗੁਰਦਾਸ ਮਾਨ ਦੀਆਂ ਸਤਰਾਂ ਹੀ ਪੜ੍ਹਨ ਜੋਗੇ ਹੋ। (ਵਿਘਨ) ਹੋਰ ਕੁਝ ਨਹੀਂ ਕਰ ਸਕਦੇ।

**ਮਾਣਯੋਗ ਸਪੀਕਰ:** ਠੀਕ ਹੈ। ਧੰਨਵਾਦ ਜੀ, ਬੈਠੋ ਜੀ। ਧੰਨਵਾਦ। ਹਾਂ ਜੀ ਸ਼ੈਰੀ ਕਲਸੀ ਜੀ।

**ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) (ਬਟਾਲਾ):** ਧੰਨਵਾਦ ਸਪੀਕਰ ਸਾਹਿਬ ਮੈਂ ਬੜਾ ਜ਼ਰੂਰੀ ਵਿਸ਼ਾ ਤੁਹਾਡੇ ਅੱਗੇ ਲੈ ਕੇ ਆਉਣਾ ਚਾਹੁੰਦਾ ਸੀ ਪਰ ਸਮਾਂ ਬੜੀ ਦੇਰ ਬਾਅਦ ਮਿਲਿਆ ਹੈ, ਤੁਸੀਂ ਇਨ੍ਹਾਂ ਨੂੰ ਜਿੰਨਾ ਮਰਜ਼ੀ ਟਾਈਮ ਦੇ ਦਿਉ ਤੇ ਤੁਹਾਨੂੰ ਆਉਂਦਿਆਂ ਫਿਰ ਇਕੋ ਹੀ ਗੱਲ ਸੁਣਨ ਨੂੰ ਮਿਲਣੀ ਹੈ ਕਿ ਸਾਨੂੰ ਸਮਾਂ ਨਹੀਂ ਮਿਲਦਾ। ਸੋ, ਮੇਰੀ ਬੇਨਤੀ ਹੈ ਕਿ ਸਾਡੇ ਬਟਾਲੇ ਸ਼ਹਿਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਹੈ, ਉਥੇ ਲੱਖਾਂ ਸੰਗਤਾਂ ਆਉਂਦੀਆਂ ਹਨ, ਇਸ 10 ਤਰੀਕ ਨੂੰ ਬਾਬਾ ਜੀ ਦਾ ਵਿਆਹ ਪੁਰਬ ਹੈ, ਉਥੇ ਪ੍ਰੋਗਰਾਮ ਹੁੰਦਾ ਹੈ ਅਤੇ ਉਹ ਪ੍ਰੋਗਰਾਮ ਤਿੰਨ ਚਾਰ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ। ਪੁਰਾਣੀਆਂ ਸਰਕਾਰਾਂ ਦੇ ਸਮੇਂ ਦੌਰਾਨ ਸਾਡੇ ਉਥੇ ਸੀਵਰੇਜ ਦਾ ਕੰਮ ਹੋਇਆ ਸੀ। ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਸਾਡੇ ਬਟਾਲੇ ਹਲਕੇ ਵਿਚ ਦੋ ਜਗ੍ਹਾ ਉਤੇ ਜ਼ਮੀਨਾਂ ਧੱਸ ਚੁੱਕੀਆਂ ਹਨ, ਬਾਬਾ ਜੀ ਦੇ ਵਿਆਹ ਵਾਲੇ ਦਿਨ ਹੀ ਇਕ ਬੱਚੇ ਗੁਰਨੂਰ ਦੀ ਸੀਵਰੇਜ ਵਿਚ ਡਿੱਗ ਕੇ ਮੌਤ ਹੋ ਗਈ। ਸੋ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਕ ਆਰ.ਡੀ.ਖੋਸਲਾ ਸਕੂਲ ਹੈ, ਜਦੋਂ ਬਰਸਾਤ ਹੁੰਦੀ ਹੈ ਤਾਂ ਜਿੰਨਾ ਵੀ ਬਟਾਲੇ ਦਾ ਪਾਣੀ ਹੁੰਦਾ ਹੈ, ਸਾਰਾ ਉਹ ਆਰ.ਡੀ.ਖੋਸਲਾ ਸਕੂਲ ਦੇ ਅੱਗੇ ਆ ਜਾਂਦਾ ਹੈ, ਉਸ ਦੇ ਵਾਸਤੇ ਸਾਡੇ ਕੋਲ ਪੈਸੇ ਵੀ ਹਨ, ਸਾਡੇ ਕੋਲ ਸਾਰਾ ਇੰਤਜ਼ਾਮ ਹੈ ਲੇਕਿਨ ਕਿਤੇ ਨਾ ਕਿਤੇ ਉਥੋਂ ਦੀ ਕਾਰਪੋਰੇਸ਼ਨ ਸਾਡਾ ਸਾਥ ਨਹੀਂ ਦਿੰਦੀ।

**1140/Beant kaur**

**Mr. Speaker** : Thank you.

ਜਿਹੜਾ ਕੰਮ ਅਸੀਂ ਕਰਨਾ ਚਾਹੁੰਦੇ ਹਾਂ, ਉਸ ਵਿੱਚ ਸਾਨੂੰ ਦਿੱਕਤਾਂ ਆਉਂਦੀਆਂ ਹਨ। ਸੋ, ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਬਾਬਾ ਜੀ ਦੇ ਵਿਆਹ ਸਮਾਗਮ ਕਾਰਨ ਇਹ ਕੰਮ ਜ਼ਰੂਰ ਪਹਿਲਾਂ ਕਰ ਦਿੱਤਾ ਜਾਵੇ। ਧੰਨਵਾਦ।

**ਸਰਦਾਰ ਫੌਜਾ ਸਿੰਘ (ਗੁਰੂ ਹਰ ਸਹਾਏ)** : ਧੰਨਵਾਦ, ਸਪੀਕਰ ਸਾਹਿਬ। ਮੈਂ ਅਨੁਸੂਚਿਤ ਵਰਗ ਦੀ ਗੱਲ ਕਰਾਂਗਾ। ਭਾਰਤੀ ਸੰਵਿਧਾਨ ਦੀ ਮਨਸ਼ਾ ਸੀ ਕਿ ਦੱਬੇ-ਕੁਚਲੇ ਲੋਕਾਂ ਨੂੰ ਬਰਾਬਰ ਲੈ ਕੇ ਆਉਣਾ ਹੈ। ਭਾਰਤੀ ਸੰਵਿਧਾਨ ਲਾਗੂ ਹੋਇਆ ਤਾਂ ਉਸ ਵਿੱਚ 10 ਸਾਲ ਦੀ ਮੋਹਲਤ ਦਿੱਤੀ ਗਈ ਸੀ, ਜਿਸ ਵਿੱਚ ਜਨਗਣਨਾ ਦੇ ਅਧਾਰ ਤੇ ਨੌਕਰੀਆਂ ਦਿੱਤੀਆਂ ਜਾਣਗੀਆਂ। ਲੋਕ ਸਭਾ ਅਤੇ ਵਿਧਾਨ ਸਭਾ ਸੀਟਾਂ ਰਿਜਰਵ ਕੀਤੀਆਂ ਜਾਣਗੀਆਂ। ਸਾਲ 2001 ਵਿੱਚ ਪੰਜਾਬ ਵਿੱਚ ਅਨੁਸੂਚਿਤ ਸਮਾਜ ਦੀ ਜਨਸੰਖਿਆ 28.9 ਸੀ ਜਦਕਿ ਰਿਜਰਵ ਸੀਟਾਂ 34 ਸਨ। ਸਾਲ 2011 ਵਿੱਚ ਜਨਗਣਨਾ ਹੋਈ ਸੀ ਪਰੰਤੂ ਸਾਲ 2013 ਵਿੱਚ ਭਾਰਤ ਸਰਕਾਰ ਨੇ ਗਜ਼ਟ ਛਾਪ ਦਿੱਤਾ, ਜਿਸ ਵਿੱਚ ਪੰਜਾਬ ਦਾ ਵਰਨਣ ਵੀ ਹੈ, ਕਿ ਰੀਐਡਜਸਟਮੈਂਟ ਕੀਤੀ ਜਾਵੇਗੀ ਪਰ ਅਜਿਹਾ ਨਹੀਂ ਕੀਤਾ ਗਿਆ। ਹੁਣ ਸਾਲ 2024 ਚੱਲ ਰਿਹਾ ਹੈ ਅਤੇ ਪੰਜਾਬ ਵਿੱਚ ਲਗਭਗ 33% ਅਨੁਸੂਚਿਤ ਜਾਤੀ ਦੇ ਲੋਕਾਂ ਦੀ ਅਬਾਦੀ ਹੈ। ਜਿਸ ਤਰ੍ਹਾਂ ਹਲਕਾ ਗੁਰੂ ਹਰਸਹਾਏ ਅਤੇ ਜਲਾਲਾਬਾਦ ਵਿੱਚ 60% ਤੋਂ ਵੱਧ ਐਸਸੀ ਸਮਾਜ ਦੇ ਲੋਕ ਰਹਿੰਦੇ ਹਨ। ਪਿੱਛੇ ਜਿਹੇ ਯੂਪੀ ਵਿੱਚ ਦੋ

ਸੀਟਾਂ ਰਿਜਰਵ ਕੀਤੀਆਂ ਗਈਆਂ ਹਨ, ਗੋਆ ਦੇ ਮੁੱਖ ਮੰਤਰੀ ਨੇ ਭਾਰਤ ਸਰਕਾਰ ਕੋਲ ਪਹੁੰਚ ਕੀਤੀ ਹੈ ਕਿ 4 ਸੀਟਾਂ ਹੋਰ ਰਿਜਰਵ ਕੀਤੀਆਂ ਜਾਣ। ਮਿਤੀ 5.8.2024 ਨੂੰ ਇਕ ਬਿਲ ਇੰਟਰੋਡਿਊਸ ਹੋਇਆ ਹੈ, ਮੈਂ ਤੁਹਾਡੇ ਮਾਧਿਅਮ ਰਾਹੀਂ ਗੁਜਾਰਿਸ਼ ਕਰਾਂਗਾ ਕਿ ਪੰਜਾਬ ਸਰਕਾਰ ਸਿਫਾਰਸ਼ ਕਰਕੇ ਭੇਜੇ ਤਾਂ ਜੋ ਰੀਐਡਜਸਟਮੈਂਟ ਵਿੱਚ ਜਨਗਣਨਾ ਅਨੁਸਾਰ ਲੋਕ ਸਭਾ ਅਤੇ ਵਿਧਾਨ ਸਭਾ ਹਲਕਿਆਂ ਵਿੱਚ ਰਿਜਰਵੇਸ਼ਨ ਮਿਲ ਸਕੇ। ਜੇਕਰ ਗੱਲ ਕਰੀਏ ਤਾਂ ਲੋਕ ਸਭਾ ਸੀਟ ਫਿਰੋਜ਼ਪੁਰ ਇਸ ਵੇਲੇ 13 ਸੀਟਾਂ ਵਿਚੋਂ ਟਾਪ ਤੇ ਹੈ ਅਤੇ ਉਸੇ ਤਰ੍ਹਾਂ ਹੀ ਹਲਕਾ ਗੁਰੂ ਹਰ ਸਹਾਏ ਹੈ।

**Mr. Speaker** : Thank you. ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਫੌਜਾ ਸਿੰਘ**: ਨੌਕਰੀਆਂ ਵਿੱਚ ਵੀ ਰਾਖਵਾਂਕਰਨ ਅਬਾਦੀ ਦੇ ਅਧਾਰ ਤੇ ਕੀਤਾ ਜਾਵੇ। ਧੰਨਵਾਦ।

**Mr. Speaker** : Thank you. ਨੈਕਸਟ, ਸਰਦਾਰ ਜਸਵੀਰ ਸਿੰਘ ਰਾਜਾ ਗਿੱਲ ਜੀ।

**ਸਰਦਾਰ ਜਸਵੀਰ ਸਿੰਘ ਰਾਜਾ ਗਿੱਲ (ਉੜਮੁੜ)**: ਧੰਨਵਾਦ, ਸਪੀਕਰ ਸਾਹਿਬ। ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਮੇਰੀ ਇਕੱਲੇ ਦੀ ਪ੍ਰਾਬਲਮ ਨਹੀਂ ਹੈ, ਸਗੋਂ 117 ਐਮਐਲਏਜ਼ ਦੀ ਪ੍ਰਾਬਲਮ ਹੈ। ਹਰੇਕ ਹਲਕੇ ਨੂੰ 4 ਬਲਾਕ ਲਗਦੇ ਹਨ, 3 ਜਾਂ 4 ਥਾਣੇ ਲੱਗ ਰਹੇ ਹਨ, ਇਨ੍ਹਾਂ ਨੂੰ ਦੋ ਬਲਾਕਾਂ ਵਿੱਚ ਵੰਡਿਆ ਜਾਵੇ, ਇਸ ਨਾਲ ਵਿਕਾਸ ਵਿੱਚ ਤੇਜ਼ੀ ਆਏਗੀ ਅਤੇ ਪ੍ਰਸ਼ਾਸਨ ਪੱਖ ਤੋਂ ਵੀ ਆਪਾਂ ਨੂੰ ਸਾਥ ਮਿਲੇਗਾ। ਉਨ੍ਹਾਂ ਨੂੰ ਵੀ ਪ੍ਰਬੰਧ ਕਰਨਾ ਸੌਖਾ ਹੋ ਜਾਵੇਗਾ।

ਇਸ ਦੇ ਨਾਲ ਹੀ ਮੈਂ ਗੱਲ ਕਰਾਂਗਾ, ਮੇਰੇ ਸਾਮ੍ਹਣੇ ਬੈਠੇ ਦੋਸਤ ਐਮ.ਐਲ.ਏ. ਸਾਹਿਬ ਨੇ ਭੋਗਪੁਰ ਮਿਲ ਦੀ ਗੱਲ ਕੀਤੀ ਹੈ। ਇਨ੍ਹਾਂ ਨੂੰ ਸ਼ਾਇਦ ਯਾਦ ਭੁੱਲ ਗਿਆ ਹੈ ਕਿ ਇਹ ਪ੍ਰਾਜੈਕਟ ਕਾਂਗਰਸ ਦੇ ਟਾਈਮ ਆਇਆ ਸੀ। ਮੈਨੂੰ ਮਾਨ ਸਾਹਿਬ ਉਹ ਗੱਲ ਚੇਤੇ ਆਉਂਦੀ ਹੈ ਕਿ ਪਿੰਡ ਵਿੱਚ ਜਦੋਂ ਚੋਰੀਆਂ ਹੋਣ ਲੱਗੀਆਂ ਤਾਂ ਲੋਕ ਸਾਧ ਕੋਲ ਗਏ। ਸਾਧ ਨੇ ਕਿਹਾ ਕਿ ਭਾਈ, ਚਾਰ ਬੰਦਿਆਂ ਨੂੰ ਚਾਦਰ ਫੜਾ ਲਓ ਪਰ ਚਾਦਰ ਉਨ੍ਹਾਂ ਨੇ ਹੀ ਫੜ ਲਈ, ਜਿਨ੍ਹਾਂ ਨੇ ਚੋਰੀਆਂ ਕੀਤੀਆਂ ਸਨ। ਅੱਜ ਧਰਨੇ ਵੀ ਤੁਸੀਂ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵੱਲ ਇਸ਼ਾਰਾ) ਲਾ ਰਹੇ ਹੋ ਅਤੇ ਪ੍ਰਾਜੈਕਟ ਵੀ ਤੁਸੀਂ ਹੀ ਲਿਆਂਦਾ ਸੀ। ਮੈਨੂੰ ਤਾਂ ਇਸ ਗੱਲ ਦੀ ਸਮਝ ਨਹੀਂ ਆਉਂਦੀ।

**ਸਰਦਾਰ ਹਰਦੇਵ ਸਿੰਘ ਲਾਡੀ** : ਮੇਰੇ ਕੋਲ ਐਮ.ਓ.ਯੂ. ਦੀ ਕਾਪੀ ਹੈ।

**ਸਰਦਾਰ ਜਸਵੀਰ ਸਿੰਘ ਰਾਜਾ ਗਿੱਲ** : ਉੱਧਰ ਸਪੀਕਰ ਸਾਹਿਬ ਨਾਲ ਗੱਲ ਕਰੋ ਜੀ। ਕਾਂਗਰਸ ਦੇ ਟਾਈਮ ਪ੍ਰਾਜੈਕਟ ਆਇਆ ਹੈ, ਸਾਡੇ ਟਾਈਮ ਇਹ ਪ੍ਰਾਜੈਕਟ ਨਹੀਂ ਆਇਆ ਜੀ।

**ਮਾਣਯੋਗ ਸਪੀਕਰ** : ਰਾਜਾ ਜੀ, ਤੁਹਾਡੀ ਗੱਲ ਆ ਗਈ। ਨੈਕਸਟ, ਰਾਣਾ ਇੰਦਰ ਪ੍ਰਤਾਪ ਸਿੰਘ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਹਰਦੇਵ ਸਿੰਘ ਲਾਡੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾ ਆਗਿਆ ਬੋਲ ਰਹੇ ਸਨ। ਟਰੇਜ਼ਰੀ ਬੈਂਚਿਜ਼ ਤੋਂ ਵੀ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਸਨ।)

**ਮਾਣਯੋਗ ਸਪੀਕਰ** : ਬੈਠੋ ਜੀ। ਰਾਜਾ ਜੀ, ਤੁਸੀਂ ਬੈਠੋ ਜੀ। ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਆਪਣੀ ਆਪਣੀ ਜਗ੍ਹਾ ਤੇ ਬੈਠੋ। ਰਾਣਾ ਇੰਦਰ ਪ੍ਰਤਾਪ ਜੀ, ਤੁਸੀਂ ਬੋਲੋ।

**1145 ਕਰਮਜੀਤ ਕੌਰ/Rajneesh kumar**

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)** : ਬਹੁਤ ਹੀ ਸਤਿਕਾਰਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸੀ.ਐਮ. ਸਾਹਿਬ ਦੇ ਨਾਲੇਜ ਵਿੱਚ ਸੀਵਰੇਜ ਦੀ ਸਫਾਈ ਸਬੰਧੀ ਮਾਮਲਾ ਲਿਆਉਣਾ ਚਾਹੁੰਦਾ ਹਾਂ ਜੀ। (ਵਿਘਨ) (ਸ਼ੋਰ)

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ:** ** **

**ਮਾਣਯੋਗ ਸਪੀਕਰ:** ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਬੜਾ ਵਧੀਆ ਜ਼ੀਰੋ ਆਵਰ ਚੱਲ ਰਿਹਾ ਹੈ। ਆਪਾਂ ਰਨਿੰਗ ਕੁਮੈਂਟਰੀ ਬੰਦ ਕਰੀਏ ਪਲੀਜ।

**ਸ਼੍ਰੀ ਸੁਖਵਿੰਦਰ ਸਿੰਘ ਕੋਟਲੀ:** ** **

**ਮਾਣਯੋਗ ਸਪੀਕਰ:** ਚੇਅਰ ਦੀ ਇਜਾਜ਼ਤ ਤੋਂ ਬਿਨਾਂ ਜੋ ਵੀ ਬੋਲਿਆ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਬੈਠੋ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ:** ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਸਰਕਾਰ ਦੀ ਨਾਲੇਜ ਵਿੱਚ ਲੈ ਕੇ ਆਉਣਾ ਚਾਹੁੰਦਾ ਹਾਂ ਕਿ ਸੀਵਰੇਜ ਅਤੇ ਕੂੜੇ ਦੀ ਸਫਾਈ ਨਾ ਹੋਣ ਕਰਕੇ ਸਾਰੇ ਪੰਜਾਬ ਵਿੱਚ ਬੜੀ ਵੱਡੀ ਸਮੱਸਿਆ ਆ ਰਹੀ ਹੈ। ਕਪੂਰਥਲੇ ਵਿੱਚ ਪਿਛਲੇ ਸਮੇਂ ਚਾਰ ਮੌਤਾਂ ਹੋਈਆਂ ਹਨ। ਸਾਡੇ ਲੋਕਲ ਬਾਡੀਜ਼ ਮਨਿਸਟਰ ਸਾਹਿਬ ਵੀ ਕਪੂਰਥਲੇ ਗਏ ਅਤੇ ਸਥਾਨਕ ਐਮ.ਐਲ.ਏ. ਰਾਣਾ ਗੁਰਜੀਤ ਸਿੰਘ ਜੀ ਇਨ੍ਹਾਂ ਦੀ ਨਾਲੇਜ ਵਿੱਚ ਲੈ ਕੇ ਆਏ ਕਿ ਕਾਰਪੋਰੇਸ਼ਨ ਵਿੱਚ ਸੀਵਰੇਜ ਸੁਪਰ ਸਕਸ਼ਨ ਕਲੀਨਿੰਗ ਦੇ ਲਈ ਮੀਟਿੰਗ ਵਿੱਚ ਮਤਾ ਪਾਸ ਹੋਇਆ । ਕਾਰਪੋਰੇਸ਼ਨ ਕੋਲ 14 ਕਰੋੜ ਰੁਪਿਆ ਪਿਆ ਹੈ। ਪਰ ਮਿਉਂਸਿਪਲ ਕਾਰਪੋਰੇਸ਼ਨ ਦੀ ਕਮਿਸ਼ਨਰ ਅਨੁਪਮ ਕਲੇਰ ਨੇ ਅੱਜ ਤੱਕ ਉਸ ਦੇ ਉਤੇ ਕੋਈ ਡਿਸੀਜ਼ਨ ਨਹੀਂ ਲਿਆ। ਉਥੇ ਅੱਜ ਤੱਕ ਸਫਾਈ ਨਹੀਂ ਹੋਈ। ਉਥੇ ਇੱਕ ਪਰਿਵਾਰ ਦੇ ਚਾਰ ਜੀਅ ਮਰ ਗਏ ਹਨ, ਦੋ ਸਾਲਾਂ ਦਾ ਇੱਕ ਬੱਚਾ ਮਰ ਗਿਆ ਹੈ। ਇਸ ਦੀ ਰਿਸਪਾਂਸੀਬਿਲਟੀ ਸਾਨੂੰ ਫਿਕਸ ਕਰਨੀ ਚਾਹੀਦੀ

** ** Not recorded as Ordered by the Chair.

** ** Not recorded as Ordered by the Chair.

ਹੈ। ਅਸੀਂ ਮੰਤਰੀ ਸਾਹਿਬ ਨੂੰ ਬੇਨਤੀ ਕੀਤੀ ਸੀ ਕਿ ਸਬੰਧਤ ਕਮਿਸ਼ਨਰ ਨੂੰ ਸਸਪੈਂਡ ਕੀਤਾ ਜਾਵੇ, ਉਸ ਦੇ ਖਿਲਾਫ ਪਰਚਾ ਦਰਜ ਹੋਵੇ ਅਤੇ ਲੋਕਾਂ ਨੂੰ ਇਨਸਾਫ ਦਿਵਾਇਆ ਜਾਵੇ। ਇਸ ਕੇਸ ਦੀ ਪਰਾਪਰ ਇਨਕੁਆਰੀ ਹੋਵੇ। ਸਰ, ਮੇੈਂ ਇੱਕ ਅਖੀਰਲਾ ਪੁਆਇੰਟ ਐਡ ਕਰਨਾ ਹੈ, ਜੋ ਕਿ ਪੂਰੇ ਪੰਜਾਬ ਲਈ ਬੜਾ ਇੰਪੋਰਟੈਂਟ ਪੁਆਇੰਟ ਹੈ ਜੀ। ਸਪੀਕਰ ਸਾਹਿਬ, ਮੈਂ ਪੂਰੇ ਪੰਜਾਬ ਵਿੱਚ ਤੁਹਾਡੇ ਰਾਹੀਂ ਮੰਤਰੀ ਸਾਹਿਬ ਦੀ ਨਾਲੇਜ ਵਿੱਚ ਲੈ ਕੇ ਆਉਣਾ ਚਾਹੁੰਦਾ ਹਾਂ ਕਿ ਪੁਰਾਣੀ ਸਰਕਾਰ ਨੇ ਇੱਕ ਐਗਰੀਮੈਂਟ ਕੀਤਾ ਸੀ, ਕਿ ਜਿੰਨੀਆਂ ਵੀ ਸਟਰੀਟ ਲਾਈਟਸ ਪੰਜਾਬ ਦੇ ਸ਼ਹਿਰਾਂ ਦੀਆਂ ਹਨ, white placard company will handle them. ਉਸ ਨੇ ਕਿਹਾ ਕਿ ਮੈਂ ਤੁਹਾਡਾ ਬਿਜਲੀ ਦਾ ਬਿਲ ਘਟਾ ਦੇਵਾਂਗਾ, ਹਰ ਇੱਕ ਕਮੇਟੀ ਉਸ ਨੂੰ ਪੈਸੇ ਦੇ ਰਹੀ ਹੈ। ਸਰ, ਮੈਂ ਸੁਲਤਾਨਪੁਰ ਦੀ ਐਗਜ਼ਾਂਪਲ ਦੇ ਰਿਹਾ ਹਾਂ, ਉਥੇ ਨਾ ਬੱਤੀ ਜਲਦੀ ਹੈ ਅਤੇ ਨਾ ਬਿਲ ਆਉਂਦਾ ਹੈ, ਅਗਲਾ ਆਪਣੇ ਪੈਸੇ ਲੈ ਕੇ ਘਰ ਨੂੰ ਚਲਾ ਜਾਂਦਾ ਹੈ। ਸੋ, ਮੰਤਰੀ ਸਾਹਿਬ ਨੂੰ ਮੇਰੀ ਬੇਨਤੀ ਹੈ ਕਿ ਜਦੋਂ ਤੱਕ ਕਮੇਟੀ ਅਪਰੂਵ ਨਾ ਕਰੇ ਕਿ ਇਹ ਕੰਮ /ਪ੍ਰੋਜੈਕਟ 100 ਪਰਸੈਂਟ ਸਹੀ ਚੱਲ ਰਿਹਾ ਹੈ, ਉਨੀ ਦੇਰ ਤੱਕ ਕੋਈ ਬਿਲ ਪੇਅ ਨਾ ਕੀਤਾ ਜਾਵੇ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)**: ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਲੁਧਿਆਣੇ ਜ਼ਿਲ੍ਹੇ ਵਿੱਚ ਤਿੰਨ ਸੀ.ਐਨ.ਜੀ. ਪਲਾਂਟ ਲਗ ਰਹੇ ਹਨ। ਇੱਕ ਮੇਰੇ ਹਲਕੇ ਦੇ ਭੂੰਦੜੀ ਪਿੰਡ ਵਿੱਚ, ਦੂਜਾ ਜਗਰਾਉਂ ਦੇ ਅਖਾੜਾ ਪਿੰਡ ਵਿੱਚ ਅਤੇ ਤੀਜਾ ਸਮਰਾਲੇ ਦੇ ਵਿੱਚ ਮੁਸਕਾਬਾਦ ਪਿੰਡ ਵਿੱਚ ਲੱਗ ਰਿਹਾ ਹੈ। ਪਤਾ ਨਹੀਂ ਇਨ੍ਹਾਂ ਪਲਾਂਟਾਂ ਨੂੰ ਮਨਜ਼ੂਰੀ ਕਿਵੇਂ ਮਿਲ ਗਈ? ਕਿਉਂਕਿ ਇਹ ਪਲਾਂਟ ਪਿੰਡਾਂ ਅਤੇ ਸਕੂਲਾਂ ਦੇ ਨੇੜੇ ਲੱਗ ਰਹੇ ਹਨ। ਇਨ੍ਹਾਂ ਦੀਆਂ ਸਮੱਸਿਆਵਾਂ ਲੋਕਾਂ ਨੂੰ ਆਉਣਗੀਆਂ। ਉਥੇ ਸਮੈਲ ਵੀ ਆਉਣੀ ਹੈ, ਇਨ੍ਹਾਂ ਦਾ ਗੰਦਾ ਪਾਣੀ ਵੀ ਨਿਕਲਣਾ ਹੈ। ਕੱਲ੍ਹ ਨੂੰ ਜੇ ਕੋਈ ਲੀਕੇਜ ਹੋ ਗਈ ਤਾਂ ਉਸ ਕਾਰਨ ਵੀ ਉਥੇ ਹਾਦਸਾ ਵਾਪਰ ਸਕਦਾ ਹੈ। ਜਿਨ੍ਹਾਂ ਨੇ ਇਹ ਪ੍ਰੋਜੈਕਟ ਪਾਸ ਕਰਵਾਇਆ ਹੈ, ਉਨ੍ਹਾਂ ਨੇ ਇਸ ਤੇ ਕਰੋੜ ਰੁਪਿਆ ਖਰਚ ਕੀਤਾ ਹੈ। ਪਿਛਲੇ ਪੰਜ ਮਹੀਨਿਆਂ ਤੋਂ ਲਗਾਤਾਰ ਤਿੰਨੇ ਹੀ ਪਿੰਡਾਂ ਦੇ ਵਿੱਚ ਕਿਸਾਨ ਜਥੇਬੰਦੀਆਂ ਵਲੋਂ ਅਤੇ ਸਬੰਧਤ ਪਿੰਡਾਂ ਦੇ ਲੋਕਾਂ ਦੇ ਵਲੋਂ ਇਨ੍ਹਾਂ ਖਿਲਾਫ ਧਰਨੇ ਚੱਲ ਰਹੇ ਹਨ। ਈਵਨ ਕਿ ਬੀਬੀਆਂ ਤੱਕ ਇਨ੍ਹਾਂ ਧਰਨਿਆਂ ਵਿੱਚ ਸ਼ਾਮਲ ਹਨ। ਇਹ ਧਰਨੇ ਲਗਾਤਾਰ ਚਾਰ ਪੰਜ ਮਹੀਨੇ ਤੋਂ ਚੱਲ ਰਹੇ ਹਨ। ਸੋ, ਕੋਈ ਵੀ ਇਸ ਤਰ੍ਹਾਂ ਦਾ ਪਲਾਂਟ ਲੱਗਣ ਤੋਂ ਪਹਿਲਾਂ ਉਥੇ ਦੇ ਸਥਾਨਕ ਲੋਕਾਂ ਦੇ ਇਤਰਾਜ਼ ਸੁਣੇ ਜਾਣੇ ਚਾਹੀਦੇ ਹਨ। ਪਹਿਲੀ ਗੱਲ ਤਾਂ ਅਜਿਹੇ ਪਲਾਂਟ ਪਿੰਡ ਦੇ ਨੇੜੇ ਨਹੀਂ ਲਗਣੇ ਚਾਹੀਦੇ। ਪਹਿਲਾਂ ਲੋਕਾਂ ਦੇ ਇਤਰਾਜ਼ ਲਏ ਜਾਣ ਤਾਂ ਜੋ ਨਾ ਤਾਂ ਉਥੇ ਦੇ ਲੋਕਾਂ ਨੂੰ ਕੋਈ ਸਮੱਸਿਆ ਬਾਅਦ ਵਿੱਚ ਆਵੇ, ਉਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਲੜਾਈਆਂ ਨਾ ਲੜਨੀਆਂ ਪੈਣ। ਨਾ ਹੀ ਜਿਸ ਨੇ ਇਹ ਪਲਾਂਟ ਲਗਾਉਣਾ ਹੈ, ਉਸ ਨੂੰ ਕੋਈ ਦਿੱਕਤ ਆਵੇ, ਉਸ ਦਾ ਵੀ ਕੋਈ ਨੁਕਸਾਨ ਨਾ ਹੋਵੇ। ਸੋ, ਮੈਂ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਪਲਾਂਟਾਂ ਤੇ ਰੋਕ ਲਗਾਈ ਜਾਵੇ ਅਤੇ ਆਉਣ ਵਾਲੇ ਸਮੇਂ ਵਿੱਚ ਲੋਕਾਂ ਦੀ ਰਾਏ ਤੋਂ ਬਿਨਾਂ ਅਜਿਹੇ ਪਲਾਂਟ ਨਾ ਲਗਾਏ ਜਾਣ। ਪਹਿਲਾਂ ਲੋਕਾਂ ਤੋਂ ਇਤਰਾਜ਼ ਮੰਗੇ ਜਾਣ ਅਤੇ ਜਿਹੜੇ ਸਬੰਧਤ ਮਹਿਕਮੇ ਹਨ, ਉਹ ਇਸ ਗੱਲ ਵੱਲ ਜ਼ਰੂਰ ਧਿਆਨ ਦੇਣ ਕਿ ਕਿਸੇ ਵੀ ਪਿੰਡ ਦੇ ਨੇੜੇ, ਕਿਸੇ ਅਬਾਦੀ ਦੇ ਨੇੜੇ, ਕਿਸੇ ਸਕੂਲ ਦੇ ਨੇੜੇ ਇਸ ਤਰ੍ਹਾਂ ਦੇ ਸੀ.ਐਨ.ਜੀ. ਪਲਾਂਟ ਪਾਸ ਨਾ ਕੀਤੇ ਜਾਣ ਤਾਂ ਜੋ ਨਾ ਤਾਂ ਲੋਕਾਂ ਨੂੰ ਸਮੱਸਿਆ ਆਵੇ ਅਤੇ ਨਾ ਹੀ ਜਿਸ ਨੇ ਪਲਾਂਟ ਲਗਾਉਣਾ ਹੈ, ਉਨ੍ਹਾਂ ਦਾ ਕੋਈ ਨੁਕਸਾਨ ਹੋਵੇ। ਇਨ੍ਹਾਂ ਤਿੰਨੇ ਹੀ ਪਲਾਂਟਾਂ ਨੂੰ ਲਗਾਉਣ ਦੇ ਖਿਲਾਫ ਲੋਕ ਰੋਜ਼ ਲਗਾਤਾਰ ਧਰਨੇ ਤੇ ਪਿਛਲੇ ਪੰਜ

ਮਹੀਨੇ ਤੋਂ ਜਾ ਕੇ ਬੈਠਦੇ ਹਨ। ਸੋ, ਜਲਦੀ ਤੋਂ ਜਲਦੀ ਇਹ ਕੰਮ ਬੰਦ ਕਰਕੇ ਉਥੇ ਦੇ ਲੋਕਾਂ ਨੂੰ ਰਾਹਤ ਦਿੱਤੀ ਜਾਵੇ। ਧੰਨਵਾਦ ਜੀ।

**ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ) (ਲੁਧਿਆਣਾ ਪੂਰਬੀ):** ਸਪੀਕਰ ਸਾਹਿਬ , ਮੈਨੂੰ ਸਮਾਂ ਦੇਣ ਲਈ ਬਹੁਤ ਬਹੁਤ ਧੰਨਵਾਦ ਜੀ। ਮੇਰਾ ਮੁੱਦਾ ਨੈਸ਼ਨਲ ਹਾਈਵੇਅ ਨਾਲ ਸਬੰਧਤ ਹੈ ਜਿਹੜਾ ਦਿੱਲੀ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਦਾ ਨੈਸ਼ਨਲ ਹਾਈਵੇਅ ਪ੍ਰੋਜੈਕਟ ਚੱਲ ਰਿਹਾ ਹੈ। ਇਹ ਸ਼ੇਰਪੁਰ ਚੌਂਕ ਤੋਂ ਲੈ ਕੇ ਜਲੰਧਰ ਬਾਈਪਾਸ ਤੱਕ ਹਲਕਾ ਪੂਰਬੀ ਲੁਧਿਆਣਾ ਇਸ ਨੂੰ ਲਗਦਾ ਹੈ। ਉਥੇ ਜਿਹੜੇ ਕੰਮ ਚਲਦੇ ਹਨ, ਉਨ੍ਹਾਂ ਕਰਕੇ ਬਹੁਤ ਦਿੱਕਤ ਪੇਸ਼ ਆਉਂਦੀ ਹੈ। ਉਥੇ ਡੇਲੀ ਕੋਈ ਨਾ ਕੋਈ ਐਕਸੀਡੈਂਟ ਹੁੰਦਾ ਹੈ ਅਤੇ ਹਫ਼ਤੇ ਵਿੱਚ ਦੋ-ਤਿੰਨ ਮੌਤਾਂ ਹੋ ਜਾਂਦੀਆਂ ਹਨ। ਅਸੀਂ ਨੈਸ਼ਨਲ ਹਾਈਵੇਅ ਦੇ ਪ੍ਰੋਜੈਕਟਰ ਨੂੰ ਬਹੁਤ ਵਾਰੀ ਫੋਨ ਕਰ ਚੁੱਕੇ ਹਾਂ ਕਿ ਉਥੇ ਸੜਕ ਟੁੱਟੀ ਪਈ ਹੈ ।

04.09.2024/11.50/ਹਰਪ੍ਰੀਤ ਸਿੰਘ/ਮੋਨਿਕਾ ਸ਼ਰਮਾ

ਕਿਉਂਕਿ ਚੈਨਲ ਕਦੇ ਪੁੱਟ ਲੈਂਦੇ ਹਨ, ਕਦੇ ਬਣਾ ਲੈਂਦੇ ਹਨ, ਉਸ ਕਰਕੇ ਬਹੁਤ ਦਿੱਕਤ ਆਉਂਦੀ ਹੈ। ਜਿਹੜੀਆਂ ਨੈਸ਼ਨਲ ਹਾਈਵੇ ਦੀਆਂ ਲਾਈਟਾਂ ਹਨ, ਉਹ ਫੋਨ ਕਰਨ ਤੇ ਸਿਰਫ ਦੋ-ਚਾਰ ਦਿਨ ਬਾਅਦ ਤੱਕ ਹੀ ਜਗਦੀਆਂ ਹਨ, ਮੁੜ ਕੇ ਬੰਦ ਹੋ ਜਾਂਦੀਆਂ ਹਨ। ਉੱਥੇ ਸਫਾਈ ਨੈਸ਼ਨਲ ਹਾਈਵੇਅ ਨੇ ਕਰਨੀ ਹੁੰਦੀ ਹੈ, ਜਿਸ ਦਾ ਕੋਈ ਪ੍ਰਬੰਧ ਨਹੀਂ ਹੈ। ਠੇਕੇਦਾਰ ਆਪਣੇ ਪੈਸੇ ਲਈ ਜਾ ਰਿਹਾ ਹੈ ਪਰ ਸਫ਼ਾਈ ਨਹੀਂ ਹੋ ਰਹੀ। ਇਸ ਮਸਲੇ ਤੇ ਧਿਆਨ ਦਿੱਤਾ ਜਾਵੇ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਬੰਧਤ ਮੰਤਰੀ ਸਾਹਿਬ ਅਤੇ ਅਫ਼ਸਰ ਸਾਹਿਬਾਨ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨਾਲ ਟਾਈਅੱਪ ਕਰਕੇ ਜਿਹੜੇ ਰੋਡ ਪੁੱਟੇ ਹੋਏ ਹਨ, ਚੈਨਲ ਪੁੱਟੇ ਹੋਏ ਹਨ, ਉਹ ਠੀਕ ਕੀਤੇ ਜਾਣ ਤਾਂ ਕਿ ਲੋਕਾਂ ਨੂੰ ਰਾਹਤ ਮਿਲ ਸਕੇ ਅਤੇ ਜਿਹੜੇ ਐਕਸੀਡੈਂਟਾਂ ਕਾਰਨ ਮੌਤਾਂ ਹੋ ਰਹੀਆਂ ਹਨ, ਉਨ੍ਹਾਂ ਤੋਂ ਬਚਿਆ ਜਾਵੇ। ਇਹ ਬਹੁਤ ਜ਼ਿਆਦਾ ਜ਼ਰੂਰੀ ਮੁੱਦਾ ਹੈ।

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮ ਨਗਰ):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਤੁਹਾਡੇ ਮਾਧਿਅਮ ਰਾਹੀਂ ਬਿਜਲੀ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਬਿਜਲੀ ਦੀ ਸਪਲਾਈ ਦੇ ਬਹੁਤ ਮਾੜੇ ਹਾਲਾਤ ਹਨ, ਜਿਹੜੇ ਗਰਿੱਡ ਅਤੇ ਟਰਾਂਸਫਾਰਮਰ ਹਨ, ਉਹ ਅੱਪਗ੍ਰੇਡ ਹੋਣ ਵਾਲੇ ਹਨ। ਜਦੋਂ ਅਸੀਂ 1912 ਕੰਪਲੇਂਟ ਅਟੈਂਡ ਕਰਨ ਵਾਲੇ ਮੁਲਾਜ਼ਮਾਂ ਦਾ ਰਜਿਸਟਰ ਚੈੱਕ ਕਰਨ ਜਾਂਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਸਾਡੇ ਕੋਲ ਦੋ ਹਜ਼ਾਰ ਕੰਪਲੈਂਟ ਆਉਂਦੀ ਹੈ ਪਰ ਸਾਡੇ ਕੋਲ ਮੁਲਾਜ਼ਮਾਂ ਦੀ ਕਮੀ ਹੈ। ਕਿਤੇ ਜੇ.ਈ. ਨਹੀਂ ਹੈ, ਕਿਤੇ ਲਾਈਨਮੈਨ ਨਹੀਂ ਹੈ। ਸੋ, ਮੈਂ ਤੁਹਾਡੇ ਰਾਹੀਂ ਮਾਣਯੋਗ ਬਿਜਲੀ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਜਿੰਨੇ ਵੀ ਗਰਿੱਡ ਜਾਂ ਟਰਾਂਸਫਾਰਮਰ ਅੱਪਗ੍ਰੇਡ ਹੋਣ ਵਾਲੇ ਹਨ, ਉਨ੍ਹਾਂ ਨੂੰ ਜਲਦੀ ਤੋਂ ਜਲਦੀ ਅਪਗ੍ਰੇਡ ਕੀਤਾ ਜਾਵੇ। ਵਿਸ਼ੇਸ਼ ਤੌਰ ਤੇ ਮਾਡਲ ਟਾਊਨ ਸਬ ਡਿਵੀਜ਼ਨ ਦੇ ਨਿਰਮਲ ਨਗਰ, ਪ੍ਰੀਤ ਨਗਰ, ਅਬਦੁੱਲਾਪੁਰ ਅਤੇ ਜੰਮੂ ਕਲੋਨੀ ਏਰੀਏ ਵਿਚ ਬਿਜਲੀ ਸਪਲਾਈ ਦਾ ਬੁਰਾ ਹਾਲ ਹੈ। ਮੇਰੀ ਦੂਸਰੀ ਬੇਨਤੀ ਟਰਾਂਸਪੋਰਟ ਮੰਤਰੀ ਸਾਹਿਬ ਨੂੰ ਹੈ ਕਿ ਮੇਰੇ ਹਲਕੇ ਵਿਚ ਆਰ.ਟੀ.ਏ. ਦਫ਼ਤਰ ਵਿਚ 16 ਪੋਸਟਾਂ ਹਨ, ਜਿਸ ਵਿਚੋਂ 10-12 ਖਾਲੀ ਪਈਆਂ ਹਨ ਅਤੇ ਜਿਹੜੇ

4 ਮੁਲਾਜ਼ਮ ਹਨ, ਉਨ੍ਹਾਂ ਨੂੰ ਕੋਰਟ ਕੇਸਾਂ ਲਈ ਜਾਣਾ ਪੈਂਦਾ ਹੈ। ਇਸ ਨਾਲ ਜਿੱਥੇ ਕੁਰੱਪਸ਼ਨ ਵੱਧਦੀ ਹੈ, ਉੱਥੇ ਲੋਕਾਂ ਨੂੰ ਖੱਜਲ ਖੁਆਰ ਹੋਣਾ ਪੈਂਦਾ ਹੈ।

**ਕੁੰਵਰ ਵਿਜੇ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ):** ਸਪੀਕਰ ਸਾਹਿਬ, ਮੇਰੀ ਗੱਲ ਸੁਣ ਲਵੋ ਜੀ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ):** ਸਪੀਕਰ ਸਾਹਿਬ, ਮੈਂ ਵੀ ਕੁਝ ਕਹਿਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਇੱਕ ਮਿੰਟ ਕੁੰਵਰ ਵਿਜੇ ਪ੍ਰਤਾਪ ਜੀ, ਮੰਤਰੀ ਜੀ ਕੁੱਝ ਕਹਿਣਾ ਚਾਹੁੰਦੇ ਹਨ।

**ਸਿਹਤ ਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ):** ਸਪੀਕਰ ਸਾਹਿਬ, ਕੋਈ ਗੱਲ ਨਹੀਂ, ਪਹਿਲਾਂ ਕੁੰਵਰ ਵਿਜੇ ਪ੍ਰਤਾਪ ਜੀ ਨੂੰ ਸੁਣ ਲਓ।

**ਕੁੰਵਰ ਵਿਜੇ ਪ੍ਰਤਾਪ ਸਿੰਘ (ਅੰਮ੍ਰਿਤਸਰ ਉੱਤਰੀ):** ਸਪੀਕਰ ਸਾਹਿਬ, ਸਾਡੇ ਕਿਸਾਨ ਧਰਨਾ ਦੇ ਰਹੇ ਹਨ। ਇਸ ਤੋਂ ਪਹਿਲਾਂ ਉਹ ਦਿੱਲੀ ਵਿਚ ਗਏ ਸੀ। ਸ਼ੰਭੂ ਬਾਰਡਰ ਤੇ ਉਨ੍ਹਾਂ ਨੂੰ ਰੋਕਿਆ ਗਿਆ ਹੈ। ਮੈਂ ਤੁਹਾਨੂੰ ਬੇਨਤੀ ਕੀਤੀ ਸੀ ਕਿ ਇੱਕ ਦਿਨ ਦੀ ਸਪੈਸ਼ਲ ਸਿਟਿੰਗ ਕਿਸਾਨੀ ਵਾਸਤੇ ਰੱਖੀ ਜਾਵੇ ਅਤੇ ਇੱਕ ਦਿਨ ਬਰਗਾੜੀ ਵਾਸਤੇ ਰੱਖਿਆ ਜਾਵੇ। ਮੈਂ ਛੋਟੀ ਜਿਹੀ ਗੱਲ ਕਰਾਂਗਾ। ਇਲੈਕਸ਼ਨ ਦੇ ਦੌਰਾਨ ਅਸੀਂ ਵਾਅਦਾ ਕੀਤਾ ਸੀ ਕਿ ਅਸੀਂ ਐਮ.ਐਸ.ਪੀ. ਤੇ ਕਾਨੂੰਨ ਬਣਾਵਾਂਗੇ। ਮੈਂ ਇਹੀ ਬੇਨਤੀ ਕਰਾਂਗਾ ਕਿ ਸਰਕਾਰੀ ਤੌਰ ਤੇ ਐਮ.ਐਸ.ਪੀ. ਤੇ ਕਾਨੂੰਨ ਬਣਾਇਆ ਜਾਵੇ। ਮੈਨੂੰ ਨਹੀਂ ਲਗਦਾ ਕਿ ਕੋਈ ਵੀ ਮੈਂਬਰ ਸਾਹਿਬਾਨ ਉਸ ਕਾਨੂੰਨ ਦੀ ਵਿਰੋਧਤਾ ਕਰੇਗਾ। ਗੱਲ ਤਾਂ ਪੈਸੇ ਦੀ ਹੁੰਦੀ ਹੈ। ਕੇਂਦਰ ਦੀ ਸਰਕਾਰ ਅਤੇ ਰਾਜ ਸਰਕਾਰ ਨੂੰ ਆਮ ਜਨਤਾ ਹੀ ਚੁਣਦੀ ਹੈ। ਆਪਸ ਵਿਚ ਬੈਠ ਕੇ ਫੈਸਲਾ ਹੋ ਜਾਵੇਗਾ ਕਿ ਕਿੰਨਾ ਪੈਸਾ ਕੇਂਦਰ ਦੀ ਸਰਕਾਰ ਦੇਵੇਗੀ ਅਤੇ ਕਿੰਨਾ ਪੈਸਾ ਰਾਜ ਸਰਕਾਰ ਦੇਵੇਗੀ। ਸੋ, ਐਮ.ਐਸ.ਪੀ. ਤੇ ਕਾਨੂੰਨ ਬਣਾਉਣਾ ਬਹੁਤ ਲਾਜ਼ਮੀ ਹੈ। ਉਂਝ ਵੀ ਜੇਕਰ ਅਸੀਂ ਸੰਵਿਧਾਨ ਦੀ ਗੱਲ ਕਰੀਏ ਤਾਂ ਖੇਤੀਬਾੜੀ ਦਾ ਵਿਸ਼ਾ ਸਟੇਟ ਲਿਸਟ ਦੇ ਸੱਤਵੇਂ ਸ਼ਡਿਊਲ ਵਿਚ ਆਉਂਦਾ ਹੈ ਅਤੇ ਇਹ ਕਾਨੂੰਨ ਬਣਾਉਣ ਵਾਸਤੇ ਇਹ ਵਿਧਾਨ ਸਭਾ ਸਕਸ਼ਮ ਹੈ। ਸੋ, ਮੇਰੀ ਬੇਨਤੀ ਹੈ ਕਿ ਇਸ ਮੁੱਦੇ ਤੇ ਖਾਸ ਕਰਕੇ ਐਮ.ਐਸ.ਪੀ. ਦੇ ਮੁੱਦੇ ਤੇ ਕਾਨੂੰਨ ਬਣਾਇਆ ਜਾਵੇ।

ਦੂਜਾ, ਸਪੀਕਰ ਸਾਹਿਬ, ਮਿਤੀ 28 ਅਗਸਤ, 2018 ਦਾ ਵਿਧਾਨ ਸਭਾ ਦਾ ਇਹ ਇਕ ਛੋਟਾ ਜਿਹਾ ਕਾਗਜ਼ ਹੈ (ਹੱਥ ਵਿਚ ਇੱਕ ਕਾਗਜ਼ ਲਹਿਰਾਉਂਦੇ ਹੋਏ)। ਤੁਸੀਂ ਦੇਖ ਸਕਦੇ ਹੋ। ਇਹ ਪੰਜਾਬ ਵਿਧਾਨ ਸਭਾ ਦੀ ਵੈਬਸਾਈਟ ਤੇ ਪਿਆ ਹੈ। ਸਪੀਕਰ ਸਾਹਿਬ, ਮਿਤੀ 28 ਅਗਸਤ, 2018 ਨੂੰ ਅੱਜ 6 ਸਾਲ ਹੋ ਗਏ ਹਨ। ਇਸ ਵਿਚ ਇਹੀ ਹੈ ਕਿ ਜੋ ਤਫਤੀਸ਼ ਸੀ.ਬੀ.ਆਈ ਕਰ ਰਹੀ ਹੈ, ਉਸ ਨੂੰ ਵਾਪਸ ਕਰ ਲਿਆ ਜਾਵੇ ਅਤੇ ਇਕ ਐਸ.ਆਈ.ਟੀ. ਦਾ ਗਠਨ ਕਰ ਲਿਆ ਜਾਵੇ। ਇਹ ਉਹੀ ਐਸ.ਆਈ.ਟੀ. ਹੈ, ਜਿਸ ਦਾ ਮੈਂਬਰ ਮੈਨੂੰ ਬਣਾਇਆ ਗਿਆ ਸੀ। ਮਾਣਯੋਗ ਸਪੀਕਰ ਸਾਹਿਬ, 6 ਸਾਲ ਬਾਅਦ ਦੁਬਾਰਾ ਇਸ ਸਦਨ ਵਿਚ ਚਰਚਾ ਨਹੀਂ ਹੋਈ। ਉਸ ਦਿਨ ਸਿਰਫ਼ ਇਸੇ ਮੁੱਦੇ ਤੇ ਚਰਚਾ ਹੋਈ ਸੀ ਅਤੇ ਮਿਤੀ 28 ਅਗਸਤ, 2018 ਦੀ ਕਾਰਵਾਈ ਪੰਜਾਬ ਵਿਧਾਨ ਸਭਾ ਦੀ ਵੈਬਸਾਈਟ ਤੇ ਮੌਜੂਦ ਹੈ। ਅਸੀਂ ਸਾਰੇ ਵੇਖ ਸਕਦੇ ਹਾਂ ਕਿ ਕਿਵੇਂ ਜ਼ੋਰਦਾਰ ਤਰੀਕੇ ਨਾਲ ਇਸ ਮਸਲੇ ਤੇ ਚਰਚਾ ਹੋਈ ਸੀ।

**1155/amandeep kaur/Monika sharma**

ਮਾਣਯੋਗ ਸਪੀਕਰ ਸਾਹਿਬ, ਜੋ ਲੋਕ ਪਹਿਲਾਂ ਇੱਧਰ ਬੈਠਦੇ ਸਨ, ਅੱਜ ਉੱਧਰ ਚਲੇ ਗਏ ਹਨ। ਜੋ ਲੋਕ ਉੱਧਰ (ਆਪੋਜ਼ੀਸ਼ਨ ਦੇ ਬੈਂਚਿੰਜ਼ ਵੱਲ ਇਸ਼ਾਰਾ ਕਰਦੇ ਹੋਏ) ਬੈਠੇ ਸੀ, ਉਹ ਅੱਜ ਇੱਥੇ ਆਉਣ ਦੇ ਕਾਬਲ ਨਹੀਂ ਰਹੇ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਮਸਲਾ ਹੈ। ਇਹ ਗੁਰੂ ਸਾਹਿਬ ਨੇ ਹੀ ਤੈਅ ਕਰਨਾ ਹੈ ਕਿ ਕਿਸ ਨੇ ਇੱਧਰ ਬੈਠਣਾ ਹੈ ਅਤੇ ਕਿਸ ਨੇ ਉੱਧਰ ਬੈਠਣਾ ਹੈ ਅਤੇ ਕਿਸ ਨੇ ਇਸ ਸਦਨ ਦੇ ਵਿੱਚ ਆਉਣ ਜੋਗੇ ਨਹੀਂ ਰਹਿਣਾ ਹੈ। ਤੁਸੀਂ ਸਦਨ ਦੀ ਇਸ ਕਾਰਵਾਈ ਨੂੰ ਇੱਕ ਦਿਨ ਲਈ ਹੋਰ ਵਧਾ ਦਿਓ। ਆਪਾਂ ਵਿਸਥਾਰਪੂਰਵਕ ਇਸ ਤੇ ਚਰਚਾ ਕਰੀਏ। ਮਾਣਯੋਗ ਸਪੀਕਰ ਸਾਹਿਬ, ਜੋ ਬੇਅਦਬੀ ਹੋਈ ਸੀ ਅਤੇ ਪ੍ਰੋਟੈਸਟ ਹੋਇਆ ਸੀ, ਸਾਡੇ ਕੋਲ ਜਿਹੜੀ ਤਫਤੀਸ਼ ਸੀ ਉਹ ਪ੍ਰੋਟੈਸਟ ਦੀ ਸੀ, ਗੋਲੀਬਾਰੀ ਦੀ ਸੀ ਬਹਿਬਲਕਲਾਂ ਅਤੇ ਕੋਟਕਪੂਰਾ। ਸਪੀਕਰ ਸਾਹਿਬ, ਪ੍ਰੋਟੈਸਟ ਦਾ ਕਾਰਨ ਕੀ ਸੀ, ਜੇਕਰ ਅਸੀਂ ਆਨ ਰਿਕਾਰਡ ਗੱਲ ਕਰੀਏ ਸਰਦਾਰ ਤਰਲੋਚਨ ਸਿੰਘ ਜੀ, ਜਿਹੜੇ ਰਾਜ ਸਭਾ ਦੇ ਮੈਂਬਰ ਸਨ, ਉਹ ਗਵਾਹ ਬਣੇ ਸੀ। ਮੈਨੂੰ ਉਨ੍ਹਾਂ ਨੇ ਬਿਆਨ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਕੋਈ ਵੀ ਜੋ ਪਾਰਡਨ ਦਾ ਕਾਗਜ਼ ਸੀ, ਜੋ ਮੁਆਫੀਨਾਮਾ ਸੀ, ਉਦੋਂ ਨਹੀਂ ਦਿੱਤਾ ਗਿਆ। 24 ਸਤੰਬਰ, 2015 ਨੂੰ ਮੁਆਫੀ ਦਿੱਤੀ ਗਈ ਸੀ। ਉਨ੍ਹਾਂ ਨੇ ਕਿਹਾ ਕਿ ਇਹ ਮੁਆਫੀਨਾਮਾ ਸਾਲ 2007 ਦੇ ਵਿੱਚ ਸਵਾਮੀ ਅਗਨੀਵੇਸ਼ ਜੀ ਨੇ ਦਿੱਲੀ ਦੇ ਪੰਜਾਬ ਭਵਨ ਦੇ ਵਿੱਚ ਬਹਿ ਕੇ ਸਾਰਿਆਂ ਨੇ ਡਰਾਫਟ ਕੀਤਾ ਸੀ ਔਰ ਉਹ ਸਾਲ 2007 ਦੇ ਵਿੱਚ ਲੈ ਕੇ ਗਏ ਸੀ, ਉਸੇ ਮੁਆਫੀਨਾਮੇ ਦੇ ਉੱਤੇ 2015 ਦੇ ਵਿੱਚ ਮੁਆਫੀ ਦਿੱਤੀ ਗਈ ਸੀ।

ਮਾਣਯੋਗ ਸਪੀਕਰ ਸਾਹਿਬ, ਇੱਕ ਵਿਕਅਤੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਹਰ ਪਾਸੇ ਉਸ ਮੁੱਦੇ ਦੇ ਉੱਤੇ ਚਰਚਾ ਹੋ ਰਹੀ ਹੈ। ਤਨਖਾਹੀਆ ਕਿਉਂ ਕਰਾਰ ਦਿੱਤਾ ਗਿਆ? ਉਸ ਵਿਅਕਤੀ ਦਾ ਦੋਸ਼ ਹੈ ਬੇਅਦਬੀ ਕਰਵਾਉਣ ਦੇ ਵਿੱਚ ਅਤੇ ਜਦੋਂ ਬੇਅਦਬੀ ਹੋ ਗਈ ਤਾਂ ਇਨਵੈਸਟੀਗੇਸ਼ਨ ਤਾਂ ਹੋ ਸਕਦਾ ਸੀ। ਇਨਵੈਸਟੀਗੇਸ਼ਨ ਕੀ ਕਰਵਾਉਣਗੇ , ਉਨ੍ਹਾਂ ਨੇ ਸ਼ਾਂਤੀਪੂਰਵਕ, ਇਹ ਤੁਹਾਡੇ ਹਲਕੇ ਦੀ ਗੱਲ ਹੈ ਕੋਟਕਪੂਰਾ ਦੇ ਵਿੱਚ ਅਤੇ ਨਾਲ ਹੀ ਬਹਿਬਲਕਲਾਂ ਦੇ ਵਿੱਚ ਗੋਲੀ ਚਲਵਾਈ। ਹਜ਼ਾਰਾਂ ਦੀ ਸੰਖਿਆਂ ਦੇ ਵਿੱਚ ਲੋਕ ਇਨਜਰਡ ਹੋਏ। 2 ਵਿਅਕਤੀ ਸ਼ਹੀਦ ਹੋ ਗਏ। ਮਾਣਯੋਗ ਸਪੀਕਰ ਸਾਹਿਬ, ਜੋ ਮੁਆਫੀਨਾਮਾ ਦਿੱਤਾ ਗਿਆ ਸੀ, ਐਸ.ਜੀ.ਪੀ.ਸੀ ਦੇ ਖਾਤੇ ਵਿੱਚੋਂ ਕਰੋੜ ਰੁਪਏ ਤੋਂ ਵੱਧ ਪੈਸਾ ਲਗਾ ਕੇ ਉਸ ਦੀ ਐਡਵਰਟਾਈਜ਼ਮੈਂਟ ਕੀਤੀ ਗਈ ਸੀ ਕਿ ਅਸੀਂ ਬਹੁਤ ਵਧੀਆ ਕੀਤਾ, ਬਹੁਤ ਵਧੀਆ ਕੀਤਾ। ਅਸੀਂ ਕਹਿੰਦੇ ਹਾਂ ਕਿ ਪੰਜਾਬ ਪੂਰੇ ਹਿੰਦੋਸਤਾਨ ਦੇ ਵਿੱਚੋਂ ਇੱਕ ਸਿੱਖ ਬਹੁਮਤ ਵਾਲੀ ਸਟੇਟ ਹੈ। ਸ਼੍ਰੋਮਣੀ ਕਮੇਟੀ ਮੁਆਫੀਨਾਮੇ ਦੇ ਉੱਤੇ ਐਡਵਰਟਾਈਜ਼ਮੈਂਟ ਕਰ ਰਹੀ ਹੈ। ਇਹ ਦੇਖੋ, ਉਹ ਸਰਕਾਰ ਕਰਵਾ ਰਹੀ ਹੈ। ਜਿਸ ਸਰਕਾਰ ਦੇ ਉੱਤੇ, ਜਿਸ ਸਰਦਾਰ ਦੇ ਹੱਥ ਦੇ ਵਿੱਚ ਐਸ.ਜੀ.ਪੀ.ਸੀ ਦੀ ਵਾਗਡੋਰ ਸੀ। ਮਾਣਯੋਗ ਸਪੀਕਰ ਸਾਹਿਬ, ਉਹ ਮੁਆਫੀ ਮੰਗ ਰਹੇ ਹਨ। ਬਠਿੰਡਾ ਸਿਟੀ ਦਾ ਸਾਲ 2007 ਦੇ ਵਿੱਚ 262 ਨੰ ਮੁਕੱਦਮਾ ਹੈ, ਜੋ ਸਵਾਂਗ ਰਚਣ ਦਾ ਕੇਸ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਿਆ ਗਿਆ ਸੀ। 30 ਜਨਵਰੀ, 2012 ਨੂੰ ਜਨਰਲ ਇਲੈਕਸ਼ਨ ਸੀ ਅਤੇ 5 ਦਿਨ ਪਹਿਲਾਂ ਉਹ ਮੁਕੱਦਮਾ ਕੈਂਸਲ ਕਰਵਾਇਆ ਜਾ ਰਿਹਾ ਹੈ। ਮਾਣਯੋਗ ਸਪੀਕਰ ਸਾਹਿਬ, ਅਫਸਰ ਸਾਹਿਬਾਨ ਵੀ ਬੈਠੇ ਹਨ ਅਤੇ ਇਸ ਸਦਨ ਦੇ ਵਿੱਚ ਪੱਤਰਕਾਰ ਸਾਹਿਬਾਨ ਵੀ ਬੈਠੇ ਹਨ। ਜਦੋਂ ਮਾਣਯੋਗ ਗਵਰਨਰ ਸਾਹਿਬ ਵੱਲੋਂ 196 ਸੀ.ਆਰ.ਪੀ.ਸੀ ਦੇ ਤਹਿਤ ਸੈਂਕਸ਼ਨ ਦੇ ਦਿੱਤਾ ਜਾਂਦਾ ਹੈ, ਉਸ ਤੋਂ ਬਾਅਦ ਕੀ ਇੱਕ ਥਾਣੇਦਾਰ ਦੀ ਹਿੰਮਤ ਹੈ ਕਿ ਉਹ ਮੁਕੱਦਮਾ ਕੈਂਸਲ ਕਰ ਦੇਵੇ। ਤਫਤੀਸ਼ ਮੇਰੇ ਵੱਲੋਂ

ਕੀਤੀ ਗਈ ਸੀ। ਉਸ ਕੇਸ ਨੂੰ ਖਾਰਜ ਕਰਵਾਉਣ ਦਾ ਕਾਰਨ ਕੀ ਸੀ? ਕੈਪਟਨ ਸਾਹਿਬ ਇਸ ਹਾਊਸ ਵਿੱਚ ਬੈਠਣ ਦੇ ਕਾਬਿਲ ਨਹੀਂ ਰਹੇ। ਦੂਸਰਾ ਇਨ੍ਹਾਂ ਦੀ ਸਾਂਝ ਹੋ ਗਈ ਸੀ। ਅੱਜ ਹੀ ਮੈਂ ਬੋਲਦਾ ਹਾਂ ਕਿ ਜੋ ਰਿਪੋਰਟ ਖਾਰਜ ਹੋਈ ਹੈ, ਤਾਂ ਉਹ ਕਿਸੇ ਵੀ ਕੋਰਟ ਦੀ ਕਾਰਵਾਈ ਦਾ ਹਿੱਸਾ ਨਹੀਂ ਰਿਹਾ। ਇਸ ਸਦਨ ਦੇ ਵਿੱਚ ਤੁਸੀਂ ਉਸ ਰਿਪੋਰਟ ਨੂੰ ਮੰਗਵਾਓ। ਪੁਲਿਸ ਹੈੱਡਕੁਆਟਰ ਦੇ ਵਿੱਚ ਰਿਪੋਰਟ ਮੌਜੂਦ ਹੈ। ਅਦਾਲਤ ਦੇ ਵਿੱਚ ਵੀ ਮੌਜੂਦ ਹੈ ਲੇਕਿਨ ਹੁਣ ਉਹ ਰਿਕਾਰਡ ਰੂਮ ਦੇ ਵਿੱਚ ਹੈ। ਪੈਰਾਵਾਈਜ਼ ਅਸੀਂ ਚਰਚਾ ਕਰਦੇ ਹਾਂ, ਸਾਰਾ ਭੇਦ ਖੁੱਲ ਜਾਏਗਾ। ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਜਾਏਗਾ ਕਿ ਕੌਣ ਕਿਸ ਪਾਸੇ ਹੈ ਅਤੇ ਕਿਸ ਦੀ ਕੀ ਕਰਤੂਤ ਹੈ। 262 ਨੰ. ਮੁਕੱਦਮਾ ਹੈ। ਸਪੀਕਰ ਸਾਹਿਬ, ਤੁਸੀਂ ਵੱਖਰੇ ਤੌਰ ਤੇ ਇਨਕੁਆਰੀ ਕਿ ਕਿੰਨਾਂ ਹਾਲਾਤਾਂ ਦੇ ਵਿੱਚ ਉਸ ਮੁਕੱਦਮੇ ਨੂੰ ਕੈਂਸਲ ਕੀਤਾ ਗਿਆ ਸੀ। ਛੋਟੀ ਜਿਹੀ ਗੱਲ ਹੈ ਜੀ। ਐਮ.ਐਸ.ਜੀ. 2 ਇੱਕ ਮੂਵੀ ਸੀ ਜੋ 25 ਸਤੰਬਰ, 2015 ਨੂੰ ਰੀਲੀਜ਼ ਕਰਵਾਈ ਗਈ ਸੀ ਅਤੇ 7 ਦਿਨਾਂ ਬਾਅਦ ਅਕਸ਼ੈ ਕੁਮਾਰ ਵਾਲੀ ਸਿੰਗ ਇਜ਼ ਬਲਿੰਗ ਰਿਲੀਜ਼ ਹੋ ਰਹੀ ਸੀ।

**1200/Tarlochan Singh/Shubham jain**

ਇਸ ਫਿਲਮ ਤੇ ਸਿੱਖ ਸੰਗਤ ਨੇ ਵਿਰੋਧਤਾ ਜ਼ਾਹਰ ਕੀਤੀ ਸੀ। ਤੁਸੀਂ ਦੇਖੋ ਕਿ ਕਿਨ੍ਹਾਂ ਹਾਲਾਤਾਂ ਵਿੱਚ, ਪੁਲਿਸ ਪ੍ਰੋਟੈਕਸ਼ਨ ਵਿੱਚ ਇਨ੍ਹਾਂ ਦੋਵਾਂ ਫਿਲਮਾਂ ਨੂੰ ਰਿਲੀਜ਼ ਕਰਵਾਇਆ ਗਿਆ। ਜਦੋਂ ਪ੍ਰੋਟੈਸਟ ਹੋਇਆ ਅਤੇ ਗੋਲੀਬਾਰੀ ਹੋਈ, ਉਸ ਤੋਂ ਇਮੀਜਿਏਟ ਪਹਿਲਾਂ ਇਹ ਸਭ ਕੁਝ ਹੋਇਆ ਸੀ। ਇਹੀ ਕਾਰਨ ਸੀ ਕਿ ਪ੍ਰੋਟੈਸਟ ਹੋਇਆ ਸੀ। ਪ੍ਰੋਟੈਸਟ ਦੇ ਮੇਨ ਕਾਰਨ ਸਨ, ਪਹਿਲਾ ਮੁਆਫੀਨਾਮਾ, ਦੂਜਾ ਐਮ.ਐਸ.ਜੀ.-2 ਅਤੇ ਸਿੰਗ ਇਜ਼ ਬਲਿੰਗ ਫਿਲਮਾਂ ਦਾ ਰਿਲੀਜ਼ ਹੋਣਾ। ਮੈਂ ਪ੍ਰੋਟੈਸਟ ਦੇ ਕਾਰਨ ਦੁਬਾਰਾ ਬੋਲ ਦਿੰਦਾ ਹਾਂ। ਪਹਿਲਾ ਬੇਅਦਬੀ ਹੋਣਾ, ਦੂਜਾ ਸਿੰਘ ਇਜ਼ ਬਲਿੰਗ ਅਤੇ ਐਮ.ਐਸ.ਜੀ.-2 ਦਾ ਰਿਲੀਜ਼ ਹੋਣਾ, ਜੋ ਕਿ ਸਿੱਖ ਸੰਗਤ ਦੀਆਂ ਭਾਵਨਾਵਾਂ ਦੇ ਖਿਲਾਫ ਹੋਇਆ ਅਤੇ ਤੀਜਾ ਕਾਰਨ ਮੁਆਫੀਨਾਮਾ ਹੈ।

**ਮਾਣਯੋਗ ਸਪੀਕਰ** : ਟਾਈਮ ਹੋ ਗਿਆ ਹੈ ਜੀ।

**ਕੁੰਵਰ ਵਿਜੇ ਪ੍ਰਤਾਪ ਸਿੰਘ** : ਸਰ, ਬੱਸ ਇੱਕ ਸੈਕਿੰਡ ਲਵਾਂਗਾ ਜੀ। ਐਸ.ਆਈ.ਟੀ. ਦੀ ਗੱਲ ਹੁੰਦੀ ਹੈ। ਇਹ 5 ਮੈਂਬਰੀ ਕਮੇਟੀ ਸੀ। ਬਾਜਵਾ ਸਾਹਿਬ ਨੇ ਵੀ ਕੱਲ੍ਹ ਇੱਕ ਅਫ਼ਸਰ ਦੀ ਤਾਰੀਫ ਕੀਤੀ ਸੀ। ਸਰ, ਉਹ ਅਫ਼ਸਰ ਕੋਈ ਤਫਤੀਸ਼ ਨਹੀਂ ਕਰਵਾ ਸਕਿਆ। ਇਹ ਗੱਲ ਆਨ ਰਿਕਾਰਡ ਹੈ। ਤੁਸੀਂ ਪੂਰੀ ਐਸ.ਆਈ.ਟੀ. ਦੀ ਕਾਰਵਾਈ ਮੰਗਵਾ ਲਉ। ਕੇਸ ਡਾਇਰੀ ਲਿਖੀ ਜਾਂਦੀ ਹੈ, ਜਿਸ ਨੂੰ ਪੰਜਾਬ ਵਿੱਚ ਜ਼ਿਮਨੀ ਬੋਲਿਆ ਜਾਂਦਾ ਹੈ। ਉਹ ਕੇਸ ਡਾਇਰੀ ਹੀ ਤਫਤੀਸ਼ ਦਾ ਹਿੱਸਾ ਬਣਦੀ ਹੈ। ਕੀ ਪ੍ਰਬੋਧ ਕੁਮਾਰ ਜੀ ਨੇ ਇੱਕ ਵੀ ਕੇਸ ਡਾਇਰੀ ਲਿਖੀ ਹੈ? ਆਪਣੇ ਆਪ ਨੂੰ ਬੋਲਦੇ ਸੀ ਕਿ ਮੈਂ ਤਾਂ ਸਿੱਟ ਦਾ ਮੁੱਖੀ ਹਾਂ ਪਰ ਐਸਾ ਕੋਈ ਆਰਡਰ ਹੀ ਨਹੀਂ ਹੈ। ਜੇਕਰ ਅਜਿਹਾ ਕੋਈ ਆਰਡਰ ਹੋਵੇ ਤਾਂ ਲਿਆ ਕੇ ਸਦਨ ਵਿੱਚ ਦਿਖਾ ਦੇਵੇ। ਉਸ ਵਿਅਕਤੀ ਨੇ, ਉਸ ਅਫ਼ਸਰ ਨੇ ਇੱਕ ਵੀ ਕੇਸ ਡਾਇਰੀ ਨਹੀਂ ਲਿਖੀ ਹੈ, ਜੇਕਰ ਲਿਖੀ ਹੈ ਤਾਂ ਇੱਥੇ ਲਿਆ ਕੇ ਰੱਖ ਦੇਵੇ। ਦੂਜੇ ਅਫ਼ਸਰ ਅਰੁਣ ਪਾਲ ਸਿੰਘ, ਉਨ੍ਹਾਂ ਨੇ ਵੀ ਜੇਕਰ ਕੋਈ ਕੇਸ ਡਾਇਰੀ, ਇੱਕ ਵੀ ਜ਼ਿਮਨੀ ਲਿਖੀ ਹੋਵੇ ਤਾਂ ਇਸ ਹਾਊਸ ਵਿੱਚ ਲਿਆ ਕੇ ਦਿਖਾ ਦਿੱਤੀ ਜਾਵੇ। ਨੰਬਰ 3 ਤੇ ਮੈਂ ਸੀ, ਕੁੰਵਰ ਵਿਜੇ ਪ੍ਰਤਾਪ ਸਿੰਘ। ਮੈਂ ਕੇਸ ਡਾਇਰੀ ਲਿਖਣ ਦੀ ਜੁਰਅਤ ਕੀਤੀ। ਸਰ, ਮੈਂ ਕੇਸ ਡਾਇਰੀ ਲਿਖੀ ਤਾਂ ਕਿਹਾ

ਗਿਆ ਕਿ ਮੈਂ ਦੋ ਅਫ਼ਸਰਾਂ ਨੂੰ ਬਾਈਪਾਸ ਕੀਤਾ ਹੈ। ਵੈਸੇ ਕੇਸ ਡਾਇਰੀ ਉਨ੍ਹਾਂ ਲੋਕਾਂ ਨੂੰ ਲਿਖਣੀ ਚਾਹੀਦੀ ਸੀ। ਜੇਕਰ ਮੈਂ ਵੀ ਛੱਡ ਦਿੰਦਾ ਤਾਂ ਕੇਸ ਡਾਇਰੀ ਕੌਣ ਲਿਖਦਾ, ਤਫਤੀਸ਼ ਕੌਣ ਕਰਦਾ, ਕਿਸ ਤਰੀਕੇ ਨਾਲ ਤਫਤੀਸ਼ ਹੁੰਦੀ? ਇਸ ਚੀਜ਼ ਦੀ ਵੀ ਇਨਕੁਆਰੀ ਕਰਵਾਉ। ਤੁਹਾਡੀ ਚੇਅਰ ਵਿੱਚ ਬਹੁਤ ਪਾਵਰ ਹੈ। ਇਨਕੁਆਰੀ ਕਰਵਾਉ ਕਿ ਪ੍ਰਬੋਧ ਕੁਮਾਰ ਅਤੇ ਅਰੁਣ ਪਾਲ ਨੇ ਇੱਕ ਵੀ ਕੇਸ ਡਾਇਰੀ ਕਿਉਂ ਨਹੀਂ ਲਿਖੀ? ਕਿਨ੍ਹਾਂ ਹਾਲਾਤਾਂ ਵਿੱਚ ਨਹੀਂ ਲਿਖੀ ਅਤੇ ਕਿਸ ਨੂੰ ਬਚਾਉਣ ਵਾਸਤੇ ਨਹੀਂ ਲਿਖੀ?

ਐਸ.ਆਈ.ਟੀ. ਉਸ ਤੋਂ ਬਾਅਦ ਬਣੀ ਜਦੋਂ ਮੈਂ ਨੌਕਰੀ ਛੱਡ ਦਿੱਤੀ। ਇੱਕ ਐਸ.ਆਈ.ਟੀ. ਕੈਪਟਨ ਸਾਹਿਬ ਵੱਲੋਂ ਪਹਿਲਾ ਬਣੀ ਹੋਈ ਸੀ ਅਤੇ ਮੇਰੇ ਨੌਕਰੀ ਛੱਡਣ ਤੋਂ ਬਾਅਦ ਦੋ ਐਸ.ਆਈ.ਟੀ. ਬਣਾਈਆਂ ਗਈਆਂ। ਇੱਕ ਐਸ.ਆਈ.ਟੀ. ਕੋਟਕਪੂਰਾ ਵਾਲੀ, ਉਨ੍ਹਾਂ ਨੇ ਕੇਸ ਨੂੰ ਰਫਾ ਦਫਾ ਕਰ ਦਿੱਤਾ ਸੀ। ਦੂਸਰੀ ਐਸ.ਆਈ.ਟੀ. ਬਹਿਬਲ ਕਲਾਂ ਵਾਲੀ ਬਣੀ ਸੀ। ਇਹ ਕੇਸ ਫਰੀਦਕੋਟ ਦੀ ਜ਼ਿਲ੍ਹਾ ਅਦਾਲਤ ਤੋਂ ਟਰਾਂਸਫਰ ਹੋ ਕੇ ਜ਼ਿਲ੍ਹਾ ਅਦਾਲਤ, ਚੰਡੀਗੜ੍ਹ ਆ ਗਿਆ ਸੀ। ਅਸੀਂ ਹਰ ਅਦਾਲਤ ਦੀ ਪ੍ਰੈਸਟੀਜ, ਹਰ ਅਦਾਲਤ ਦੀ ਮਾਣ-ਮਰਿਆਦਾ ਤੇ ਮਾਣ ਕਰਦੇ ਹਾਂ। ਪਰ ਤੁਸੀਂ ਦੇਖੋ ਕਿ ਜੋ ਗਵਾਹ ਆਪਣੇ ਪਿੰਡ ਤੋਂ ਚੱਲ ਕੇ ਫਰੀਦਕੋਟ ਜ਼ਿਲ੍ਹਾ ਅਦਾਲਤ ਨਹੀਂ ਆ ਸਕਦੇ ਸਨ, ਕੀ ਉਹ ਗਵਾਹ ਚੰਡੀਗੜ੍ਹ ਵਿੱਚ ਗਵਾਹੀ ਦੇਣ ਵਾਸਤੇ ਆਉਣਗੇ? ਅਸੀਂ ਪਿੰਡਾਂ ਵਿੱਚ ਜਾ ਕੇ ਬਿਆਨ ਲਿਖਦੇ ਸੀ। ਇਹ 2015 ਦਾ ਮਸਲਾ ਹੈ ਅਤੇ ਹੁਣ 2024 ਹੋ ਗਿਆ ਹੈ। ਹੋ ਸਕਦਾ ਹੈ ਕਿ 2025 ਵਿੱਚ ਚਾਰਜਿਜ਼ ਫਰੇਮ ਹੋ ਜਾਣ ਤੇ ਕੋਰਟ ਵਿੱਚ ਇਸ ਦੀ ਕਾਰਵਾਈ ਸ਼ੁਰੂ ਹੋ ਜਾਵੇ। 10 ਸਾਲ ਬਾਅਦ ਪਹਿਲਾਂ ਤਾਂ ਇਹ ਦੇਖਣਾ ਬਣਦਾ ਹੈ ਕਿ ਕਿੰਨੇ ਗਵਾਹ ਜ਼ਿੰਦਾ ਹਨ, ਕਿੰਨੇ ਗਵਾਹ ਇਸ ਮੁਲਕ ਵਿੱਚ ਮੌਜੂਦ ਹਨ। ਕਈ ਤਾਂ ਬਾਹਰ ਚਲੇ ਗਏ ਹਨ। ਦੋਸ਼ੀ ਬਹੁਤ ਤਾਕਤਵਰ ਹਨ, ਦੋਸ਼ੀਆਂ ਨੇ ਪੈਸੇ ਦਿੱਤੇ ਅਤੇ ਕਈ ਗਵਾਹਾਂ ਨੂੰ ਬਾਹਰ ਭੇਜ ਦਿੱਤਾ ਗਿਆ। ਇਸ ਕੇਸ ਵਿੱਚ ਇੱਕ ਦਿਨ ਇਹ ਹੋਣਾ ਹੈ, 20 ਸਾਲ ਬਾਅਦ ਜਾਂ 25 ਸਾਲ ਬਾਅਦ ਕਿ ਫਲਾਣੇ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਗਿਆ। ਲੇਕਿਨ ਇੱਕ ਅਦਾਲਤ ਉਪਰ ਵੀ ਹੈ, ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ। ਉਸ ਅਦਾਲਤ ਤੋਂ ਬਰੀ ਹੋਣਾ ਬਹੁਤ ਮੁਸ਼ਕਲ ਦਾ ਕੰਮ ਹੈ ਔਰ ਉਥੇ ਰੋਜ਼ਾਨਾ ਤੌਰ ਤੇ ਸੁਣਵਾਈ ਚੱਲ ਰਹੀ ਹੈ।

ਇੱਕ ਹੋਰ ਬਹੁਤ ਇੰਪਾਰਟੈਂਟ ਗੱਲ ਹੈ, ਸਰ। ਮੈਂ ਰਿਜ਼ਾਇਨ ਕਰ ਦਿੱਤਾ ਸੀ। ਮੀਡੀਆ ਨੂੰ ਇਸ ਚੀਜ਼ ਤੋਂ ਰੋਕ ਦਿੱਤਾ ਗਿਆ, ਮੀਡੀਆ ਨੂੰ ਕਾਬੂ ਕੀਤਾ ਗਿਆ। ਅੱਜ ਇੱਥੇ ਮੇਰੇ ਮੀਡੀਆ ਦੇ ਭਰਾ ਵੀ ਬੈਠੇ ਹਨ। ਪ੍ਰਸ਼ਾਂਤ ਕਿਸ਼ੋਰ ਕਾਂਗਰਸ ਪਾਰਟੀ ਨਾਲ 1 ਮਾਰਚ 2021 ਨੂੰ ਆਏ ਸਨ ਜਾਂ ਕਹੋ ਕਿ ਕੈਪਟਨ ਅਮਰਿੰਦਰ ਸਿੰਘ ਦਾ ਚੀਫ ਐਡਵਾਈਜ਼ਰ ਬਣ ਕੇ ਆਏ ਸਨ। 2017 ਵਿੱਚ ਕੌਫੀ ਵਿਦ ਕੈਪਟਨ ਵਿੱਚ ਆਏ ਸਨ। ਕੈਪਟਨ ਸਾਹਿਬ ਨੇ ਗੁਟਕਾ ਸਾਹਿਬ ਤੇ ਹੱਥ ਰੱਖ ਕੇ ਕਿਹਾ ਸੀ ਕਿ ਇਨਸਾਫ ਦਿਵਾਵਾਂਗੇ ਲੇਕਿਨ 5 ਅਗਸਤ, 2021 ਨੂੰ ਰਿਜ਼ਾਇਨ ਕਰਕੇ ਚਲੇ ਗਏ। ਕਿਨ੍ਹਾਂ ਹਾਲਾਤਾਂ ਵਿੱਚ ਰਿਜ਼ਾਂਇਨ ਕਰਕੇ ਗਏ, ਮੀਡੀਆ ਵਿੱਚ ਇਹ ਗੱਲ ਨਹੀਂ ਆਈ। ਇਹ ਤਾਂ ਆ ਗਿਆ ਕਿ ਚਲੇ ਗਏ ਲੇਕਿਨ ਕਿਸੇ ਨੇ ਇਸ ਗੱਲ ਦਾ ਐਨਾਲਿਸਸ ਨਹੀਂ ਕੀਤਾ ਕਿ ਕਿਉਂ ਚਲੇ ਗਏ?

**1205/mehak/Shubham jain**

ਅੱਜ ਇੰਡੀਆ ਦੇ ਸਭ ਤੋਂ ਵੱਡੇ ਚੋਣ ਰਣਨੀਤੀਕਾਰ ਇਲੈਕਸ਼ਨ ਸਟ੍ਰੈਟੇਜਿਸਟ ਪ੍ਰਸ਼ਾਂਤ ਕਿਸ਼ੋਰ ਜੀ ਰਿਜ਼ਾਇਨ ਕਰਕੇ ਕਿਉਂ ਚਲੇ ਗਏ। ਇਸ ਦੇ ਉਤੇ ਵੀ ਪੰਜਾਬ ਵਿੱਚ ਚਰਚਾ ਹੋਣੀ ਲਾਜ਼ਮੀ ਹੈ ਔਰ ਖਾਸ ਕਰਕੇ ਤੁਸੀਂ ਦੇਖੋ ਕਿ ਜੋ ਸ਼ਹੀਦਾਂ ਦੀ ਧਰਤੀ ਹੈ, ਉੱਥੇ ਸਿਰਫ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਹੋ ਰਿਹਾ ਹੈ। ਕੋਈ ਇੱਕ ਇਲੈਕਸ਼ਨ ਜਿੱਤ ਗਏ, ਦੋ ਇਲੈਕਸ਼ਨ ਜਿੱਤ ਗਏ। ਲੇਕਿਨ ਇਸ ਮੁਲਕ ਪੰਜਾਬ ਨੂੰ ਬਰਬਾਦ ਕੀਤਾ ਜਾ ਰਿਹਾ ਹੈ। 18 ਸਤੰਬਰ, 2021 ਨੂੰ ਕੈਪਟਨ ਸਾਹਿਬ ਨੂੰ ਵੀ ਜਾਣਾ ਪੈ ਗਿਆ ਸੀ। ਲਿਸਟ ਲੰਬੀ ਹੈ। ਸਦਨ ਵਿੱਚ ਸ਼ੇਅਰੋ-ਸ਼ਾਇਰੀ ਬਹੁਤ ਹੁੰਦੀ ਹੈ। ਦੋ ਲਾਈਨਾਂ ਮੇਰੇ ਵੱਲੋਂ ਵੀ ਸੁਣ ਲਓ। ਮੈਨੂੰ ਲੱਗਦਾ ਹੈ ਕਿ ਤੁਸੀਂ ਪਸੰਦ ਕਰੋਗੇ। ਇਹ ਸ਼ੇਅਰੋ ਸ਼ਾਇਰੀ ਨਹੀਂ ਹੈ-

यह देश देश नहीं होता, अगर पिता दशमेश नहीं होता

ज़ोरावर ज़ोर से बोला, फतहि सिंह ज़ोर से बोला

रखो ईंटें भरो गारे, चुनो दीवार  हत्यारे

यह दीवार बोलेगी हज़ारों साल बोलेगी

निकलती सांस बोलेगी, बारम्बार बोलेगी

हमारे देश की जय हो, हमारे धर्म की जय हो

पिता दशमेश की जय हो, श्री गुरू ग्रंथ की जय हो। (ਥੰਪਿੰਗ)

**ਮਾਣਯੋਗ ਸਪੀਕਰ**: ਗੁਰੂ ਸਾਹਿਬ ਫਰਮਾਉਂਦੇ ਹਨ ਕਿ "ਮਾਣਸਾ ਕਿਅਹੁ ਦੀਬਾਣਹੁ ਕੋਈ ਨਸਿ ਭਜਿ ਨਿਕਲੈ ਹਰਿ ਦੀਬਾਣਹੁ ਕੋਈ ਕਿਥੈ ਜਾਇਆ॥" ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਪ੍ਰਕਾਸ਼ ਦਿਹਾੜਾ ਵੀ ਹੈ, ਆਪ ਸਭ ਨੂੰ ਬਹੁਤ ਵਧਾਈ। ਅਗਲੀ ਆਈਟਮ, ਧਿਆਨ ਦਿਵਾਊ ਨੋਟਿਸ ।

---------------

## CALLING ATTENTION NOTICES UNDER RULE 66

**(ਕ੍ਰਮ ਨੰ: 30)**

**ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ:** ਸ੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਣਾ ਚਾਹੁੰਦਾ ਹਾਂ ਜਿਸ ਦਾ ਸਿੱਧਾ ਸਿੱਧਾ ਵਾਸਤਾ ਪੰਜਾਬ ਦੀ ਕਿਸਾਨੀ ਦੇ ਹਿੱਤਾਂ ਨਾਲ ਜੁੜਿਆ ਹੋਇਆ ਹੈ। ਇਹ ਮਾਮਲਾ ਭਾਰਤ ਸਰਕਾਰ ਵੱਲੋਂ ਪੰਜਾਬ ਨੂੰ ਦਿੱਤੇ ਜਾ ਰਹੇ ਇੱਕ ਬਹੁਤ ਹੀ ਵਧੀਆ ਪ੍ਰੋਜੈਕਟ ਜਿਸ ਦਾ ਨਾਮ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ ਹਾਰਟੀਕਲਚਰ ਰਿਸਰਚ ਅਤੇ ਐਜੂਕੇਸ਼ਨ ਹੈ ਜੋ ਕਿ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸਥਾਪਿਤ ਕੀਤਾ ਜਾ ਰਿਹਾ ਸੀ।

ਬੜੀ ਹੈਰਾਨੀ ਦੀ ਗੱਲ ਹੈ ਕਿ ਇਹ ਪ੍ਰੋਜੈਕਟ ਤਕਰੀਬਨ 99 ਪ੍ਰਤੀਸ਼ਤ ਕੰਪਲੀਸ਼ਨ ਸਟੇਜ ਤੇ ਸੀ, ਸੈਂਟਰ ਸਰਕਾਰ ਵੱਲੋਂ ਇਸ ਇੰਸਟੀਚਿਊਟ ਨੂੰ ਸਥਾਪਿਤ ਕਰਨ ਵਾਲੀ ਏਜੰਸੀ ਇੰਡੀਅਨ ਕਾਊਂਸਿਲ ਆਫ ਐਗਰੀਕਲਚਰ ਰਿਸਰਚ ਨੂੰ ਪੰਜਾਬ ਸਰਕਾਰ ਵੱਲੋਂ 150 ਕਿੱਲੇ ਦੀ ਮਲਕੀਅਤ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ ਜਿਸ ਵਿੱਚੋਂ 100 ਕਿੱਲੇ ਬਾਗਬਾਨੀ ਵਿਭਾਗ ਵੱਲੋਂ ਦਿੱਤੇ ਗਏ ਅਤੇ 50 ਕਿੱਲੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵੱਲੋਂ ਦਿੱਤੇ ਗਏ। ਇਸ ਇੰਸਟੀਚਿਊਟ ਲਈ ਕੇਵਲ 30 ਕਿੱਲੇ ਜ਼ਮੀਨ ਜੋ ਅੰਮ੍ਰਿਤਸਰ ਦੇ ਨਜ਼ਦੀਕ ਕਾਲਜ ਇੰਸਟੀਚਿਊਟ ਦੇ ਅਕੈਡਮਿਕ ਕੈਂਪਸ ਅਤੇ ਪ੍ਰਬੰਧਕੀ ਬਲਾਕ ਲਈ ਨੈਸ਼ਨਲ ਹਾਈਵੇ ਤੇ ਚੌੜੇ ਮੱਥੇ ਵਾਲੀ ਜ਼ਮੀਨ ਦੀ ਜ਼ਰੂਰਤ ਸੀ ਨੂੰ ਵੀ ਐਕੁਆਇਰ ਤਕਰੀਬਨ ਕਰ ਹੀ ਲਿਆ ਗਿਆ ਸੀ, ਸਿਰਫ ਇੱਕ ਫਾਈਨਲ ਅਵਾਰਡ ਹੋਣਾ ਬਾਕੀ ਸੀ ਪਰ ਇੱਕ ਦਿਨ ਅਚਾਨਕ ਇਸ ਪ੍ਰੋਜੈਕਟ ਤੇ ਆਈ.ਸੀ.ਏ.ਆਰ. ਦਿੱਲੀ ਵਿੱਚ ਇੱਕ ਗੁੰਮਨਾਮ ਮਨਘੜਤ ਪੰਜਾਬ ਸਿੰਘ ਗੁੰਮਟਾਲਾ ਤੇ ਸ਼ਿਕਾਇਤ ਦਰਜ ਹੋਈ ਜਿਸ ਦੇ ਆਧਾਰ ਤੇ ਰੋਕ ਲਗਾ ਦਿੱਤੀ ਗਈ ਕਿ ਇਸ ਜ਼ਮੀਨ ਦੀ ਖਰੀਦ ਜ਼ਮੀਨ ਦੇ ਮਾਲਿਕ ਦੁਆਰਾ ਸਰਕਾਰੀ ਅਫਸਰਾਂ ਨਾਲ ਮਿਲ ਕੇ ਸੀ.ਐਲ.ਯੂ. ਤਬਦੀਲ ਕਰਵਾ ਕੇ ਸਰਕਾਰ ਨੂੰ ਮਹਿੰਗੇ ਭਾਅ ਤੇ ਵੇਚੀ ਜਾ ਰਹੀ ਹੈ।

ਇਹ ਇਸ ਕੇਸ ਦੀ ਸੱਚਾਈ ਹੈ ਕਿ ਵਿਭਾਗ ਦੇ ਅਧਿਕਾਰੀਆਂ ਦੁਆਰਾ ਰੋਕ ਲਗਾਉਣ ਤੋਂ ਪਹਿਲਾਂ ਜਾਂ ਉਪਰੰਤ ਵੀ ਇਹ ਚੀਜ਼ ਰਿਕਾਰਡ ਤੇ ਸਾਬਤ ਹੋਣ ਦੇ ਬਾਵਜੂਦ ਕਿ ਉਕਤ ਜ਼ਮੀਨ ਦਾ ਸੀ.ਐਲ.ਯੂ. ਨਹੀਂ ਹੋਇਆ ਹੈ ਅਤੇ ਜ਼ਿਲ੍ਹੇ ਵਿੱਚ ਸਬੰਧਿਤ ਰੈਵੇਨਿਊ ਅਧਿਕਾਰੀਆਂ ਦੁਆਰਾ ਇਹ ਵੀ ਰਿਪੋਰਟ ਕੀਤੀ ਜਾ ਚੁੱਕੀ ਹੈ ਕਿ ਜ਼ਿਲ੍ਹੇ ਵਿੱਚ ਕੋਈ ਵੀ ਪੰਚਾਇਤੀ ਜ਼ਮੀਨ ਨਹੀਂ ਹੈ ਜੋ ਇਸ ਪ੍ਰੋਜੈਕਟ ਲਈ ਮੁਫਤ ਵਿੱਚ ਸਰਕਾਰ ਦੁਆਰਾ ਦਿੱਤੀ ਜਾ ਸਕੇ, ਕਿਸੇ ਵੀ ਤੱਥ ਨੂੰ ਨਹੀਂ ਵਿਚਾਰਿਆ ਗਿਆ ਅਤੇ ਸਰਕਾਰ ਦੇ ਧਿਆਨ ਵਿੱਚ ਨਹੀਂ ਲਿਆਇਆ ਗਿਆ ਤਾਂ ਕਿ ਇਸ ਪ੍ਰੋਜੈਕਟ ਤੇ ਬਿਨਾਂ ਜ਼ਰੂਰਤ ਅਤੇ ਕਾਰਨ ਤੋਂ ਰੋਕ ਨਾ ਲਗਾਈ ਜਾਂਦੀ।

ਇਸ ਸੱਚਾਈ ਦੇ ਬਾਵਜੂਦ ਵੀ ਕਿ ਉਕਤ ਸ਼ਿਕਾਇਤ ਸਰਕਾਰ ਦੁਆਰਾ ਪਹਿਲਾਂ ਹੀ ਦਫਤਰ ਦਾਖਲ ਕੀਤੀ ਜਾ ਚੁੱਕੀ ਹੈ। ਇਸ ਪ੍ਰੋਜੈਕਟ ਨੂੰ ਦਿੱਤੀ ਜਾਣ ਵਾਲੀ ਜ਼ਮੀਨ ਜੋ ਕਿ ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਸਰਚ ਦੁਆਰਾ ਜ਼ਿਲ੍ਹਾ ਅੰਮ੍ਰਿਤਸਰ ਦੀ ਇੱਕ ਯੂਨੀਵਰਸਿਟੀ ਦੇ ਐਕਸਪਰਟ ਗਰੁੱਪ ਰਾਹੀਂ ਚੁਣੀ ਗਈ ਸੀ, ਲਈ ਇਸ ਜ਼ਮੀਨ ਨੂੰ ਐਕੁਆਇਰ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਜਿਸ ਦਾ ਸਿੱਟਾ ਇਹ ਨਿਕਲੇਗਾ ਕਿ ਇਹ ਇੱਕ ਬਹੁਤ ਹੀ ਅਹਿਮ ਗਰੈਜੂਏਟ ਇੰਸਟੀਚਿਊਟ ਆਫ ਹਾਰਟੀਕਲਚਰ ਰਿਸਰਚ ਐਂਡ ਐਜੂਕੇਸ਼ਨ ਜੋ ਪੰਜਾਬ ਨੂੰ ਮਿਲ ਰਿਹਾ ਹੈ, ਵੱਲੋਂ ਪੰਜਾਬ ਨੂੰ ਆਪਣੇ ਅਧਿਕਾਰੀਆਂ ਦੁਆਰਾ ਇਸ ਪ੍ਰੋਜੈਕਟ ਨੂੰ ਮਿਸਹੈਂਡਲ ਕੀਤੇ ਜਾਣ ਕਾਰਨ ਕੋਰੇ ਹੱਥ ਧੋਣੇ ਪੈਣਗੇ। ਜਿਸ ਲਈ ਕੇਵਲ ਤੇ ਕੇਵਲ ਬਾਗਬਾਨੀ ਅਧਿਕਾਰੀ ਜ਼ਿੰਮੇਵਾਰ ਹਨ। ਮੈਂ ਚਾਹਾਂਗਾ ਕਿ ਸਾਡੀ ਪਾਪੂਲਰ ਸਰਕਾਰ ਇਸ ਵੱਲ ਖਾਸ ਧਿਆਨ ਦੇ ਕੇ 30 ਕਿੱਲੇ ਜ਼ਮੀਨ ਜਿਸ ਨੂੰ ਇੱਕ ਝੂਠੀ ਸ਼ਿਕਾਇਤ ਦੇ ਆਧਾਰ ਤੇ ਐਕੁਆਇਰ ਕਰਨ ਅਤੇ ਅਵਾਰਡ ਦੇਣ ਤੋਂ ਰੋਕ ਲਗਾਈ ਗਈ ਸੀ, ਨੂੰ ਜਲਦ ਤੋਂ ਜਲਦ ਐਕੁਆਇਰ ਕਰਕੇ ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਸਰਚ ਨੂੰ ਇਹ ਜ਼ਮੀਨ ਦਿੱਤੀ ਜਾਵੇ ਤਾਂ ਜੋ ਇੱਕ ਬਹੁਤ ਵਧੀਆ ਪ੍ਰੋਜੈਕਟ ਜਿਸ ਦਾ ਸਿੱਧਾ ਵਾਸਤਾ ਪੰਜਾਬ ਦੀ ਕਿਸਾਨੀ ਦੇ ਹਿੱਤਾਂ ਨਾਲ ਜੁੜਿਆ ਹੈ, ਪੰਜਾਬ ਨੂੰ ਇਹ ਇੰਸਟੀਚਿਊਟ ਹਰ ਹਾਲਤ ਵਿੱਚ ਮਿਲ ਸਕੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**1210/Sukhpiar Singh**

**ਮਾਣਯੋਗ ਸਪੀਕਰ:** ਸ਼੍ਰੀਮਾਨ ਜੀ, ਜਿਹੜਾ ਤੁਹਾਡੇ ਹੱਥ ਵਿੱਚ ਕਾਗਜ਼ ਹੈ, ਧਿਆਨ ਦਿਵਾਊ ਮਤਾ ਪੜ੍ਹਨਾ ਹੈ। ਪਲੀਜ਼ ਪੜ੍ਹ ਦਿਉ।

**ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ**: ਮੈਂ ਤਾਂ ਉਹੀ ਪੜ੍ਹ ਰਿਹਾ ਹਾਂ ਜੀ।

**ਮਾਣਯੋਗ ਸਪੀਕਰ:** ਪੜ੍ਹੋ।

**ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ**: ਜੇ ਤੁਸੀਂ ਸਮਝਦੇ ਹੋ, ਜੇ ਮੈਂ ਕੁਝ ਨਹੀਂ ਬੋਲ ਸਕਦਾ ਤਾਂ ਮੈਂ ਬੋਲਣ ਤੋਂ ਹੀ ਬੈਠ ਜਾਂਦਾ ਹਾਂ।

**ਮਾਣਯੋਗ ਸਪੀਕਰ:** ਨਹੀਂ, ਨਹੀਂ, ਕੁਝ ਵੀ ਬੋਲਣ ਦੀ ਗੱਲ ਨਹੀਂ ਹੈ। ਇਹ ਰੂਲ ਹੈ ਕਿ ਧਿਆਨ ਦਿਵਾਊ ਮਤਾ ਤੇ ਭਾਸ਼ਣ ਨਹੀਂ ਹੁੰਦਾ, ਜੋ ਤੁਸੀਂ ਰਿਟਨ ਦਿੱਤਾ ਹੈ, ਉਹ ਪੜ੍ਹੋਗੇ।

**ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ**: ਮੈਂ ਮੁਆਫੀ ਮੰਗਦਾ ਹਾਂ ਜੀ। ਮੈਂ ਬੈਠ ਜਾਂਦਾ ਹਾਂ।

**ਮਾਣਯੋਗ ਸਪੀਕਰ:** ਪਲੀਜ਼ ਬੈਠੋ।

**ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ**: ਜੇ ਮੈਂ ਸਾਰਾ ਮੁੱਦਾ ਹੀ ਨਹੀਂ ਰੱਖ ਸਕਿਆ ਤਾਂ ਫਿਰ ਮੇਰੇ ਬੋਲਣ ਦਾ ਕੀ ਮਤਲਬ ਹੈ?

**ਮਾਣਯੋਗ ਸਪੀਕਰ:** ਸ਼੍ਰੀਮਾਨ ਜੀ, ਕੁਝ ਰੂਲ ਹੁੰਦੇ ਹਨ। ਭਾਸ਼ਣ ਨਹੀਂ ਦੇਣਾ ਹੁੰਦਾ, ਜੋ ਤੁਹਾਡੇ ਹੱਥ ਵਿੱਚ ਪੇਪਰ ਹਨ, ਕਿਰਪਾ ਕਰਕੇ ਉਹ ਪੜ੍ਹ ਦਿਉ। ਮੈਂ ਤੁਹਾਨੂੰ ਬੇਨਤੀ ਕਰ ਰਿਹਾ ਹਾਂ, ਇਹ ਧਿਆਨ ਦਿਵਾਊ ਮਤਾ ਹੈ। ਇਹ ਜਨਰਲ ਡਿਸਕਸ਼ਨ ਨਹੀਂ ਹੈ। ਤੁਸੀਂ ਬਹੁਤ ਵਧੀਆ ਤਰੀਕੇ ਨਾਲ ਆਪਣਾ ਮਤਾ ਬਣਾ ਕੇ ਦਿੱਤਾ ਹੋਇਆ ਹੈ, ਤੁਸੀਂ ਪੜ੍ਹ ਦਿਉ। ਸ਼ੁਰੂ ਤੋਂ ਲੱਗ ਜਾਓ, ਕੋਈ ਚੱਕਰ ਨਹੀਂ। ਸ਼ੁਰੂ ਤੋਂ ਕਰ ਦਿਉ ਲੇਕਿਨ ਤੁਸੀਂ ਉਹ ਪੜ੍ਹ ਦਿਉ ਪਲੀਜ਼।

**ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ**: ਇਸ ਇੰਸਟੀਚਿਊਟ ਦੇ ਅਕੈਡਮਿਕ ਅਤੇ ਪ੍ਰਬੰਧਕੀ ਵਾਸਤੇ 30 ਕਿੱਲੇ ਜ਼ਮੀਨ ਸੀ ਜਿਹੜੀ ਪਹਿਲਾਂ ਵੀ ਲਗਭਗ ਐਕੁਆਇਰ ਹੋ ਚੁੱਕੀ ਹੈ। ਫਿਰ ਵੀ, ਮੈਂ ਬੈਠ ਜਾਂਦਾ ਹਾਂ ਜੀ ਕਿਉਂਕਿ ਜੋ ਮੈਂ ਦੱਸਣਾ ਚਾਹੁੰਦਾ ਹਾਂ, ਜੋ ਕੁਝ ਹੋਇਆ ਹੈ।

**ਮਾਣਯੋਗ ਸਪੀਕਰ:** ਸ੍ਰੀਮਾਨ ਜੀ, ਪਲੀਜ਼ ਇਹ ਧਿਆਨ ਦਿਵਾਊ ਮਤਾ ਟੈਕਨੀਕਲ ਹੁੰਦਾ ਹੈ। ਇਸ ਵਿੱਚ ਕਿਰਪਾ ਕਰਕੇ ਤੁਸੀਂ ਉਹੀ ਪੜ੍ਹ ਦਿਉ। ਅਗਰ ਨਹੀਂ ਪੜ੍ਹ ਸਕਦੇ ਤਾਂ ਮੰਤਰੀ ਜੀ ਜਵਾਬ ਦੇ ਦੇਣਗੇ, ਜੋ ਤੁਸੀਂ ਉਨ੍ਹਾਂ ਨੂੰ ਕਿਹਾ ਹੈ।

**ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ:** ਇਸ ਕੇਸ ਦੀ ਸਚਾਈ ਇਹ ਹੈ ਕਿ ਵਿਭਾਗ ਦੇ ਅਧਿਕਾਰੀਆਂ ਦੁਆਰਾ ਰੋਕ ਲਗਾਉਣ ਤੋਂ ਪਹਿਲਾਂ ਜਾਂ ਉਪਰੰਤ ਵੀ ਇਹ ਚੀਜ਼ ਧਿਆਨ ਵਿੱਚ ਨਹੀਂ ਲਿਆਂਦੀ ਗਈ। ਸਾਬਤ ਹੈ ਕਿ ਬਾਵਜੂਦ ਇਸ ਜ਼ਮੀਨ ਦਾ ਸੀ.ਐਲ.ਯੂ. ਨਹੀਂ ਹੋਇਆ ਫਿਰ ਵੀ ਦੱਸ ਦਿੱਤਾ ਗਿਆ ਕਿ ਸੀ.ਐਲ.ਯੂ. ਹੋਇਆ ਹੈ। ਜੋ ਕਿ ਅਜੇ ਤੱਕ ਹੈ ਕਿ ਸੀ.ਐਲ.ਯੂ. ਨਹੀਂ ਹੋਇਆ।

**Mr. Speaker:** Ji, carry on.

(ਇਸ ਸਮੇਂ ਜਲ ਸਰੋਤ ਮੰਤਰੀ, ਸਰਦਾਰ ਚੇਤਨ ਸਿੰਘ ਜੋੜਾਮਾਜਰਾ ਆਪਣੀ ਸੀਟ ਤੇ ਬੈਠੇ-ਬੈਠੇ ਧਿਆਨ ਦਿਵਾਊ ਮਤੇ ਦਾ ਜਵਾਬ ਦੇਣ ਲਈ ਕਹਿ ਰਹੇ ਸਨ।)

**ਮਾਣਯੋਗ ਸਪੀਕਰ:** ਅੱਛਾ, ਇਸ ਵਿੱਚ ਇੱਕ ਹੋਰ ਹੈ ਕਿ ਜਦੋਂ ਤੁਸੀਂ ਧਿਆਨ ਦਿਵਾਊ ਮਤਾ ਪੜ੍ਹ ਦਿੱਤਾ, ਉਸ ਤੋਂ ਬਾਅਦ ਮੰਤਰੀ ਜੀ ਜਵਾਬ ਦੇਣਗੇ। ਉਸ ਤੋਂ ਬਾਅਦ ਤੁਸੀਂ ਸਪਲੀਮੈਂਟਰੀ ਲੈ ਸਕਦੇ ਹੋ। ਉਦੋਂ ਜੋ ਤੁਹਾਡੇ ਮਨ ਵਿੱਚ ਖਿਆਲ ਹਨ, ਉਹ ਤੁਸੀਂ ਦੱਸ ਸਕਦੇ ਹੋ। ਇਹ ਟੈਕਨੀਕਲ ਚੀਜ਼ ਹੁੰਦੀ ਹੈ।

**ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ:** ਸਰ, ਜਦੋਂ ਇਹ ਪ੍ਰਾਜੈਕਟ ਹਰ ਤਰੀਕੇ ਤੋਂ ਕੰਪਲੀਟ ਹੋ ਜਾਂਦਾ ਹੈ। ਜਦੋਂ ਕੋਈ ਵੀ ਕਸਰ ਬਾਕੀ ਨਹੀਂ ਰਹਿ ਜਾਂਦੀ, ਫਿਰ ਇੱਕ ਨੋਟੀਫਿਕੇਸ਼ਨ ਅੰਡਰ ਸੈਕਸ਼ਨ 19 ਹੁੰਦਾ ਹੈ। ਉਹ ਨੋਟੀਫਿਕੇਸ਼ਨ ਵੀ ਹੋ ਗਿਆ। ਕਦੇ ਵੀ ਆਈ.ਸੀ.ਏ.ਆਰ. ਨੇ ਇਸ ਪ੍ਰਾਜੈਕਟ ਤੇ ਕੁਇਰੀ ਨਹੀਂ ਪਾਈ ਲੇਕਿਨ ਫਿਰ ਵੀ ਇਸ ਤੇ ਰੋਕ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹ ਨੋਟੀਫਿਕੇਸ਼ਨ ਹੋ ਜਾਣ ਤੋਂ ਆਈ.ਸੀ.ਏ.ਆਰ ਮੁਤਾਬਿਕ 30 ਦਿਨ ਦੇ ਅੰਦਰ ਅੰਦਰ ਉਸ ਦੀ ਪਬਲੀਕੇਸ਼ਨ ਹੋਣੀ ਸੀ ਜੋ ਕਿ ਪਬਲੀਕੇਸ਼ਨ ਨਹੀਂ ਕਰਵਾਈ ਗਈ। ਮੈਂ ਇਹ ਕਹਿੰਦਾ ਹਾਂ ਕਿ ਜਿਨ੍ਹਾਂ ਨੇ ਇਸ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼ ਕੀਤੀ ਹੈ, ਚਾਹੇ ਉਹ ਕੋਈ ਵੀ ਅਧਿਕਾਰੀ ਹੈ ਜਾਂ ਕੋਈ ਹੋਰ ਹੈ, ਉਨ੍ਹਾਂ ਨੂੰ ਬੁੱਕ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਪੰਜਾਬ ਵਿੱਚ ਇਸ ਤੋਂ ਵਧੀਆ ਪ੍ਰਾਜੈਕਟ ਕਿਸਾਨੀ ਵਾਸਤੇ ਨਹੀਂ ਆਇਆ। ਹਰਿਆਣਾ ਵਿੱਚ ਤਿੰਨ ਇਹੋ ਜਿਹੇ ਪ੍ਰਾਜੈਕਟ ਹਨ। ਪੰਜਾਬ ਨੂੰ ਇੱਕ ਹੀ ਪ੍ਰਾਜੈਕਟ ਮਿਲਿਆ ਹੈ, ਜਿਸ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਮੈਂ ਇਹ ਚਾਹੁੰਦਾ ਹਾਂ ਕਿ ਇਸ ਸ਼ਿਕਾਇਤ ਨੂੰ ਜੋ ਕਿ ਹੈ ਹੀ ਨਹੀਂ ਸੀ, ਬੰਦਾ ਹੀ ਮੌਜੂਦ ਨਹੀਂ ਹੈ। 30 ਕਿੱਲੇ ਜ਼ਮੀਨ ਨੂੰ ਝੂਠੀ ਸ਼ਿਕਾਇਤ ਕਰਕੇ ਰੋਕ ਲਗਾਈ ਗਈ ਹੈ। ਇਸ ਤੋਂ ਬਾਅਦ ਜ਼ਮੀਨ ਐਕੁਆਇਰ ਕਰਕੇ ਇਹ ਕੌਂਸਲ ਆਫ ਐਗਰੀਕਲਚਰ ਰਿਸਰਚ ਇੰਸਟੀਚਿਊਟ ਨੂੰ ਦਿੱਤੀ ਜਾਵੇ ਜੋ ਕਿ ਇੱਕ ਬਹੁਤ ਹੀ ਵਧੀਆ ਤੇ ਕਿਸਾਨੀ ਦੇ ਹਿੱਤਾਂ ਵਾਸਤੇ ਸਭ ਤੋਂ ਬੈੱਸਟ ਪ੍ਰਾਜੈਕਟ ਹੈ, ਕਿਸਾਨਾਂ ਨਾਲ ਜੁੜਿਆ ਹੈ। ਇਹ ਇੰਸਟੀਚਿਊਟ ਜ਼ਰੂਰ ਹਰ ਹਾਲਤ ਵਿੱਚ ਪੰਜਾਬ ਵਿੱਚ ਸਥਾਪਿਤ ਹੋਣਾ ਚਾਹੀਦਾ ਹੈ। ਬਹੁਤ ਬਹੁਤ ਧੰਨਵਾਦ, ਸ਼ੁਕਰੀਆ, ਨਵਾਜਸ਼ ਮਹਾਰਾਜ, ਜੋ ਦਿਲ ਤੋਂ ਕਹਿਣਾ ਸੀ, ਉਹ ਨਹੀਂ ਕਿਹਾ ਗਿਆ।

**ਮਾਣਯੋਗ ਸਪੀਕਰ:** ਤੁਸੀਂ ਬੈਠੋ, ਤੁਹਾਨੂੰ ਸਪਲੀਮੈਂਟਰੀ ਮਿਲੇਗਾ। ਤੁਸੀਂ ਦੁਬਾਰਾ ਬੋਲ ਸਕਦੇ ਹੋ, ਬੈਠੋ।

**ਜਲ ਸਰੋਤ ਮੰਤਰੀ (ਸਰਦਾਰ ਚੇਤਨ ਸਿੰਘ ਜੌੜਾਮਾਜਰਾ):** ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਜ਼ਰੀਏ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਪ੍ਰਾਜੈਕਟ ਕੇਂਦਰ ਵੱਲੋਂ ਆਇਆ ਸੀ। ਮੈਂ ਉਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਇਸ ਮਾਮਲੇ ਸਬੰਧੀ ਭਾਰਤ ਸਰਕਾਰ ਦੇ ਇਸ ਪ੍ਰਾਜੈਕਟ ਨਾਲ ਸਬੰਧਤ ਅਧਿਕਾਰੀਆਂ ਨਾਲ ਸਮੇਂ ਸਮੇਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਹੈ ਜੀ। ਇਸ ਸਬੰਧੀ ਸਰਕਾਰ ਵੱਲੋਂ ਸਮੇਂ ਸਮੇਂ ਤੇ ਆਈ.ਸੀ.ਏ.ਆਰ., ਨਵੀਂ ਦਿੱਲੀ ਪਾਸੋਂ ਇਸ ਪ੍ਰਾਜੈਕਟ ਦੀ ਸਥਾਪਨਾ ਸਬੰਧੀ ਡਿਟੇਲਡ ਪ੍ਰਾਜੈਕਟ ਰਿਪੋਰਟ, ਟਾਈਮਲਾਈਨ ਅਤੇ ਕੰਫਰਮੇਸ਼ਨ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਭਾਰਤ ਸਰਕਾਰ ਪਾਸੋਂ ਲੋੜੀਂਦੀ ਸੂਚਨਾ ਪ੍ਰਾਪਤ ਹੋਣ ਉਪਰੰਤ ਹੀ ਉਸ ਅਨੁਸਾਰ ਮਾਮਲੇ ਤੇ ਵਿਚਾਰ ਕੀਤਾ ਜਾ ਸਕਦਾ ਹੈ। ਇਹ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ।

**1215/Manika Rani/Abhishek gautam**

**ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ:** ਸਪੀਕਰ ਸਾਹਿਬ, ਮੈਂ ਡੀ.ਸੀ. ਸਾਹਿਬ ਨੂੰ ਕਿਹਾ ਕਿ ਜਿਹੜਾ ਸੈਕਸ਼ਨ 19 ਦਾ ਨੋਟੀਫਿਕੇਸ਼ਨ ਹੋ ਚੁੱਕਾ ਹੈ, ਉਸਦਾ ਪਬਲੀਕੇਸ਼ਨ ਹੋਣਾ ਚਾਹੀਦਾ ਸੀ, ਉਹ ਪਬਲੀਕੇਸ਼ਨ ਕਿਉਂ ਨਹੀਂ ਕੀਤਾ ਜਾ ਰਿਹਾ। ਡੀ.ਸੀ. ਨੇ ਸਿੱਧੇ ਰੂਪ ਵਿੱਚ ਕਿਹਾ ਕਿ ਮੰਤਰੀ ਜੀ ਨਾਲ ਗੱਲ ਕਰ ਲਓ। ਮੈਂ ਇੱਕ ਵਾਰ ਫਿਰ ਗਿਆ ਉਹ ਕਹਿੰਦੇ ਕਿ ਆਪਣੀ ਮੰਤਰੀ ਜੀ ਨਾਲ ਗੱਲ ਕਰੋ। ਮੈਂ ਮੰਤਰੀ ਜੀ ਨਾਲ ਗੱਲ ਕੀਤੀ ਅਤੇ ਮੰਤਰੀ ਜੀ ਨੇ ਮੈਨੂੰ ਆਪਣੀ ਕੋਠੀ ਬੁਲਾਇਆ। ਮੈਂ ਮੰਤਰੀ ਜੀ ਨੂੰ ਮਸਲਾ ਦੱਸਿਆ ਤਾਂ ਉਨ੍ਹਾਂ ਕਿਹਾ ਕਿ ਮੈਂ ਇੱਕ ਡਾਇਰੈਕਟਰ ਨੂੰ ਬੁਲਾਇਆ ਹੋਇਆ ਹੈ। ਲੇਡੀ ਡਾਇਰੈਕਟਰ ਸੀ ਜਾਂ ਨਹੀਂ ਸੀ। ਉਹ ਮੇਰੇ ਇੱਕ ਵੀ ਸਵਾਲ ਦਾ ਜਵਾਬ ਦਿੱਤੇ ਬਗੈਰ ਉਥੋਂ ਚਲੇ ਗਏ। ਇਨ੍ਹਾਂ ਨੇ ਮੈਨੂੰ ਕੁਝ ਨਹੀਂ ਕਿਹਾ ਅਤੇ ਹੱਥ ਨਾਲ ਇਸ਼ਾਰਾ ਕਰ ਦਿੱਤਾ ਕਿ ਤੁਸੀਂ ਵੀ ਜਾਓ। (ਮੰਤਰੀ ਵੱਲ ਇਸ਼ਾਰਾ ਕਰਦੇ ਹੋਏ।) ਜਦੋਂ ਕਿ ਮੈਂ ਦੱਸਣਾ ਸੀ ਕਿ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਬਾਅਦ ਆਈ.ਸੀ.ਏ.ਆਰ. ਦੇ ਮੁਤਾਬਿਕ 30 ਦਿਨਾਂ ਦੇ ਅੰਦਰ-ਅੰਦਰ ਉਸ ਦੀ ਪਬਲੀਕੇਸ਼ਨ ਹੋਣੀ ਚਾਹੀਦੀ ਸੀ। ਸਪੀਕਰ ਸਾਹਿਬ, 1700 ਕਰੋੜ ਰੁਪਏ ਦਾ ਇਹ ਪ੍ਰਾਜੈਕਟ ਮੁਫਤ ਵਿੱਚ ਲੱਗਣਾ ਹੈ। ਇਸ ਪ੍ਰਾਜੈਕਟ ਨੂੰ ਲਗਾਓ। ਇਸ ਵਿੱਚ ਪੰਜਾਬ ਦਾ ਕੁਝ ਨਹੀਂ ਲੱਗਣਾ। ਇੱਕ ਪੈਸਾ ਵੀ ਪੰਜਾਬ ਦਾ ਨਹੀਂ ਲੱਗਣਾ ਹੈ। ਸਾਰੇ ਦਾ ਸਾਰਾ ਸੈਂਟਰ ਸਰਕਾਰ ਨੇ ਕਰਨਾ ਹੈ। ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਪੰਜਾਬ ਦੀ ਐਗਰੀਕਲਚਰ ਵਾਸਤੇ, ਪੰਜਾਬ ਦੇ ਕਿਸਾਨਾਂ ਵਾਸਤੇ, ਪੰਜਾਬ ਦੀ ਤਰੱਕੀ ਵਾਸਤੇ ਇਹ ਪ੍ਰਾਜੈਕਟ ਹਰ ਹਾਲਤ ਵਿੱਚ ਪੰਜਾਬ ਵਿੱਚ ਲੱਗਣਾ ਚਾਹੀਦਾ ਹੈ। ਇਸ ਲਈ ਭਾਵੇਂ ਸੈਂਟਰ ਸਰਕਾਰ ਨੂੰ ਹੱਥ ਜੋੜ ਕੇ ਕਿਉਂ ਨਾ ਬੇਨਤੀਆਂ ਕਰਨੀਆਂ ਪੈਣ। ਇਹ ਪ੍ਰਾਜੈਕਟ ਪੰਜਾਬ ਵਿੱਚ ਲੈ ਕੇ ਆਓ। ਇਹ ਫਰੀ ਪ੍ਰਾਜੈਕਟ ਹੈ, ਮੁੜ ਕੇ ਨਹੀਂ ਆਵੇਗਾ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਮੰਤਰੀ ਜੀ, ਇਹ ਕੰਮ ਕਰਨਾ ਚਾਹੀਦਾ ਹੈ।

**ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਲੇਡੀ ਸਚਮੁੱਚ ਹੀ ਡਾਇਰੈਕਟਰ ਸਨ। ਸੱਚੀਂ ਡਾਇਰੈਕਟਰ ਸਨ, ਮੇਰੇ ਕੋਲ ਰਿਕਾਰਡ ਵੀ ਹੈ। ਅਸੀਂ ਸਮੇਂ-ਸਮੇਂ ਤੇ ਕੇਂਦਰ ਸਰਕਾਰ ਨਾਲ ਰਾਬਤਾ ਕਰਦੇ ਰਹੇ ਹਨ। ਕੇਂਦਰ ਸਰਕਾਰ ਨੂੰ ਲੈਟਰ ਵੀ ਲਿਖੇ ਹੋਏ ਹਨ ਕਿਉਂਕਿ ਇਹ ਪ੍ਰਾਜੈਕਟ ਸਾਰਾ ਕੇਂਦਰ ਸਰਕਾਰ ਨੇ ਲਗਾਉਣਾ ਹੈ। ਸੋ, ਇਸ ਪ੍ਰਾਜੈਕਟ ਵਾਸਤੇ ਕੁਝ ਕਰਨਾ ਹੈ ਜਾਂ ਨਹੀਂ ਕਰਨਾ, ਇਸ ਲਈ ਕੇਂਦਰ ਸਰਕਾਰ ਕੋਈ ਹੱਥ ਹੀ ਨਹੀਂ ਫੜਾ ਰਹੀ ਹੈ। ਸਾਡੇ ਵੱਲੋਂ ਕੋਈ ਕਮੀ ਨਹੀਂ ਹੈ। ਜਿਹੜੇ ਕੇਂਦਰੀ ਮਨਿਸਟਰ ਹਨ, ਮੈਂ ਉਨ੍ਹਾਂ ਤੋਂ ਮਿਲਣ ਲਈ ਟਾਈਮ ਵੀ ਮੰਗਿਆ ਹੈ। ਕੇਂਦਰੀ ਮੰਤਰੀ ਜੀ ਨੂੰ ਕਿਹਾ ਹੈ ਕਿ ਸਾਨੂੰ ਟਾਈਮ ਦਿੱਤਾ ਜਾਵੇ ਅਤੇ ਅਸੀਂ ਤੁਹਾਡੇ ਨਾਲ ਇਸ ਪ੍ਰਾਜੈਕਟ ਸਬੰਧੀ ਡਿਸਕਸ ਕਰਨੀ ਹੈ। ਉਧਰੋਂ ਟਾਈਮ ਨਹੀਂ ਮਿਲਿਆ ਹੈ। ਸਪੀਕਰ ਸਾਹਿਬ, ਜਦੋਂ ਵੀ ਟਾਈਮ ਮਿਲਦਾ ਹੈ, ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਆਪਣੇ ਨਾਲ ਲੈ ਕੇ ਚਲਾਂਗਾ ਕਿਉਂਕਿ ਮੇਰਾ ਕੋਈ ਢਿੱਡ ਨਹੀਂ ਦੁਖਦਾ, ਮੈਂ ਤਾਂ ਚਾਹੁੰਦਾ ਹਾਂ ਕਿ ਇੱਥੇ ਪ੍ਰਾਜੈਕਟ ਆਵੇ। ਸਗੋਂ ਪ੍ਰਾਜੈਕਟ ਰੋਕਣ ਵਾਲੇ ਅਸੀਂ ਕੌਣ ਹੁੰਦੇ ਹਾਂ? ਜੇਕਰ ਕੋਈ ਪ੍ਰਾਜੈਕਟ ਆਉਂਦਾ ਹੈ ਤਾਂ ਅਸੀਂ ਉਸ ਨੂੰ ਅੱਗੇ ਹੋ ਕੇ ਲੈ ਕੇ ਆਉਣਾ ਚਾਹੁੰਦੇ ਹਾਂ। ਅਸੀਂ ਸਰਕਾਰ ਵਿੱਚ ਹਾਂ ਅਤੇ ਅਸੀਂ ਕਿਉਂ ਚਾਹਾਂਗੇ ਕਿ ਪ੍ਰਾਜੈਕਟ ਨਾ ਲੈ ਕੇ ਆਈਏ। ਜਿਹੜਾ ਕੇਂਦਰ ਸਰਕਾਰ ਦਾ ਅੜਿੱਕਾ ਹੈ, ਉਸ ਲਈ ਅਸੀਂ ਲਗਾਤਾਰ ਚਾਰਾਜੋਈ ਕਰ ਹੀ ਰਹੇ ਹਾਂ। ਮੈਂਬਰ ਸਾਹਿਬ, ਜੇਕਰ ਤੁਸੀਂ ਕੁਝ ਦੇਖਣਾ ਹੈ, ਜੋ ਅਸੀਂ ਸਮੇਂ ਸਮੇਂ ਤੇ ਕੇਂਦਰ ਸਰਕਾਰ ਨਾਲ ਚਾਰਾਜੋਈ ਕਰ ਰਹੇ ਹਨ, ਉਹ ਤੁਸੀਂ ਦੇਖ ਸਕਦੇ ਹੋ। (ਮੈਂਬਰ ਸਾਹਿਬ ਨੂੰ ਫਾਈਲ ਦਿਖਾਉਂਦੇ ਹੋਏ ਇਸ਼ਾਰਾ ਕਰਦੇ ਸਮੇਂ) ਇਸ ਵਿੱਚ ਜੋ ਲੈਟਰ ਕੇਂਦਰ ਸਰਕਾਰ ਨੂੰ ਲਿਖੇ ਗਏ ਹਨ, ਉਹ ਸਾਰੇ ਰਿਕਾਰਡ ਵਿੱਚ ਹਨ। ਮੈਂ ਤੁਹਾਨੂੰ ਸਾਰਾ ਦਿਖਾ ਦੇਵਾਂਗਾ। ਸਪੀਕਰ ਸਾਹਿਬ, ਅੰਮ੍ਰਿਤਸਰ ਵਿਖੇ ਜਿੱਥੇ ਇਹ ਪ੍ਰਾਜੈਕਟ ਲੱਗਣਾ ਹੈ, ਉਥੋਂ ਦੇ ਸਾਰੇ ਅਧਿਕਾਰੀਆਂ ਨੂੰ ਬੁਲਾ ਕੇ ਦੋ ਵਾਰੀ ਮੀਟਿੰਗਾਂ ਕੀਤੀਆਂ ਹਨ। ਉਨ੍ਹਾਂ ਨੂੰ ਪੁੱਛਿਆ ਕਿ ਜੇਕਰ ਪੰਜਾਬ ਨੇ ਕੁਝ ਕਰਨਾ ਹੈ ਤਾਂ ਦੱਸੋ। ਉਹ ਕਹਿੰਦੇ ਕਿ ਪੰਜਾਬ ਨੇ ਤਾਂ ਕੁਝ ਨਹੀਂ ਕਰਨਾ। ਇਹ ਕੇਂਦਰ ਸਰਕਾਰ ਵੱਲੋਂ ਕੀਤਾ ਜਾਣਾ ਹੈ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨ੍ਹਾਂ ਆਗਿਆ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਏ.ਡੀ.ਸੀ. ਸਾਹਿਬ, ਇੱਕ ਮਿੰਟ ਤੁਸੀਂ ਇੱਧਰ ਗੱਲ ਕਰੋ।

**ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ:** ਸਪੀਕਰ ਸਾਹਿਬ, ਅਧਿਕਾਰੀਆਂ ਨੂੰ ਤਾਂ ਮੀਟਿੰਗ ਲਈ ਬੁਲਾਇਆ ਹੀ ਨਹੀਂ ਗਿਆ ਅਤੇ ਨਾ ਹੀ ਜਿਸ ਦੀ ਜ਼ਮੀਨ ਹੈ, ਉਸ ਨੂੰ ਬੁਲਾਇਆ ਗਿਆ। ਫਿਰ ਇਹ ਪ੍ਰਾਜੈਕਟ ਕਿੱਥੋਂ ਕੰਪਲੀਟ ਹੋਵੇਗਾ।

(ਇਸ ਸਮੇਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ, ਡਾਕਟਰ ਬਲਬੀਰ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮੰਤਰੀ**: ਸਪੀਕਰ ਸਾਹਿਬ, ਜ਼ਮੀਨ ਵਾਲਾ ਤਾਂ ਸਿੱਧਾ ਕਹਿੰਦਾ ਹੈ ਕਿ ਮੈਨੂੰ ਪੈਸੇ ਦੇ ਦਿਓ। ਪੈਸੇ ਕਿੱਥੋਂ ਲੈ ਕੇ ਦੇਈਏ। ਪਹਿਲਾਂ ਹਾਲੇ ਜ਼ਮੀਨ ਨਹੀਂ ਹੈ। ਕੋਈ ਲੈਣਾ ਨਹੀਂ ਹੈ, ਕੁਝ ਦੇਣਾ ਨਹੀਂ ਹੈ। ਸਪੀਕਰ ਸਾਹਿਬ, ਜਦੋਂ ਕੁਝ ਆਵੇਗਾ, ਫਿਰ ਹੀ ਦਿੱਤਾ ਜਾਵੇਗਾ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨ੍ਹਾਂ ਆਗਿਆ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਮੰਤਰੀ ਜੀ, ਤੁਸੀਂ ਬੈਠੋ। ਏ.ਡੀ.ਸੀ. ਜੀ, ਤੁਸੀਂ ਵੀ ਬੈਠੋ। ਠੀਕ ਹੈ, ਏ.ਡੀ.ਸੀ. ਸਾਹਿਬ ਬੈਠੋ। ਤੁਹਾਡੀ ਗੱਲ ਆ ਗਈ ਹੈ। ਬੈਠੋ। ਮੰਤਰੀ ਜੀ, ਕੁਝ ਕਹਿਣਾ ਚਾਹੁੰਦੇ ਹਨ। ਹਾਂ ਜੀ, ਡਾਕਟਰ ਬਲਬੀਰ ਸਿੰਘ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮਾਂ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਬਾਜਵਾ ਜੀ, ਪਹਿਲਾਂ ਮੰਤਰੀ ਜੀ ਨੂੰ ਗੱਲ ਕਰ ਲੈਣ ਦਿਓ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਏ.ਡੀ.ਸੀ. ਜਸਵਿੰਦਰ ਸਿੰਘ ਰਮਦਾਸ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨ੍ਹਾਂ ਆਗਿਆ ਬੋਲ ਰਹੇ ਸਨ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ** **

**ਜਲ ਸਰੋਤ ਮੰਤਰੀ**: ****

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ****

**ਜਲ ਸਰੋਤ ਮੰਤਰੀ**: ** **

**ਮਾਣਯੋਗ ਸਪੀਕਰ**: ਚਲੋ ਬੈਠੋ। ਚਲੋ ਬੈਠੋ। ਚੇਅਰ ਨੂੰ ਐਡਰੈਸ ਕਰੋ ਜੀ। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨ੍ਹਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਬਾਜਵਾ ਜੀ ਅਤੇ ਮੰਤਰੀ ਜੀ, ਤੁਸੀ ਬੈਠੋ। ਹਾਂ ਜੀ, ਡਾਕਟਰ ਬਲਬੀਰ ਸਿੰਘ ਜੀ।

**1220/Gurpreet kaur/BS khokhar**

** ** Not recorded as Ordered by the Chair.
** ** Not recorded as Ordered by the Chair.

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ):** ਸਪੀਕਰ ਸਾਹਿਬ, ਮੈਂ ਅਟਮੋਸਟ ਪਬਲਿਕ ਇੰਟਰਸਟ ਦੇ ਮੁੱਦੇ ਤੇ ਗੱਲ ਕਰਨੀ ਚਾਹੁੰਦਾ ਹਾਂ। ਮੈਂ ਇਸ ਪਾਸੇ ਸਾਰੇ ਹਾਊਸ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ। ਇਹ ਮਸਲਾ ਪੰਜਾਬ ਵਿੱਚ ਬਹੁਤ ਭਖਿਆ ਹੋਇਆ ਹੈ। ਮੈਂ ਬਾਇਓ ਸੀ.ਐਨ.ਜੀ. ਦੀ ਗੱਲ ਕਰਨੀ ਚਾਹੁੰਦਾ ਹਾਂ। ਮੈਂ ਇੱਕ ਮਿੰਟ ਹੀ ਗੱਲ ਕਰਨੀ ਹੈ। ਇਸ ਦਾ ਸਭ ਨੂੰ ਬਹੁਤ ਫਾਇਦਾ ਹੋਵੇਗਾ। ਸਰ, ਜੋ ਬਾਇਓ ਸੀ.ਐਨ.ਜੀ. ਹੈ, ਮੈਂ ਇੱਥੇ ਕੋਈ ਪਰਟੀਕੁਲਰ ਪਲਾਂਟ ਦੀ ਗੱਲ ਨਹੀਂ ਕਰ ਰਿਹਾ। ਜਿਹੜੀਆਂ ਪਿੰਡਾਂ ਵਿੱਚ ਰੂੜੀਆਂ ਲੱਗੀਆਂ ਹੋਈਆਂ ਹਨ,

**ਮਾਣਯੋਗ ਸਪੀਕਰ:** ਆਪਾਂ ਪਹਿਲਾਂ ਕਾਲ ਅਟੈਂਸ਼ਨ ਲੈ ਲਈਏ। ਇਸ ਬਾਰੇ ਉਸ ਤੋਂ ਬਾਅਦ ਗੱਲ ਕਰ ਲਵਾਂਗੇ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ:** ਸਪੀਕਰ ਸਾਹਿਬ, ਮੈਂ ਇੱਕ ਮਿੰਟ ਹੀ ਲੈਣਾ ਚਾਹੁੰਦਾ ਹਾਂ। ਇਹ ਬਾਇਓ ਸੀ.ਐਨ.ਜੀ. ਦਾ ਪ੍ਰਾਜੈਕਟ ਕਿਸੇ ਗਲਤ ਫਹਿਮੀ ਦੀ ਭੇਟ ਨਾ ਚੜ੍ਹ ਜਾਵੇ। ਹਰ ਪਿੰਡ ਵਿੱਚ ਜਿੱਥੇ ਰੂੜੀ ਪਈ ਹੈ, ਹਰ ਪਿੰਡ ਦੀ ਰੂੜੀ ਵਿੱਚ, ਸ਼ਹਿਰ ਦੇ ਕੂੜੇ ਵਿੱਚ ਬਾਇਓ ਸੀ.ਐਨ.ਜੀ. 24 ਘੰਟੇ ਪੈਦਾ ਹੋ ਰਹੀ ਹੈ ਅਤੇ ਐਟਮੋਸਫੀਅਰ ਵਿੱਚ ਜਾ ਰਹੀ ਹੈ। ਸਰ, ਆਲਰੇਡੀ ਆਸਟ੍ਰੇਲੀਆ ਵਿੱਚ ਓਜ਼ੋਨ ਦੀ ਡਪਲੀਸ਼ਨ ਹੋ ਚੁੱਕੀ ਹੈ। ਕੈਂਸਰ ਬਹੁਤ ਵਧ ਗਿਆ ਹੈ। ਸਰ, ਜੇਕਰ ਸਮਾਜ ਨੇ ਅੱਗੇ ਵਧਣਾ ਹੈ ਤਾਂ ਇਸ ਦੀ ਕਾਫੀ ਲੋੜ ਹੈ ਕਿ ਬਾਇਓ ਸੀ.ਐਨ.ਜੀ. ਪਲਾਂਟ ਤੇ ਅਸੀਂ ਆਈਏ ਅਤੇ ਅਸੀਂ ਫੌਸਿਲ ਫਿਊਲ ਨੂੰ ਘੱਟ ਕਰੀਏ। ਅਸੀਂ ਬਾਇਓ ਸੀ.ਐਨ.ਜੀ. ਅਤੇ ਸੋਲਰ ਪਾਵਰ ਤੇ ਆਈਏ। ਇਹ ਗਲਤ ਫਹਿਮੀ ਦਾ ਸ਼ਿਕਾਰ ਨਾ ਹੋ ਜਾਵੇ। ਬਾਇਓ ਸੀ.ਐਨ.ਜੀ. ਆਉਣ ਵਾਲੀਆਂ ਪੀੜ੍ਹੀਆਂ ਲਈ ਬਹੁਤ ਇੰਪਾਰਟੈਂਟ ਹੈ। ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਕਹਿੰਦਾ ਹਾਂ ਕਿ ਤਕਰੀਬਨ 80% ਪਿੰਡਾਂ ਵਿੱਚ ਪ੍ਰਾਸੈਸਿੰਗ ਹੁੰਦੀ ਹੈ। ਇਹ ਪ੍ਰਾਸੈਸਿੰਗ ਦੋ ਤਰ੍ਹਾਂ ਦੀ ਹੁੰਦੀ ਹੈ। ਜਿਹੜੀ ਪਿੰਡਾਂ ਵਿੱਚ ਪ੍ਰਾਸੈਸਿੰਗ ਹੋ ਰਹੀ ਹੈ ਉਹ ਐਨਾਰੋਬਿਕ ਹੈ ਅਤੇ ਜਿਸ ਨੂੰ ਅਸੀਂ ਕਰਾਂਗੇ ਉਹ ਏਅਰਰੋਬਿਕ ਹੋਵੇਗੀ। ਇਸ ਵਿੱਚ ਬਦਬੂ ਨਹੀਂ ਆਵੇਗੀ। ਬਾਇਓ ਸੀ.ਐਨ.ਜੀ. ਨਾਲ ਅਸੀਂ ਇੰਡਸਟਰੀ ਵੀ ਚਲਾ ਸਕਦੇ ਹਾਂ। ਮਿਲਕ ਪਲਾਂਟ ਵੀ ਚਲਾ ਸਕਦੇ ਹਾਂ। ਪਟਿਆਲੇ ਦਾ ਇੱਕ ਮਿਲਕ ਪਲਾਂਟ 8 ਕੁਇੰਟਲ ਲੱਕੜ ਰੋਜ਼ ਬਾਲਦਾ ਹੈ। ਉਸ ਤੋਂ ਬਚਿਆ ਜਾ ਸਕਦਾ ਹੈ। ਉਸ ਨਾਲ ਐਟਮੋਸਫੀਅਰ ਖਰਾਬ ਹੋ ਰਿਹਾ ਹੈ। ਆਪਣੇ ਚਾਰੇ ਪਾਸੇ ਫਲੱਡਜ਼ ਆਏ ਹੋਏ ਹਨ। ਐਕਸਟ੍ਰੀਮਜ਼ ਆਫ ਰੇਨ ਅਤੇ ਐਕਸਟ੍ਰੀਮਜ਼ ਆਫ ਕੋਲਡ ਹੋ ਰਿਹਾ ਹੈ। ਜੇਕਰ ਅਸੀਂ ਇਨਵਾਇਰਨਮੈਂਟ ਡੀਗ੍ਰੇਡੇਸ਼ਨ ਤੋਂ ਬਚਣਾ ਹੈ ਜੇਕਰ ਅਸੀਂ ਇਨਵਾਇਰਨਮੈਂਟ ਨੂੰ ਰੀਜਿਉਵੀਨੇਟ ਕਰਨਾ ਹੈ ਤਾਂ ਮੇਰੀ ਸਭ ਨੂੰ ਇਹੀ ਬੇਨਤੀ ਹੈ ਕਿ ਇਸ ਤੇ ਸਪੈਸ਼ਲ ਡਿਸਕਸ਼ਨ ਹੋਣੀ ਚਾਹੀਦੀ ਹੈ। ਇਸ ਦੇ ਲਈ ਚਾਹੇ ਇੱਕ ਕਮੇਟੀ ਵੀ ਬਣਾ ਦਿਓ। ਕੋਰਟ ਵਿੱਚ ਇੱਕ amicus curiae ਹੁੰਦਾ ਹੈ। ਤੁਸੀਂ ਵੀ ਆਪਣਾ ਇੱਕ amicus curiae ਬਣਾ ਲਓ ਜੋ ਏਅਰਰੋਬਿਕ ਐਨਾਰੋਬਿਕ ਅਤੇ ਬਾਇਓ ਸੀ.ਐਨ.ਜੀ. ਨੂੰ asset ਬਣਾਉਣ ਬਾਰੇ ਸਮਝਦਾ ਹੋਵੇ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਅਗਲੀ ਕਾਲ ਅਟੈਂਸ਼ਨ, ਸਰਦਾਰ ਜਗਰੂਪ ਸਿੰਘ ਗਿੱਲ ਜੀ।

**ਕ੍ਰਮ ਨੰ: 37**

**ਸਰਦਾਰ ਜਗਰੂਪ ਸਿੰਘ ਗਿੱਲ (ਬਠਿੰਡਾ ਸ਼ਹਿਰੀ):** ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਜ਼ਰੂਰੀ ਮਸਲੇ ਵੱਲ ਦਿਵਾਉਣਾ ਚਾਹੁੰਦਾ ਹਾਂ। ਬਠਿੰਡਾ ਸ਼ਹਿਰ ਦੀ ਆਬਾਦੀ 4 ਲੱਖ ਦੇ ਕਰੀਬ ਹੋ ਚੁੱਕੀ ਹੈ ਜਿਸ ਉੱਪਰ ਕਾਫੀ ਆਬਾਦੀ ਨਹਿਰ ਦੇ ਕੰਢੇ ਤੇ ਵਸੀ ਹੋਈ ਹੈ ਅਤੇ ਧਾਰਮਿਕ ਸਮਾਗਮਾਂ ਦੇ ਸਮੇਂ ਬਹੁਤ ਵੱਡੀ ਗਿਣਤੀ ਵਿੱਚ ਲੋਕ ਨਹਿਰ ਉੱਪਰ ਇਕੱਠੇ ਹੁੰਦੇ। ਬੱਚੇ ਵੀ ਨਹਿਰ ਵਿੱਚ ਨਹਾਉਣ ਚਲੇ ਜਾਂਦੇ ਹਨ। ਜਿਸ ਨਾਲ ਹਰ ਸਾਲ ਡੁੱਬਣ ਨਾਲ ਮੌਤਾਂ ਹੋ ਰਹੀਆਂ ਹਨ। ਕਈ ਵਾਰ ਪਸ਼ੂ ਵੀ ਨਹਿਰ ਵਿੱਚ ਡਿੱਗ ਪੈਂਦੇ ਹਨ ਅਤੇ ਮਰੇ ਹੋਏ ਪਸ਼ੂ ਪਾਣੀ ਨੂੰ ਪ੍ਰਦੂਸ਼ਿਤ ਕਰਦੇ ਹਨ। ਇਸ ਲਈ ਸੁਰੱਖਿਆ ਵਜੋਂ ਜਿੱਥੇ ਵੀ ਆਬਾਦੀਆਂ ਹਨ ਨਹਿਰ ਉੱਪਰ ਫੈਂਸਿੰਗ ਕਰਨ ਦੀ ਕੋਈ ਪਾਲਿਸੀ ਬਣਾਉਣੀ ਚਾਹੀਦੀ ਹੈ ਤਾਂ ਕਿ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕੇ। ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਨੂੰ ਦੇਖਦੇ ਹੋਏ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

**ਜਲ ਸਰੋਤ ਮੰਤਰੀ (ਸਰਦਾਰ ਚੇਤਨ ਸਿੰਘ ਜੌੜਾਮਾਜਰਾ):** ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਜ਼ਰੀਏ ਐਮ.ਐਲ.ਏ. ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਲ ਸਰੋਤ ਵਿਭਾਗ ਪੰਜਾਬ ਦੀਆਂ ਨਹਿਰਾਂ ਉੱਪਰ ਫੈਂਸਿੰਗ ਕਰਨ ਲਈ ਕੋਈ ਵੀ ਪਾਲਿਸੀ ਨਹੀਂ ਹੈ। ਬਠਿੰਡਾ ਸ਼ਹਿਰ ਦੀ ਵਧਦੀ ਆਬਾਦੀ ਅਤੇ ਸ਼ਹਿਰੀਕਰਨ ਹੋਣ ਕਾਰਨ ਲੋਕਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਮਿਉਂਸਿਪਲ ਕਾਰਪੋਰੇਸ਼ਨ ਬਠਿੰਡਾ ਵੱਲੋਂ ਸ਼ਹਿਰੀ ਰੀਚ ਵਿੱਚ ਨਹਿਰ ਦੀ ਹੱਦ ਤੇ ਫੈਂਸਿੰਗ ਲਗਾਉਣ ਬਾਰੇ ਵਿਚਾਰਿਆ ਜਾ ਸਕਦਾ ਹੈ, ਜਿਸ ਨਾਲ ਲੋਕਾਂ ਦੀ ਜਾਨ-ਮਾਲ ਦੀ ਅਤੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਇਆ ਜਾ ਸਕਦਾ ਹੈ। ਫਿਲਹਾਲ ਜਲ ਸਰੋਤ ਮਹਿਕਮੇ ਕੋਲ ਇਸ ਤਰ੍ਹਾਂ ਦੀ ਕੋਈ ਵੀ ਪਰਪੋਜ਼ਲ ਨਹੀਂ ਹੈ।

**ਮਾਣਯੋਗ ਸਪੀਕਰ:** ਹਾਂ ਜੀ, ਗਿੱਲ ਸਾਹਿਬ।

**ਸਰਦਾਰ ਜਗਰੂਪ ਸਿੰਘ ਗਿੱਲ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੇ ਠੀਕ ਕਿਹਾ ਹੈ ਕਿ ਇਹ ਲੋਕਲ ਬਾਡੀਜ਼ ਦਾ ਮਸਲਾ ਹੋ ਸਕਦਾ ਹੈ। ਇਹ ਸ਼ਹਿਰ ਦੀ ਹੱਦ ਵਿੱਚ ਪੈਂਦਾ ਹੈ। ਮੈਂ ਤੁਹਾਡੇ ਜ਼ਰੀਏ ਸਦਨ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਨਹਿਰ ਦੇ ਉੱਪਰ ਸੋਲਰ ਸਿਸਟਮ ਲਗਾ ਦੇਈਏ ਤਾਂ ਉਸ ਨਾਲ ਬਿਜਲੀ ਪੈਦਾ ਕਰਕੇ ਕਾਰਪੋਰੇਸ਼ਨ ਨੂੰ ਰੈਵੇਨਿਊ ਦੇ ਸਰੋਤ ਪੈਦਾ ਹੋਣਗੇ। ਉੱਥੇ ਉਹ ਫੈਂਸਿੰਗ ਦਾ ਕੰਮ ਕਰੇਗੀ। ਮੈਂ ਚਾਹੁੰਦਾ ਹੈ ਕਿ ਤੁਹਾਡੇ ਰਾਹੀਂ ਹਾਊਸ ਵਿੱਚ ਸਰਕਾਰ ਨੂੰ ਕਿਹਾ ਜਾਵੇ ਕਿ ਲੋਕਲ ਬਾਡੀਜ਼ ਡਿਪਾਰਟਮੈਂਟ ਇਸ ਉੱਤੇ ਕੰਮ ਕਰੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਮੰਤਰੀ ਜੀ।

**ਮੰਤਰੀ:** ਸਪੀਕਰ ਸਾਹਿਬ, ਮੈਂ ਐਮ.ਐਲ.ਏ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਅਸੀਂ ਪੇਡਾ ਨਾਲ ਇੱਕ ਮੀਟਿੰਗ ਕਰਾਂਗੇ ਅਤੇ ਐਮ.ਐਲ.ਏ. ਸਾਹਿਬ ਸਬੰਧਤ ਅਧਿਕਾਰੀ ਨਾਲ ਇਕੱਠੇ ਹੋ ਕੇ ਮੀਟਿੰਗ ਵਿੱਚ ਆਉਣ। ਜੇਕਰ ਉੱਥੇ ਸੋਲਰ ਪਲਾਂਟ ਲੱਗ ਸਕਦਾ ਹੈ ਤਾਂ ਇਸ ਦੇ ਲਈ ਅਸੀਂ ਜ਼ਰੂਰ ਪਹਿਲ ਕਰਾਂਗੇ। ਧੰਨਵਾਦ ਜੀ।

-------------

**1225/Rajneet Kaur/BS khokhar**

## MOTION UNDER RULE 16

**ਮਾਣਯੋਗ ਸਪੀਕਰ** : ਨਿਯਮ 16 ਅਧੀਨ ਪ੍ਰਸਤਾਵ। ਮਾਣਯੋਗ ਸੰਸਦੀ ਮਾਮਲੇ ਮੰਤਰੀ, ਸਰਦਾਰ ਬਲਕਾਰ ਸਿੰਘ ਜੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।

***ਪ੍ਰਸਤਾਵ ਪ੍ਰਵਾਨ ਹੋਇਆ।***

----------

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ** : ਅਗਲੀ ਆਈਟਮ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ।

**ਸੰਸਦੀ ਮਾਮਲੇ ਮੰਤਰੀ (ਸਰਦਾਰ ਬਲਕਾਰ ਸਿੰਘ)** : ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜਸੂਚੀ ਵਿੱਚ ਮੱਦ ਨੰ: 4 ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 3 ਤੱਕ ਦੇ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ :

1) 31 ਮਾਰਚ, 2022 ਨੂੰ ਖਤਮ ਹੋਏ ਸਾਲ ਲਈ ਆਡਿਟ-1 ਦੀ ਪਾਲਣਾ ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ । (ਸਾਲ 2024 ਦੀ ਰਿਪੋਰਟ ਨੰ. 1);

2) 31 ਮਾਰਚ 2023 ਨੂੰ ਖਤਮ ਹੋਏ ਸਾਲ ਲਈ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਾਜ ਦੇ ਵਿੱਤ ਤੇ ਆਡਿਟ ਰਿਪੋਰਟ । (ਸਾਲ 2024 ਦੀ ਰਿਪੋਰਟ ਨੰ. 2);

3) ਅਤੇ 31 ਮਾਰਚ 2022 ਨੂੰ ਖਤਮ ਹੋਏ ਸਾਲ ਲਈ ਆਡਿਟ-II ਦੀ ਪਾਲਣਾ ਤੇ ਭਾਰਤ ਦੇ ਕੰਪਟਰੋਲਰ ਅਤੇ ਆਡੀਟਰ ਜਨਰਲ ਦੀ ਰਿਪੋਰਟ । (ਸਾਲ 2024 ਦੀ ਰਿਪੋਰਟ ਨੰ. 3), ਸਦਨ ਦੀ ਮੇਜ਼ ਤੇ ਰੱਖਦਾ ਹਾਂ ਜਿਵੇਂ ਕਿ ਭਾਰਤ ਦੇ ਸੰਵਿਧਾਨ ਦੀ ਧਾਰਾ 151 (2) ਅਧੀਨ ਲੋੜੀਂਦਾ ਹੈ।

-----------

## LEGISLATIVE BUSINESS

### 1. THE PUNJAB GOODS AND SERVICES TAX (AMENDMENT) BILL, 2024

**ਮਾਣਯੋਗ ਸਪੀਕਰ :** ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ, ਕਰ ਅਤੇ ਆਬਕਾਰੀ ਮੰਤਰੀ ਜੀ ਬਿਲ ਪੇਸ਼ ਕਰਨ।

**ਵਿੱਤ, ਕਰ ਤੇ ਆਬਕਾਰੀ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ) :** ਸ਼੍ਰੀਮਾਨ ਜੀ, ਮੈਂ ਪੰਜਾਬ ਗੁਡਜ਼ ਐਂਡ ਸਰਿਵਸਿਜ਼ ਟੈਕਸ (ਸੋਧਨਾ) ਬਿਲ, 2024 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਗੁਡਜ਼ ਐਂਡ ਸਰਿਵਸਿਜ਼ ਟੈਕਸ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਗੁਡਜ਼ ਐਂਡ ਸਰਿਵਸਿਜ਼ ਟੈਕਸ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

**ਵਿੱਤ, ਕਰ ਤੇ ਆਬਕਾਰੀ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਸਪੀਕਰ ਸਾਹਿਬ, ਜੀ.ਐਸ.ਟੀ. ਐਕਟ, 2017 ਆਉਣ ਤੋਂ ਬਾਅਦ ਸਮੇਂ ਸਮੇਂ ਸਿਰ ਸੈਂਟਰ ਸਰਕਾਰ ਵੱਲੋਂ, ਜੀ.ਐਸ.ਟੀ. ਕੌਂਸਲ ਵੱਲੋਂ ਜਿਹੜੇ ਸੁਝਾਅ ਪ੍ਰਾਪਤ ਹੁੰਦੇ ਹਨ, ਉਹ ਦੇਸ਼ ਦੀ ਪਾਰਲੀਮੈਂਟ ਦੇ ਅੰਦਰ ਜਾ ਕੇ ਕਾਨੂੰਨ ਬਣਦੇ ਹਨ ਅਤੇ ਲਾਗੂ ਹੁੰਦੇ ਹਨ। ਸੋ, ਮੈਂ ਸੈਕਸ਼ਨ 9 ਦੀ ਗੱਲ ਕਰਦਾ ਹਾਂ, ਇਸ ਵਿੱਚ ਜਿਹੜੀ ਅਮੈਂਡਮੈਂਟ ਹੋਈ ਹੈ, ਐਕਸਟਰਾ ਨਿਊਟਰਲ ਐਲਕੋਹਲ (ਈ.ਐਨ.ਏ.) ਦੀ ਗੱਲ ਹੈ। ਇਸ ਸਬੰਧੀ ਕਈ ਵਾਰ ਮੈਂਬਰ ਸਾਹਿਬਾਨ ਨੂੰ ਪਤਾ ਨਹੀਂ ਲਗਦਾ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵਿੱਚ ਈ.ਐਨ.ਏ. ਦੀ ਜਿਹੜੀ ਗੱਲ ਹੋਈ ਹੈ, ਇਹ ਐਲਕੋਹਲ ਵਿੱਚ ਯੂਜ਼ ਹੁੰਦਾ ਹੈ, ਉਸ ਨੂੰ ਜੀ.ਐਸ.ਟੀ. ਦੇ ਦਾਇਰੇ ਤੋਂ ਬਾਹਰ ਕੀਤਾ ਗਿਆ ਹੈ। ਇਸ ਨੂੰ ਇਸ ਤੋਂ ਐਗਜ਼ੰਪਟ ਕੀਤਾ ਗਿਆ ਹੈ, ਇਸ ਤੇ ਜੀ.ਐਸ.ਟੀ. ਨਹੀਂ ਲੱਗੇਗਾ। ਇਹ ਹਿਊਮਨ ਕੰਜਪਸ਼ਨ ਲਈ ਯੂਜ਼ ਹੁੰਦੀ ਅਤੇ ਐਲਕੋਹਲ ਵਿੱਚ ਯੂਜ਼ ਕੀਤਾ ਜਾਂਦਾ ਹੈ। ਜਿਹੜਾ ਇੰਡਸਟਰੀਅਲ ਪਰਪਜ਼ ਲਈ ਵਰਤਿਆ ਜਾਂਦਾ ਹੈ, ਉਸ ਉੱਤੇ ਜੀ.ਐਸ.ਟੀ. ਲੱਗੇਗਾ ਪਰੰਤੂ ਜਿਹੜਾ ਹਿਊਮਨ ਕੰਜਪਸ਼ਨ ਲਈ ਵਰਤਿਆ ਜਾਂਦਾ ਹੈ, ਉਸ ਤੇ ਵੈਲਿਊਏਡਿਡ ਟੈਕਸ (ਵੈਟ) ਲਾਗੂ ਹੋਵੇਗਾ। ਅੱਜ ਇਸ ਵਿੱਚ ਬਹੁਤ ਵੱਡੀ ਅਮੈਂਡਮੈਂਟ ਹੋ ਰਹੀ ਹੈ। ਸੋ, ਦੂਜਾ ਜਿਹੜੇ ਟੈਕਸਪੇਅਰ ਨੇ ਹੁਣ ਤੱਕ ਆਪਣਾ ਆਈ.ਟੀ.ਸੀ. ਕਲੇਮ ਨਹੀਂ ਕੀਤਾ ਸੀ, ਕਿਉਂਕਿ ਨਵੀਂ ਨਵੀਂ ਟੈਕਸ ਰਿਜ਼ੀਮ ਆਈ ਸੀ, ਜੀ.ਐਸੀ.ਟੀ ਆਉਣ ਨਾਲ ਬਹੁਤ ਕੌਂਪਲੀਕੇਸ਼ਨ ਆ ਗਏ ਸੀ। ਲੋਕਾਂ ਨੂੰ, ਟ੍ਰੇਡਰਜ਼ ਨੂੰ, ਵਪਾਰੀਆਂ ਨੂੰ ਇਸ ਬਾਰੇ ਪਤਾ ਨਹੀਂ ਸੀ। ਉਨ੍ਹਾਂ ਨੇ ਆਪਣਾ ਆਈ.ਟੀ.ਸੀ. ਕਲੇਮ ਨਹੀਂ ਕੀਤਾ ਸੀ। ਜਿਨ੍ਹਾਂ ਲੋਕਾਂ ਦਾ ਮਿਤੀ 30.11.2021 ਦਾ ਆਈ.ਟੀ.ਸੀ. ਦਾ ਕਲੇਮ ਰਹਿੰਦਾ ਹੈ, ਇਨਪੁਟ ਕ੍ਰੈਡਿਟ ਰਹਿੰਦਾ

ਹੈ, ਉਹ ਸਾਰੇ ਹੁਣ ਇਹ ਅਮੈਂਡਮੈਂਟ ਹੋਣ ਨਾਲ ਆਪਣਾ ਕਲੇਮ ਲੈ ਸਕਦੇ ਹਨ। ਮੈਂ ਸਮਝਦਾ ਹਾਂ ਕਿ ਪੰਜਾਬ ਦੇ ਵਪਾਰੀਆਂ ਨੂੰ ਇਹ ਬਹੁਤ ਵੱਡੀ ਰਾਹਤ ਮਿਲੇਗੀ। ਇਸ ਤੋਂ ਬਿਨਾਂ ਅਸੀਂ ਸੈਕਸ਼ਨ 70 ਦੇ ਵਿੱਚ ਵੀ ਵੱਡੀ ਸੋਧ ਕੀਤੀ ਹੈ। ਪਹਿਲਾਂ ਜਦੋਂ ਕਿਸੇ ਕੰਪਨੀ ਜਾਂ ਟ੍ਰੇਡਰ ਨੂੰ ਸੰਮਨ ਜਾਂਦਾ ਸੀ ਤਾਂ ਉਸ ਨੂੰ ਇਨ ਪਰਸਨ ਪੇਸ਼ ਹੋਣਾ ਪੈਂਦਾ ਸੀ। ਹੁਣ ਉਹ ਆਪਣੇ ਪਲੀਡਰ ਦੇ ਰਾਹੀਂ, ਆਪਣੇ ਸੀ.ਏ. ਦੇ ਰਾਹੀਂ ਅਤੇ ਆਪਣੇ ਰੀਪ੍ਰੈਜ਼ੈਂਟੇਟਿਵ ਦੇ ਰਾਹੀਂ ਸਬੰਧਤ ਅਫਸਰ ਕੋਲ ਪੇਸ਼ ਹੋ ਸਕਦਾ ਹੈ ਤਾਂ ਕਿ ਜਿਹੜੀ ਵੀ ਰਿਲੀਫ ਕਲੇਮ ਕਰਨੀ ਚਾਹੁੰਦਾ ਹੈ, ਉਹ ਕਰ ਸਕਦਾ ਹੈ। ਇਸ ਤੋਂ ਇਲਾਵਾ ਸੈਕਸ਼ਨ 74-ਏ ਦੇ ਵਿੱਚ ਜਿਹੜਾ ਪਹਿਲਾਂ ਸ਼ੋਅ ਕਾਜ਼ ਨੋਟਿਸ ਜਾਰੀ ਹੁੰਦਾ ਸੀ, ਕੋਈ ਜੀ.ਐਸ.ਟੀ. ਡਿਫਾਲਟਰ ਜਾਂ ਜੀ.ਐਸ.ਟੀ. ਦੀ ਰਿਟਰਨ ਗਲਤ ਭਰੀ ਗਈ ਹੋਵੇ, ਪਹਿਲਾਂ ਉਸ ਦਾ ਰਿਪਲਾਈ ਦੇਣ ਲਈ 30 ਦਿਨ ਹੁੰਦੇ ਸਨ। ਹੁਣ ਸਮਾਂ ਸੀਮਾ ਵਧਾ ਕੇ 60 ਦਿਨ ਕੀਤੀ ਗਈ ਹੈ। ਇਹ ਵੀ ਬਹੁਤ ਵੱਡੀ ਰਿਲੀਫ ਪੰਜਾਬ ਦੇ ਵਪਾਰੀਆਂ ਨੂੰ ਮਿਲੀ ਹੈ।

ਇਸ ਤੋਂ ਇਲਾਵਾ ਜਿਨ੍ਹਾਂ ਦੀਆਂ ਆਪਣੀਆਂ ਰਿਟਰਨਾਂ ਸਾਲ 2017, 2018, 2019 ਜਾਂ 2022 ਵਿੱਚ ਕਿਸੇ ਨਾ ਕਿਸੇ ਤਰੀਕੇ ਨਾਲ ਗਲਤ ਭਰੀਆਂ ਗਈਆਂ ਜਾਂ ਇਨਕੰਪਲੀਟ ਸਨ ਜਾਂ ਕਿਸੇ ਤਰ੍ਹਾਂ ਦੀ ਕੋਈ ਗਲਤੀ ਰਹਿ ਗਈ, ਉਨ੍ਹਾਂ ਵਾਸਤੇ ਵੀ ਅਸੀਂ ਟੈਕਸ ਅਤੇ ਪਨੈਲਿਟੀ ਮੁਆਫ ਕੀਤਾ ਹੈ। ਸ਼ਰਤ ਇਹ ਹੈ ਕਿ ਉਹ ਮਿਤੀ 31.03.2025 ਤੱਕ ਆਪਣੇ ਰਹਿੰਦੇ ਬਕਾਏ ਭਰ ਦੇਣ। ਮੈਂ ਸਮਝਦਾ ਹਾਂ ਕਿ ਇਹ ਵੀ ਉਨ੍ਹਾਂ ਲਈ ਬਹੁਤ ਵੱਡੀ ਅਮਨੈਸਿਟੀ ਹੈ, ਬਹੁਤ ਵੱਡੀ ਸਕੀਮ ਹੈ। ਜੇਕਰ ਇਹ ਬਕਾਏ ਮਿਤੀ 31.03.2025 ਤੱਕ ਭਰ ਦਿੰਦੇ ਹਨ ਤਾਂ ਉਨ੍ਹਾਂ ਦਾ ਇੰਟਰਸਟ ਅਤੇ ਪਨੈਲਿਟੀ ਵੇਵ ਆਫ ਹੈ, ਖਤਮ ਹੈ। ਮੈਂ ਸਮਝਦਾ ਹਾਂ ਕਿ ਇਹ ਵੱਡੀ ਰਾਹਤ ਪੰਜਾਬ ਦੇ ਵਪਾਰੀਆਂ ਲਈ ਪੰਜਾਬ ਦੀ ਸਰਕਾਰ, ਸਰਦਾਰ ਭਗਵੰਤ ਮਾਨ ਜੀ ਦੀ ਸਰਕਾਰ ਲੈ ਕੇ ਆਈ ਹੈ। ਬਹੁਤ ਬਹੁਤ ਧੰਨਵਾਦ।

**12.30 ਕੁਲਦੀਪ/**

**ਮਾਣਯੋਗ ਸਪੀਕਰ** : ਪ੍ਰਿੰਸੀਪਲ ਬੁੱਧ ਰਾਮ ਜੀ।

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.)**: ਧੰਨਵਾਦ ਸਪੀਕਰ ਸਾਹਿਬ। ਜੀ.ਐਸ.ਟੀ. ਬਾਰੇ ਮਾਣਯੋਗ ਵਿੱਤ ਮੰਤਰੀ ਸਾਹਿਬ ਨੇ ਬਿਲ ਲਿਆਂਦਾ ਹੈ। ਕੁਝ ਰਿਆਇਤਾਂ ਵੀ ਦਿੱਤੀਆਂ ਹਨ, ਕੁਝ ਗੱਲ ਵੀ ਕੀਤੀ ਹੈ। ਮੈਂ ਜੀ.ਐਸ.ਟੀ. ਬਾਰੇ ਕੁਝ ਬੋਲਣਾ ਚਾਹੁੰਦਾ ਹਾਂ ਕਿ ਜਿਸ ਦਿਨ ਦੀ ਜੀ.ਐਸ.ਟੀ. ਲਾਗੂ ਹੋਈ ਹੈ, ਸਾਡੀ ਪੰਜਾਬ ਦੀ ਆਰਥਿਕਤਾ ਕਾਫੀ ਕਮਜ਼ੋਰ ਹੋਈ ਹੈ। ਪਹਿਲਾਂ ਸਟੇਟਾਂ ਦੇ ਆਪਣੇ ਆਪਣੇ ਟੈਕਸ ਹੁੰਦੇ ਸੀ। ਆਪਣੇ ਮੁਤਾਬਿਕ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਸੀ। ਹੁਣ ਜੀ.ਐਸ.ਟੀ. ਦਾ ਸਾਰਾ ਪੈਸਾ ਪਹਿਲਾਂ ਕੇਂਦਰ ਸਰਕਾਰ ਕੋਲ ਜਾਂਦਾ ਹੈ ਅਤੇ ਉਸ ਤੋਂ ਬਾਅਦ ਸਾਡਾ ਪੈਸਾ ਸਾਨੂੰ ਵਾਪਸ ਮਿਲਦਾ ਹੈ। 2022 ਤੱਕ ਜੀ.ਐਸ.ਟੀ. ਲੱਗਣ ਕਰਕੇ ਕੰਪਨਸੇਸ਼ਨ ਮਿਲਦੀ ਸੀ ਪਰੰਤੂ 2022 ਤੋਂ ਬਾਅਦ ਉਹ ਵੀ ਬੰਦ ਕਰ ਦਿੱਤੀ ਹੈ। ਅਸੀਂ ਹਾਊਸ ਵਿੱਚ ਇੱਕ ਮਤਾ ਪਾਸ ਕਰੀਏ ਕਿ ਸਾਡੀ ਕੰਪਨਸੇਸ਼ਨ ਪੰਜ ਸਾਲ ਵਾਸਤੇ ਹੋਰ ਵਧਾਈ ਜਾਵੇ। ਸਾਨੂੰ ਉੱਧਰੋਂ ਮਦਦ ਦਿੱਤੀ ਜਾਵੇ। ਪੰਜਾਬ ਵਿੱਚ ਸਾਢੇ ਤਿੰਨ ਕਰੋੜ ਲੋਕਾਂ ਦੀ ਆਬਾਦੀ ਹੈ। ਸਾਡਾ ਸਟੇਟ ਕੰਜ਼ਿਊਮਰ ਸਟੇਟ ਨਹੀਂ ਹੈ। ਯੂ.ਪੀ., ਬਿਹਾਰ, ਮੱਧ ਪ੍ਰਦੇਸ਼, ਗੁਜਰਾਤ, ਤਾਮਿਲਨਾਡੂ, ਰਾਜਸਥਾਨ, ਪੱਛਮੀ ਬੰਗਾਲ ਇਨ੍ਹਾਂ ਦੀ ਆਬਾਦੀ ਸਾਡੇ ਨਾਲੋਂ ਕਿਤੇ ਵੱਧ ਹੈ। ਉੱਥੇ ਕੰਜ਼ਿਊਮਰ ਚੀਜ਼ਾਂ ਵੱਧ ਹੁੰਦੀਆਂ

ਹਨ। ਇਹ ਕੰਜ਼ਿਊਮਰ ਸਟੇਟਾਂ ਹਨ। ਸਾਡੇ ਨਾਲੋਂ ਵੱਧ ਕੰਜ਼ਿਊਮਰ ਸਟੇਟਾਂ ਹਨ। ਇਸ ਕਰਕੇ ਉਨ੍ਹਾਂ ਦੀ ਜੀ.ਐਸ.ਟੀ. ਵੱਧ ਹੁੰਦੀ ਹੈ ਅਤੇ ਉਨ੍ਹਾਂ ਨੂੰ ਕੰਪਨਸੇਸ਼ਨ ਮਿਲਦੀ ਹੈ। ਸੈਂਟਰ ਸਰਕਾਰ ਦਾਨਾਨ-ਬੀ.ਜੇ.ਪੀ. ਰਾਜਾਂ ਦੇ ਪ੍ਰਤੀ ਰਵੱਈਆ ਵੀ ਬਹੁਤ ਮਾੜਾ ਹੈ। ਜੇ ਅਸੀਂ ਸਾਡੇ ਜੀ.ਐਸ.ਟੀ. ਦੀ ਕੁਲੈਕਸ਼ਨ ਦੇਖੀਏ ਤਾਂ 16.01.2023 ਨੂੰ Oxfam ਦੁਆਰਾ World Economic Forum ਦਾ ਸਵਿਟਜ਼ਰਲੈਂਡ ਦੇ Davos ਵਿਖੇ ਇਜਲਾਸ ਹੋਇਆ ਸੀ। ਉਸ ਦਾ ਨਾਮ ਸੀ Survival of the Richest. ਉਸ ਨੇ ਦੁਨੀਆ ਦੇ ਆਰਥਿਕ ਪਾੜੇ ਸਬੰਧੀ ਇੱਕ ਰਿਪੋਰਟ ਜਾਰੀ ਕੀਤੀ ਸੀ। ਇਸ ਰਿਪੋਰਟ ਵਿੱਚ ਇਹ ਗੱਲ ਕਹੀ ਗਈ ਕਿ ਦੁਨੀਆ ਦੇ 40% ਧਨ ਤੇ ਸਿਰਫ 1% ਲੋਕਾਂ ਦਾ ਕਬਜ਼ਾ ਹੈ। ਹੇਠਲੇ 50% ਲੋਕਾਂ ਕੋਲ ਸਿਰਫ 3 ਪਰਸੈਂਟ ਧਨ ਹੈ। ਇਸ ਵਿੱਚ ਹੋਰ ਵੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਜਿਹੜੀ ਜੀ.ਐਸ.ਟੀ. ਹੈ, ਉਪਰਲੇ 10% ਲੋਕ ਸਿਰਫ 4% ਜੀ.ਐਸ.ਟੀ. ਅਦਾ ਕਰਦੇ ਹਨ। Oxfam ਦੀ ਇਸ ਰਿਪੋਰਟ ਦੇ ਮੁਤਾਬਕ ਉਪਰਲੇ 10% ਲੋਕ ਸਿਰਫ 4% ਜੀ.ਐਸ.ਟੀ. ਦਿੰਦੇ ਹਨ। ਜਦੋਂ ਕਿ ਹੇਠਲੇ 50% ਲੋਕ 64% ਜੀ.ਐਸ.ਟੀ. ਦਿੰਦੇ ਹਨ। ਜਿਹੜੇ ਮੱਧ ਵਰਗ ਲੋਕ ਹਨ, ਉਹ ਜੀ.ਐਸ.ਟੀ. ਵੱਧ ਦਿੰਦੇ ਹਨ ਪਰੰਤੂ ਉਨ੍ਹਾਂ ਨੂੰ ਇਨ੍ਹਾਂ ਟੈਕਸਾਂ ਦਾ ਫਾਇਦਾ ਨਹੀਂ ਮਿਲ ਰਿਹਾ। ਜਿਸ ਤਰ੍ਹਾਂ ਆਰ.ਡੀ.ਐਫ. ਹੈ, ਭਾਵੇਂ ਇਸ ਦਾ ਇਸ ਬਿਲ ਨਾਲ ਕੋਈ ਸਬੰਧੀ ਨਹੀਂ ਹੈ। ਆਰ.ਡੀ.ਐਫ. ਸਾਰਾ ਸੈਂਟਰ ਨੂੰ ਚਲਾ ਜਾਂਦਾ ਹੈ, ਸੈਂਟਰ ਤੋਂ 5 ਸਾਲ ਦਾ ਸਾਨੂੰ 5620 ਕਰੋੜ ਰੁਪਿਆ ਵੱਖ-ਵੱਖ ਸਕੀਮਾਂ ਦਾ 8000 ਕਰੋੜ ਰੁਪਿਆ ਹੀ ਦਿੱਤਾ ਜਾਂਦਾ ਹੈ। ਹੈਲਥ ਸਿਸਟਮ ਦਾ ਰੁਪਿਆ ਵੀ ਸਾਨੂੰ ਉੱਥੋਂ ਆਉਂਦਾ ਹੈ। ਸਿੱਖਿਆ ਮਹਿਕਮੇ ਦਾ ਰੁਪਿਆ ਵੀ ਸਮੱਗਰਾ ਸਿੱਖਿਆ ਦੇ ਨਾਲ ਉੱਥੋਂ ਆਉਂਦਾ ਹੈ। ਇਸ ਨਾਲ ਸਾਡਾ ਛੋਟੀਆਂ ਸਟੇਟਾਂ ਦਾ ਵੱਡਾ ਨੁਕਸਾਨ ਹੋਇਆ ਹੈ। ਪਰ ਜਿੱਥੇ ਹਿਮਾਚਲ ਪ੍ਰਦੇਸ਼ ਹੈ ਜਾਂ ਹੋਰ ਸਟੇਟਾਂ ਹਨ ਜਿੱਥੇ ਇੰਡਸਟਰੀ ਨੂੰ ਰਿਆਇਤਾਂ ਦੇ ਦਿੱਤੀਆਂ। ਸਾਡੀ ਸਾਰੀ ਇੰਡਸਟਰੀ ਇੱਥੋਂ ਚੱਲ ਕੇ ਇਨ੍ਹਾਂ ਸਟੇਟਾਂ ਵਿੱਚ ਚਲੀ ਗਈ ਹੈ। ਪੰਜਾਬ ਦਾ ਮੈਨੂਫੈਕਚਰਿੰਗ ਢਾਂਚਾ ਵੀ ਡਾਊਨ ਹੋ ਗਿਆ ਹੈ। ਸੋ, ਇਸ ਕਰਕੇ ਜਿਹੜੀ ਦੌਲਤ ਹੈ, ਸਰ, ਕਰੋਨਾ ਕਾਲ ਵਿੱਚ 50% ਲੋਕਾਂ ਦੀ ਦੌਲਤ ਘੱਟ ਗਈ ਸੀ, ਜਿਹੜੇ ਹਾਲੇ ਤੱਕ ਪੈਰਾਂ ਸਿਰ ਨਹੀਂ ਆਏ। ਜਦੋਂ ਕਿ ਕਰੋਨਾ ਕਾਲ ਵਿੱਚ ਅਰਬਪਤੀਆਂ ਦੀ ਗਿਣਤੀ 102 ਤੋਂ 166 ਹੋ ਗਈ। ਕਰੋਨਾ ਕਾਲ ਵਿੱਚ ਹਰ ਰੋਜ਼ ਆਮਦਨ ਵਿੱਚ 3608 ਕਰੋੜ ਰੁਪਏ ਦਾ ਵਾਧਾ ਹੁੰਦਾ ਸੀ। ਮੇਰਾ ਕਨਸਰਨ ਇਹ ਹੈ ਕਿ ਸਾਡਾ ਪੰਜਾਬ ਹੁਣ ਖੇਤੀਬਾੜੀ ਪ੍ਰਧਾਨ ਸੂਬਾ ਨਹੀਂ ਰਿਹਾ। ਖੇਤੀਬਾੜੀ ਸਟੇਟ ਉਹ ਹੁੰਦੀ ਹੈ ਜਿੱਥੇ ਆਮਦਨ ਵੱਧ ਹੋਵੇ ਅਤੇ ਰੁਜ਼ਗਾਰ ਦਾ ਹਿੱਸਾ ਵੀ ਵੱਧ ਹੋਵੇ। ਜੇ ਆਪਾਂ ਅੰਕੜੇ ਦੇਖੀਏ ਤਾਂ ਸਾਡੀ ਹਾਲਤ ਇਹ ਹੋ ਗਈ ਹੈ ਕਿ ਖੇਤੀ ਅਤੇ ਖੇਤੀ ਨਾਲ ਸਬੰਧਿਤ ਖੇਤਰ ਜਿਵੇਂ ਪਸ਼ੂ ਪਾਲਣ, ਜੰਗਲਾਤ, ਮੱਛੀ ਪਾਲਣ ਇਸ ਨੂੰ ਅਸੀਂ ਮੁੱਢਲਾ ਖੇਤਰ ਕਹਿੰਦੇ ਹਾਂ। ਉੱਥੋਂ 29.2% ਆਮਦਨ ਹੁੰਦੀ ਹੈ ਅਤੇ 25.8% ਉੱਥੇ ਰੁਜ਼ਗਾਰ ਮਿਲਦਾ ਹੈ। ਸਾਡਾ ਰੁਜ਼ਗਾਰ ਘੱਟ ਗਿਆ ਹੈ ਜਿਹੜਾ ਕਿ 1980 ਤੱਕ ਸਾਡਾ 50% ਤੋਂ ਵੱਧ ਰੁਜ਼ਗਾਰ ਖੇਤੀ ਤੇ ਨਿਰਭਰ ਸੀ। ਆਮਦਨ ਵੀ ਵੱਧ ਹੁੰਦੀ ਸੀ। ਸਿਰਫ ਖੇਤੀ ਤੋਂ 17% ਆਮਦਨ ਹੁੰਦੀ ਹੈ ਅਤੇ 15.6% ਰੁਜ਼ਗਾਰ ਮਿਲਦਾ ਹੈ। ਉਦਯੋਗਾਂ ਦੇ ਉੱਤੇ 24.7% ਸਾਨੂੰ ਆਮਦਨ ਹੁੰਦੀ ਹੈ ਅਤੇ 31.8% ਰੁਜ਼ਗਾਰ ਮਿਲਦਾ ਹੈ। ਤੀਜਾ ਖੇਤਰ, ਸੇਵਾਵਾਂ ਦਾ ਹੈ। ਸੇਵਾਵਾਂ ਦੇ ਖੇਤਰ ਵਿੱਚ 46.1% ਆਮਦਨ ਹੁੰਦੀ ਹੈ ਅਤੇ 42.4% ਰੁਜ਼ਗਾਰ ਮਿਲਦਾ ਹੈ। ਸਾਡਾ ਸੈਕੰਡਰੀ ਖੇਤਰ ਉਦਯੋਗ ਅਤੇ ਸੇਵਾਵਾਂ ਦਾ ਖੇਤਰ ਵੱਧ ਰਿਹਾ ਹੈ ਅਤੇ ਖੇਤੀ ਖੇਤਰ ਘੱਟ ਰਿਹਾ ਹੈ। ਜਿਸ ਕਰਕੇ ਜਿਉਂ-ਜਿਉਂ ਹਰੀ ਕ੍ਰਾਂਤੀ ਤੋਂ ਬਾਅਦ ਸਾਡੀ ਇਹ ਹਾਲਤ ਹੋ ਗਈ ਕਿ ਸਭ ਤੋਂ ਵੱਧ ਸਾਡੀ ਕਿਸਾਨੀ ਤੇ ਮਾਰ ਪਈ ਹੈ। ਵੱਡੀ ਮਾਰ ਕਿਸਾਨਾਂ ਅਤੇ ਮਜ਼ਦੂਰਾਂ ਦੀ ਮਿਹਨਤ ਤੇ ਪਈ ਹੈ। ਅਸੀਂ ਅਨਾਜ ਦੀ ਥੁੜ੍ਹ ਤੇ ਕਾਬੂ ਪਾ ਲਿਆ ਪਰੰਤੂ ਉਨ੍ਹਾਂ ਦੀ ਹਾਲਤ ਮਾੜੀ ਹੋ ਗਈ ਹੈ।

**1235/Pawan sharma/Rajneesh kumar**

ਅੱਜ ਸਾਡੀ ਹਾਲਤ ਇਹ ਹੋ ਗਈ ਹੈ ਕਿ ਜਿਹੜੇ ਖੇਤ ਮਜ਼ਦੂਰ ਜਾਂ ਕਿਸਾਨ ਹਨ, ਇਹ ਪੌੜੀ ਦੇ ਹੇਠਲੇ ਦੋ ਡੰਡੇ ਹਨ, ਜਿਹੜੇ ਟੁੱਟਦੇ ਵੀ ਵੱਧ ਹਨ, ਘਸਦੇ ਵੀ ਵੱਧ ਹਨ ਅਤੇ ਠੁੱਡੇ ਵੀ ਵੱਧ ਪੈਂਦੇ ਹਨ। ਸੋ, ਇਸ ਕਰਕੇ ਜਿਹੜਾ ਖੇਤੀਬਾੜੀ ਵਿੱਚ ਮਸ਼ੀਨੀਕਰਨ ਵਧਿਆ, ਉਸ ਦੇ ਨਾਲ ਵੀ ਸਭ ਤੋਂ ਵੱਧ ਖੇਤ ਮਜ਼ਦੂਰਾਂ ਤੇ ਮਾਰ ਪਈ। ਜਿਹੜੇ ਜ਼ਮੀਨ ਵਿਰਵੇ ਲੋਕ ਹਨ, ਉਨ੍ਹਾਂ ਕੋਲ ਕਿਰਤ ਵੇਚਣ ਤੋਂ ਇਲਾਵਾ ਹੋਰ ਕੋਈ ਸਾਧਨ ਨਹੀਂ ਹੈ। ਸੋ, ਜਿਹੜੀ DAVOS ਕਾਨਫਰੰਸ ਸੀ, ਉਨ੍ਹਾਂ ਨੇ ਇਹ ਗੱਲ ਕਹੀ ਸੀ ਕਿ ਇਹ ਜ਼ਰੂਰੀ ਹੈ ਕਿ ਜਿਹੜੇ ਕਾਰਪੋਰੇਟ ਸੈਕਟਰ ਹਨ, ਉਨ੍ਹਾਂ ਦੀ ਆਮਦਨ ਤੇ ਵੱਧ ਟੈਕਸ ਲਗਾਏ ਜਾਣ, ਗਰੀਬ ਲੋਕਾਂ ਤੇ ਟੈਕਸ ਘਟਾਏ ਜਾਣ। ਦੂਜੀ ਸਭ ਤੋਂ ਵੱਡੀ ਗੱਲ ਜਿਹੜੀ ਉਨ੍ਹਾਂ ਨੇ ਕੀਤੀ ਹੈ, ਜਿਹੜੀ ਪੰਜਾਬ ਸਰਕਾਰ ਲਾਗੂ ਕਰ ਰਹੀ ਹੈ, ਸ੍ਰੀ ਭਗਵੰਤ ਮਾਨ ਜੀ ਦੀ ਸਰਕਾਰ ਕਰ ਰਹੀ ਹੈ, ਉਸ ਤੋਂ ਪਹਿਲਾਂ ਸ੍ਰੀ ਕੇਜਰੀਵਾਲ ਸਾਹਿਬ ਨੇ ਦਿੱਲੀ ਵਿੱਚ ਮਾਡਲ ਲਾਗੂ ਕੀਤਾ ਹੈ ਕਿ ਜਨਤਕ ਸਿੱਖਿਆ ਅਤੇ ਸਿਹਤ ਨੂੰ ਤਰਜ਼ੀਹ ਦਿੱਤੀ ਜਾਵੇ ਕਿਉਂਕਿ ਪ੍ਰਾਈਵੇਟ ਹੋਣ ਦੇ ਨਾਲ ਸਿੱਖਿਆ ਅਤੇ ਸਿਹਤ ਇਕਾਈਆਂ ਘੱਟ ਗਈਆਂ, ਸਕੂਲ ਘੱਟ ਗਏ, ਪੋਸਟਾਂ ਖਾਲੀ ਹੋ ਗਈਆਂ, ਸਿਹਤ ਵਿਭਾਗ ਵਿੱਚ ਡਾਕਟਰ ਘੱਟ ਗਏ ਅਤੇ ਸਾਡੇ ਵੀ ਇੱਥੇ ਸਿਹਤ ਅਤੇ ਸਿੱਖਿਆ ਖੇਤਰ ਦਾ ਪ੍ਰਾਈਵੇਟਕਰਨ ਹੋ ਗਿਆ। ਸਰ, ਇਸ ਦੇ ਨਾਲ ਸਾਡਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਮਿਸ਼ਰਤ ਅਰਥਵਿਵੱਸਥਾ ਲਾਗੂ ਕਰਨ ਦੇ ਨਾਲ, ਉਸ ਤੋਂ ਬਾਅਦ ਇਹ ਸਾਡੀ ਪਹਿਲੀ ਸਰਕਾਰ ਹੈ ਜਿਸ ਵਿੱਚ ਪ੍ਰਾਈਵੇਟਕਰਨ ਘੱਟ ਹੋਇਆ ਹੈ ਔਰ ਅਸੀਂ ਅੱਜ ਪਬਲਿਕ ਸੈਕਟਰ ਵਿੱਚ ਨਿਵੇਸ਼ ਕਰ ਰਹੇ ਹਾਂ। ਅੱਜ ਸਕੂਲੀ ਪੱਧਰ ਤੇ ਸਰਕਾਰੀ ਸਕੂਲਾਂ ਨੂੰ ਪਬਲਿਕ ਸੈਕਟਰ ਵਿੱਚ ਚੰਗਾ ਕੀਤਾ ਜਾ ਰਿਹਾ ਹੈ। ਸਿਹਤ ਖੇਤਰ ਵਿੱਚ ਸਿਹਤ ਵਿਭਾਗ ਨੂੰ ਭਾਵੇਂ ਆਮ ਆਦਮੀ ਕਲੀਨਿਕ ਦੇ ਰਾਹੀਂ ਲੈ ਲਵੋ ਜਾਂ ਜੱਚਾ ਬੱਚਾ ਕੇਂਦਰ ਰਾਹੀਂ ਜਾਂ ਮੁਫਤ ਦਵਾਈਆਂ ਦੇਣ ਸਬੰਧੀ ਸਰਕਾਰ ਦੇ ਉਪਰਾਲਿਆਂ ਵਜੋਂ ਲੈ ਲਵੋ ਤਾਂ ਭਗਵੰਤ ਮਾਨ ਜੀ ਦੀ ਸਰਕਾਰ ਨੇ ਜਿਹੜਾ ਪਬਲਿਕ ਸੈਕਟਰ ਨੂੰ ਸਟਰਾਂਗ ਕੀਤਾ ਹੈ, ਇਸ ਦੇ ਨਾਲ ਗਰੀਬ ਲੋਕਾਂ ਨੂੰ ਰਾਹਤ ਮਿਲੀ ਹੈ। ਇਹ ਵੱਡੀ ਗੱਲ ਹੈ, ਸੋ ਇਸ ਕਰਕੇ ਅੱਜ ਭਾਵੇਂ ਜੀ.ਐਸ.ਟੀ. ਨਾਲ ਸਬੰਧਿਤ ਮਸਲਾ ਸੀ, ਜੀ.ਐਸ.ਟੀ. ਵਿੱਚ rationalization ਹੋਣੀ ਚਾਹੀਦੀ ਹੈ ਤਾਂ ਜੋ ਆਮ ਲੋਕਾਂ ਨੂੰ ਜਾਂ ਛੋਟੀਆਂ ਸਰਕਾਰਾਂ ਨੂੰ ਜਿੱਥੇ consumers ਘੱਟ ਹਨ, ਉਨ੍ਹਾਂ ਨੂੰ ਫਾਇਦਾ ਹੋਵੇ ਅਤੇ ਜਿਹੜੀ compensation ਪਹਿਲਾਂ ਮਿਲਦੀ ਸੀ, ਜੇਕਰ ਉਹ ਪੰਜ ਸਾਲ ਵਾਸਤੇ ਹੋਰ ਮਿਲ ਜਾਂਦੀ ਹੈ ਤਾਂ ਇਸ ਨਾਲ ਸਾਡੀ ਸਟੇਟ ਨੂੰ ਹੋਰ ਫਾਇਦਾ ਹੋ ਸਕਦਾ ਹੈ। ਸੋ, ਮੈਂ ਇੰਨਾ ਕਹਿੰਦਾ ਹੋਇਆਂ ਤੁਹਾਡਾ ਧੰਨਵਾਦ ਕਰਦਾ ਹਾਂ।

**ਮਾਣਯੋਗ ਸਪੀਕਰ**: ਤੁਸੀਂ ਇਸ ਮਤੇ ਨਾਲ ਸਹਿਮਤ ਹੋ?

**ਪ੍ਰਿੰਸੀਪਲ ਬੁੱਧ ਰਾਮ**: ਸਰ, ਹਾਂ ਜੀ, ਮੈਂ ਬਿਲਕੁਲ ਇਸ ਮਤੇ ਨਾਲ ਸਹਿਮਤ ਹਾਂ।

**ਮਾਣਯੋਗ ਸਪੀਕਰ**: ਹਾਂ ਜੀ, ਮੰਤਰੀ ਚੀਮਾ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ?

**ਵਿੱਤ, ਕਰ ਤੇ ਆਬਕਾਰੀ ਮੰਤਰੀ**: ਸਭ ਤੋਂ ਪਹਿਲਾਂ ਮੈਂ ਸਤਿਕਾਰਯੋਗ ਮੈਂਬਰ ਪ੍ਰਿੰਸੀਪਲ ਬੁੱਧ ਰਾਮ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਬੜੇ ਅੱਛੇ ਤਰੀਕੇ ਦੇ ਨਾਲ GST Compensation ਤੇ ਗੱਲ ਕੀਤੀ ਹੈ ਔਰ Punjab Goods and Services Tax (Amendment), Bill ਤੇ ਵੀ ਆਪਣੇ ਵਿਚਾਰ ਇਸ ਅਜ਼ੀਮ ਸਦਨ ਦੇ

ਸਾਹਮਣੇ ਰੱਖੇ ਹਨ। ਮੈਂਬਰ ਸਾਹਿਬ ਦੀ ਗੱਲ ਸਹੀ ਹੈ ਕਿ G.S.T. Regime 2017 ਵਿੱਚ ਆਉਂਦੀ ਹੈ। ਸਾਲ 2017 ਤੋਂ ਲੈ ਕੇ ਸਾਲ 2022 ਤੱਕ ਇਹ Compensation ਤੇ ਡਿਪੈਂਡ ਕਰਦੀ ਹੈ। ਜਿਹੜੀ ਗ੍ਰੋਥ ਰੇਟ ਹੈ, ਉਹ ਪੰਜ ਸਾਲਾਂ ਲਈ 14 ਪਰਸੈਂਟ ਦੇ ਹਿਸਾਬ ਨਾਲ ਸਟੇਟਾਂ ਨੂੰ ਦੇਣ ਦਾ ਫੈਸਲਾ ਹੋਇਆ ਸੀ ਕਿ ਸਟੇਟ ਉਨ੍ਹਾਂ ਪੰਜਾਂ ਸਾਲਾਂ ਦੌਰਾਨ ਆਪਣੀ ਇਕਾਨਮੀ ਨੂੰ, ਆਪਣੇ ਸਿਸਟਮ ਨੂੰ ਪੈਰਾਂ ਸਿਰ ਖੜ੍ਹਾ ਕਰ ਲੈਣਗੇ ਲੇਕਿਨ ਬਦਕਿਸਮਤੀ ਹੈ ਕਿ ਮੇਰੇ ਸਾਹਮਣੇ ਵਾਲਿਆਂ ਦੀ 05 ਸਾਲ ਸਰਕਾਰ ਰਹੀ, ਕੋਈ ਵੀ ਇਸ ਤਰ੍ਹਾਂ ਦਾ ਯਤਨ ਨਹੀਂ ਕੀਤਾ ਗਿਆ ਕਿ ਪੰਜਾਬ ਦੀ ਇਕਾਨਮੀ ਨੂੰ ਪੈਰਾਂ ਸਿਰ ਕੀਤਾ ਜਾਵੇ, ਪੰਜਾਬ ਦੇ ਜੀ.ਐਸ.ਟੀ. ਵਿੱਚ ਵਾਧਾ ਕੀਤਾ ਜਾਵੇ, ਕੋਈ ਨਵਾਂ ਸਿਸਟਮ ਬਹਾਲ ਕੀਤਾ ਜਾਵੇ ਬਲਕਿ 14 ਪਰਸੈਂਟ ਜਿਹੜਾ Compensation ਮਿਲਦਾ ਸੀ, ਮਾਣਯੋਗ ਸਪੀਕਰ ਸਾਹਿਬ, ਬੜੀ ਜ਼ਰੂਰੀ ਗੱਲ ਹੈ, ਉਸ ਤੇ ਡਿਪੈਂਡ ਕਰਦੇ ਰਹੇ। ਇਸ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਕਿ ਪੰਜਾਬ ਦੇ ਇਸ ਡਿਪਾਰਟਮੈਂਟ ਨੂੰ ਠੀਕ ਕਰਨਾ ਹੈ। ਗ੍ਰੋਥ ਰੇਟ ਬਹੁਤ ਘੱਟ ਸੀ ਲੇਕਿਨ ਉਸ ਤੋਂ ਬਾਅਦ ਪੰਜਾਬ ਦੇ ਲੋਕਾਂ ਨੇ ਵਾਗਡੋਰ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਸੌਂਪੀ ਅਤੇ ਮੁੱਖ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੇ ਫੈਸਲਾ ਕੀਤਾ ਕਿ immediately ਨਵੇਂ module ਇਸ ਡਿਪਾਰਟਮੈਂਟ ਵਿੱਚ ਐਂਟਰ ਕੀਤੇ ਜਾਣ। ਟੈਕਸ ਅਤੇ ਇੰਟੈਲੀਜੈਂਸ ਯੂਨਿਟ ਦੀ ਸਥਾਪਨਾ ਹੋਈ। ਆਈ.ਆਈ.ਟੀ. (ਹੈਦਰਾਬਾਦ) ਨਾਲ ਇਕਰਾਰ ਹੋਇਆ, ਬਿਲ ਲਿਆਉ, ਇਨਾਮ ਪਾਉ ਦੀ ਸਕੀਮ ਸ਼ੁਰੂ ਕੀਤੀ ਗਈ। ਇਹ ਸਾਰੀਆਂ ਸਕੀਮਾਂ ਇਸ ਲਈ ਸ਼ੁਰੂ ਕੀਤੀਆਂ ਗਈਆਂ ਕਿ ਪੰਜਾਬ ਵਿੱਚ G.S.T. Regime ਆਉਣ ਤੋਂ ਬਾਅਦ ਸਾਡਾ ਡਿਪਾਰਟਮੈਂਟ ਹੋਰ ਤਕੜਾ ਹੋਵੇ। ਉਨ੍ਹਾਂ ਦੀ ਇਨਕਮ ਵਿੱਚ ਵਾਧਾ ਹੋਵੇ, ਜਿਸ ਦੇ ਨਾਲ ਪੰਜਾਬ ਦੇ ਲੋਕਾਂ ਦੀ ਭਲਾਈ ਕੀਤੀ ਜਾ ਸਕੇ। ਇਸ ਦੇ ਨਾਲ ਬਹੁਤ ਵੱਡਾ ਫਾਇਦਾ ਹੋਇਆ। ਉਸ ਤੋਂ ਬਾਅਦ ਵੱਡੀ ਗੱਲ ਹੈ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਫੈਸਲਾ ਕੀਤਾ ਕਿ ਜਿਹੜੀ ਸਾਲ 2017 ਤੋਂ ਪਹਿਲਾਂ VAT ਦੀ Regime ਚਲੀ ਆਉਂਦੀ ਸੀ, ਜਿਸ ਵਿੱਚ ਇੱਕ ਲੱਖ ਤੱਕ ਦੇ ਡਿਫਾਲਟਰ ਸਨ, ਇਹ ਸਾਹਮਣੇ ਬੈਠੇ ਬੰਦੇ ਗੁੱਸਾ ਕਰਨਗੇ, ਮੇਰੇ ਕੋਲੋਂ ਬੋਲਿਆ ਜਾਂਦਾ ਹੈ, ਜਦੋਂ ਇਨ੍ਹਾਂ ਨੇ ਪੰਜਾਬ ਵਿੱਚ ਫਰਜ਼ੀ ਜਾਅਲੀ ਇਸ਼ਤਿਹਾਰ ਲਗਾਏ ਸੀ, ਜਿਹੜੀ 3-4 ਮਹੀਨਿਆਂ ਦੀ ਚੰਨੀ ਸਾਹਿਬ ਦੀ ਸਰਕਾਰ ਸੀ, ਕਿ ਪੰਜਾਬ ਦੇ 40 ਹਜ਼ਾਰ ਵਪਾਰੀਆਂ ਦਾ ਟੈਕਸ ਮੁਆਫ ਕਰ ਦਿੱਤਾ ਹੈ। ਲੱਗਿਆ ਸੀ ਕੀ ਨਹੀਂ, ਜੇਕਰ ਮੈਂ ਝੂਠ ਬੋਲ ਰਿਹਾ ਹਾਂ ਤਾਂ ਦੱਸ ਦਿਓ। ਬਾਜਵਾ ਸਾਹਿਬ, ਤੁਸੀਂ ਉਸ ਕੈਬਨਿਟ ਦੇ ਮੈਂਬਰ ਸਨ, ਉਦੋਂ ਵੱਡੇ ਵੱਡੇ ਇਸ਼ਤਿਹਾਰ ਲਗਾਏ ਗਏ ਸੀ।

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈੱਸ ਕਰੋ ਜੀ।

**1240/Jaspal Singh/Monika sharma**

**ਵਿੱਤ, ਕਰ ਤੇ ਆਬਕਾਰੀ ਮੰਤਰੀ**: ਸਪੀਕਰ ਸਾਹਿਬ, ਲੇਕਿਨ ਮੈਂ ਸਾਰੀਆਂ ਫਾਈਲਾਂ ਦੇਖੀਆਂ, ਉਹ ਸਿਰਫ ਇਸ਼ਤਿਹਾਰ ਸੀ, ਕਿਸੇ ਇੱਕ ਵੀ ਵਿਅਕਤੀ ਦਾ ਕੋਈ ਟੈਕਸ ਮੁਆਫ ਨਹੀਂ ਕੀਤਾ। ਪਹਿਲੀ ਵਾਰ ਓ.ਟੀ.ਐਸ.ਸਕੀਮ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਲਿਆਂਦੀ, ਜਿਸ ਦੇ ਤਹਿਤ 70,000 ਤੋਂ ਉਪਰ ਪੰਜਾਬ ਦੇ ਵਪਾਰੀਆਂ ਦਾ ਜਿਥੇ ਟੈਕਸ ਦਾ ਫਾਇਦਾ ਹੋਇਆ, ਉਸ ਦੇ ਨਾਲ ਨਾਲ ਇਹ ਪਹਿਲੀ ਸਕੀਮ ਹੈ ਜਿਸ ਦੇ ਵਿੱਚ 164 ਕਰੋੜ 35 ਲੱਖ ਰੁਪਿਆ ਪੰਜਾਬ ਵਿਚ ਖਜ਼ਾਨੇ ਵਿਚ ਆਇਆ ਹੈ। (ਥੰਪਿੰਗ) ਇਹ ਵੱਡੀ ਪ੍ਰਾਪਤੀ ਸਰਦਾਰ ਭਗਵੰਤ ਸਿੰਘ ਮਾਨ ਸਰਕਾਰ ਦੀ ਹੈ। ਸੋ, ਮੇਰਾ ਕਹਿਣ ਦਾ ਭਾਵ ਹੈ ਕਿ ਇਹ ਜਿਹੜੇ ਵਿਚਾਰ ਪ੍ਰਿੰਸੀਪਲ ਬੁੱਧ ਰਾਮ ਜੀ ਨੇ ਰੱਖੇ ਹਨ, ਬੜੇ

ਅੱਛੇ ਵਿਚਾਰ ਰੱਖੇ ਹਨ। ਇਸ ਤੋਂ ਵੀ ਵੱਡੀ ਇੱਕ ਹੋਰ ਗੱਲ ਹੈ ਕਿ ਜਦੋਂ ਜੀ.ਐਸ.ਟੀ.ਸਬਸਿਊਮ ਕਰਨ ਲੱਗੇ ਕਿਉਂਕਿ ਪੰਜਾਬੀ ਇੱਕ ਐਗਰੀਕਲਚਰ ਸਟੇਟ ਹੈ, ਖੇਤੀਬਾੜੀ ਸਟੇਟ ਹੈ ਔਰ ਖੇਤੀਬਾੜੀ ਸਟੇਟ ਦਾ ਇੱਕ ਪਰਚੇਜ਼ ਟੈਕਸ ਸੀ ਜਿਹੜਾ ਅਸੀਂ ਸੈਂਟਰਲ ਏਜੰਸੀਆਂ ਤੋਂ ਲੈਂਦੇ ਸੀ, ਸੈਂਟਰ ਸਰਕਾਰ ਤੋਂ ਲੈਂਦੇ ਸੀ। ਜਦੋਂ ਅਸੀਂ ਸੈਂਟਰ ਪੂਲ ਵਿਚ ਆਪਣੀ ਕਣਕ ਵੇਚਦੇ ਸੀ, ਝੋਨਾ ਵੇਚਦੇ ਸੀ ਉਸ ਦਾ ਸਾਨੂੰ ਪਰਚੇਜ਼ ਟੈਕਸ ਮਿਲਦਾ ਸੀ, ਇਹ 7000 ਕਰੋੜ ਰੁਪਿਆ ਉਸ ਸਮੇਂ ਆਉਂਦਾ ਹੈ, ਹੁਣ ਤਾਂ ਵੱਧ ਕੇ ਮੈਨੂੰ ਲੱਗਦਾ ਹੈ ਕਿ 10,000 ਕਰੋੜ ਰੁਪਿਆ ਹੋ ਜਾਣਾ ਸੀ, ਉਹ 7000 ਕਰੋੜ ਰੁਪਿਆ ਵੀ ਸਬਸਿਊਮ ਕਰ ਗਿਆ ਔਰ ਉਸ ਦੇ ਵਜੋਂ ਸਾਨੂੰ ਇੱਕ ਰੁਪਿਆ ਤੱਕ ਵੀ ਨਹੀਂ ਮਿਲਦਾ, ਮਤਲਬ ਕਿ ਉਸ ਸਮੇਂ ਦੀ ਸਰਕਾਰ ਨੇ ਆਪਣੇ ਹੱਥ ਵਢਾ ਲਏ, ਦੇਖਿਆ ਹੀ ਨਹੀਂ, ਪੜ੍ਹਿਆ ਹੀ ਨਹੀਂ ਕਿ ਇਸ ਦਾ ਮੁਆਵਜ਼ਾ ਸਾਨੂੰ ਕੀ ਮਿਲੇਗਾ, ਇਸ ਦੀ ਜਗ੍ਹਾ ਉਤੇ ਸਾਨੂੰ ਕੀ ਮਿਲ ਰਿਹਾ ਹੈ। ਸੋ, ਪੰਜਾਬ ਨੂੰ ਉਸ ਸਮੇਂ ਇੱਕ ਬਹੁਤ ਵੱਡਾ ਧੱਕਾ ਮਾਰਿਆ। ਮੈਂ ਸਮਝਦਾ ਹਾਂ ਕਿ ਜੇ ਉਹ ਪਰਚੇਜ਼ ਟੈਕਸ ਉਸ ਸਮੇਂ ਸਹੀ ਤਰੀਕੇ ਨਾਲ ਰਹਿੰਦਾ ਜੇ ਅਸੀਂ ਉਸ ਉਤੇ ਸਹਿਮਤੀ ਨਾ ਦਿੰਦੇ ਤਾਂ ਅੱਜ ਪੰਜਾਬ ਦੇ ਖਜ਼ਾਨੇ ਵਿੱਚ ਲਗਭਗ 10,000 ਕਰੋੜ ਰੁਪਿਆ ਸਾਲਾਨਾ ਹੋਰ ਆਉਂਦਾ ਰਹਿੰਦਾ । ਸੋ, ਮੈਂ ਇਹੀ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਬਿਲ ਹੈ, ਇਸ ਨੂੰ ਤੁਰੰਤ ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਸੋਧਨਾ) ਬਿਲ, 2024 ਉਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ**: ਕੀ ਇਹ ਮੰਨ ਲਿਆ ਜਾਵੇ ਕਿ ਇਹ ਬਿਲ ਸਰਬਸੰਮਤੀ ਨਾਲ ਪਾਸ ਹੋ ਜਾਵੇ ਜੀ ? (ਵਿਰੋਧੀ ਬੈਂਚਿਜ਼ ਵੱਲ ਇਸ਼ਾਰਾ)

(ਇਸ ਬਿਲ ਬਾਰੇ ਵਿਰੋਧੀ ਬੈਂਚਿਜ਼ ਵੱਲੋਂ ਸਰਬਸੰਮਤੀ ਨਾਲ ਪਾਸ ਕਰਨ ਲਈ ਹਾਂ ਵਿਚ ਆਪਣੀ ਰਾਇ ਦਿੱਤੀ ਗਈ।)

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ*** **। (ਥੰਪਿੰਗ)**

**ਮਾਣਯੋਗ ਸਪੀਕਰ**: ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

**ਮਾਣਯੋਗ ਸਪੀਕਰ**: ਮੈਂ ਸਮਝਦਾ ਹਾਂ ਕਿ ਨਾ ਵਾਲੀ ਕੋਈ ਅਵਾਜ਼ ਨਹੀਂ ਆਈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

**ਕਲਾਜ਼ਾਂ 2 ਤੋਂ 41**

**ਮਾਣਯੋਗ ਸਪੀਕਰ:** ਕਿਉਂਜੋ ਕਲਾਜ਼ਾਂ 2 ਤੋਂ 41 ਤੱਕ ਕੋਈ ਸੋਧਨਾ ਨਹੀਂ ਹੈ; ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਆਵਾਜ਼ਾਂ:** ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜਾਂ 2 ਤੋਂ 41 ਤੱਕ ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

**ਸਿਰਲੇਖ**

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਸਪੀਕਰ:** ਮਾਣਯੋਗ ਮੰਤਰੀ ਬਿਲ ਪਾਸ ਕਰਨ ਲਈ ਪ੍ਰਸਤਾਵ ਪੇਸ਼ ਕਰਨ।

**ਵਿੱਤ, ਕਰ ਤੇ ਆਬਕਾਰੀ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਸੋਧਨਾ)ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

ਕਿ ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਪੰਜਾਬ ਗੁਡਜ਼ ਐਂਡ ਸਰਵਿਸਿਜ਼ ਟੈਕਸ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

------------

**1245/Beant kaur/Monika Sharma**

**SPEECH BY THE CHIEF MINISTER ON VARIOUS BILLS UNDER THE HEADING LEGISLATIVE BUSINESS AND ALSO HIS STATEMENT ON VARIOUS ISSUES (INCLUDING THE ISSUE OF FIR IN BARGARHI CASE) RAISED BY THE HON'BLE MEMBERS DURING ZERO HOUR.**

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)** : ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਮਾਣਯੋਗ ਸਪੀਕਰ ਸਾਹਿਬ, ਅੱਜ ਇਸ ਤੋਂ ਪਹਿਲਾਂ ਜੀ.ਐਸ.ਟੀ ਨਾਲ ਸਬੰਧਤ ਬਿਲ ਲਗਭਗ ਸਰਵਸੰਮਤੀ ਨਾਲ ਪਾਸ ਹੋਇਆ ਹੈ ਕਿਉਂਕਿ ਉਸ ਬਿਲ ਦਾ ਪੰਜਾਬ ਦੇ ਖਜ਼ਾਨੇ ਨਾਲ ਗੂੜ੍ਹਾ ਸਬੰਧ ਹੈ। ਜਿਸ ਪ੍ਰਕਾਰ ਮੰਤਰੀ ਜੀ ਨੇ ਕਿਹਾ ਹੈ ਕਿ ਪਹਿਲਾਂ ਵਾਲੀਆਂ ਜਿਹੜੀਆਂ ਕਮੀਆਂ ਰਹਿ ਗਈਆਂ, ਹੁਣ ਪਿੱਛੇ ਵੱਲ ਨਾ ਦੇਖੀਏ, ਅੱਗੇ ਦੇਖੀਏ। ਅਸੀਂ ਉਨ੍ਹਾਂ ਕਮੀਆਂ ਨੂੰ ਪੂਰਾ ਕਰਕੇ ਇਹ ਕੋਸ਼ਿਸ਼ ਕਰ ਰਹੇ ਹਾਂ ਅਤੇ ਇਸ ਵਾਰ ਸਾਡਾ ਖਜ਼ਾਨਾ ਗ੍ਰੀਨ ਵਿੱਚ ਹੈ ਭਾਵ ਇਸ ਵਾਰ ਪਿਛਲੇ ਵਾਰ ਨਾਲੋਂ ਜ਼ਿਆਦਾ ਜੀ.ਐਸ.ਟੀ ਵਿੱਚ ਵਾਧਾ ਹੋਇਆ ਹੈ। ਹਾਲਾਂਕਿ ਸੈਂਟਰ ਵਲੋਂ ਦਿੱਤੀ ਜਾਣ ਵਾਲੀ ਰਿਆਇਤ ਬੰਦ ਹੋ ਗਈ ਹੈ। ਸੋ, ਮੈਂ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਾ ਹਾਂ ਭਾਵੇਂ ਉਹ ਟਰੇਜ਼ਰੀ ਬੈਂਚਾਂ ਤੋਂ ਹਨ, ਭਾਵੇਂ ਆਪੋਜੀਸ਼ਨ ਬੈਂਚਿਜ਼ ਤੋਂ ਹਨ। ਇਹ ਬਿਲ ਸਰਬਸੰਮਤੀ ਨਾਲ ਪਾਸ ਕੀਤਾ ਹੈ ਕਿਉਂਕਿ ਸਾਡਾ ਫਰਜ਼ ਬਣਦਾ ਹੈ ਕਿ ਰਾਜਨੀਤਿਕ ਤੌਰ ਤੇ ਵਿਰੋਧ ਕਰਨਾ, ਹੋਰ ਗੱਲਾਂ ਤੇ ਫੇਰ ਕਰ ਲਵਾਂਗੇ।

ਸਪੀਕਰ ਸਾਹਿਬ, ਜਿਹੜਾ ਹੁਣ ਫਾਇਰ ਐਂਡ ਐਮਰਜੰਸੀ ਸਰਵਿਸ ਸਬੰਧੀ ਬਿਲ ਹੈ, ਇਹ ਬਹੁਤ ਇੰਪਾਰਟੈਂਟ ਬਿਲ ਹੈ। ਫਾਇਰ ਸੇਫਟੀ ਅਤੇ ਐਮਰਜੈਂਸੀ ਸਰਵਿਸਿਜ਼ ਸਬੰਧੀ ਪੁਰਾਣੀਆਂ ਹੀ ਰੀਤਾਂ ਚੱਲ ਰਹੀਆਂ ਹਨ, ਪੁਰਾਣੇ ਰੂਲ ਚੱਲ ਰਹੇ ਹਨ। ਇਥੋਂ ਤੱਕ ਕਿ ਉਨ੍ਹਾਂ ਕੋਲ ਗੱਡੀਆਂ ਵੀ ਇਹੋ ਜਿਹੀਆਂ ਹਨ, ਜਿਹੜੀਆਂ ਮੌਕੇ ਤੇ ਪਹੁੰਚ ਨਹੀਂ ਸਕਦੀਆਂ। ਜੇਕਰ ਪਹੁੰਚ ਗਈਆਂ ਤਾਂ ਜਿੱਥੇ ਅੱਗ ਲੱਗੀ ਹੋਈ ਹੈ, ਉਨ੍ਹਾਂ ਗੱਡੀਆਂ ਦੀ ਉਥੇ reach ਨਹੀਂ ਹੈ ਕਿਉਂਕਿ ਅੱਜ ਕੱਲ੍ਹ ਸਕਾਈਹਾਈ, ਅਸਮਾਨ ਨੂੰ ਛੂੰਹਦੀਆਂ ਬਿਲਡਿੰਗਾਂ ਬਣਨ ਲੱਗ ਗਈਆਂ ਹਨ। ਸੋ, ਉਥੇ ਤੱਕ ਪਹੁੰਚ ਵੀ ਜ਼ਰੂਰੀ ਹੈ। ਪਿਛਲੇ ਦਿਨੀਂ ਅਸੀਂ ਪੰਜਾਬ ਸਰਕਾਰ ਵਲੋਂ ਬਹੁਤ ਸਾਰੀਆਂ ਲੇਟੈਸਟ ਗੱਡੀਆਂ, ਜਿਹੜੀਆਂ ਇਸ ਵਕਤ ਨਿਊਯਾਰਕ ਫਾਇਰ ਡਿਪਾਰਟਮੈਂਟ ਕੋਲ ਹਨ, ਉਸ ਪੱਧਰ ਦੀਆਂ ਗੱਡੀਆਂ ਅਸੀਂ ਹਰ ਡਿਪਾਰਟਮੈਂਟ ਨੂੰ

ਦਿੱਤੀਆਂ ਹਨ। (ਥੰਪਿੰਗ) Not only ਗੱਡੀਆਂ, ਛੋਟੇ ਕਸਬਿਆਂ ਵਿੱਚ ਕਈ ਵਾਰ ਗੱਡੀ ਨਹੀਂ ਜਾ ਸਕਦੀ, ਗਲੀਆਂ ਭੀੜੀਆਂ ਹੁੰਦੀਆਂ ਹਨ, ਤੰਗ ਹਨ, ਉਨ੍ਹਾਂ ਵਾਸਤੇ ਛੋਟੀਆਂ ਗੱਡੀਆਂ ਅਤੇ ਮੋਟਰ ਸਾਈਕਲ ਹਨ। ਮੋਟਰ ਸਾਈਕਲਾਂ ਨੂੰ ਪਾਣੀ ਵਾਲੀ ਵੱਡੀ ਟੈਂਕੀ ਲੱਗੀ ਹੋਈ ਹੈ ਤਾਂ ਜੋ ਇਮੀਜੀਏਟਲੀ ਮੋਟਰ ਸਾਈਕਲ ਪਹੁੰਚ ਜਾਵੇ ਜਿਹੜੇ ਸ਼ਹਿਰ ਦੇ ਬਿਲਕੁਲ ਅੰਦਰਲੇ ਏਰੀਏ ਹਨ। ਸੋ, ਇਹ ਸਾਡਾ ਫਰਜ਼ ਹੈ ਕਿ ਅੱਜ ਦੇ ਜ਼ਮਾਨੇ ਵਿੱਚ ਸੇਫਟੀ ਵਾਸਤੇ ਕਦਮ ਚੁੱਕੇ ਜਾਣ। ਜ਼ਿੰਦਗੀ ਦੀ ਕੋਈ ਕੀਮਤ ਨਹੀਂ ਹੁੰਦੀ, ਸੋ ਸੇਫਟੀ ਨੂੰ ਇੰਪਾਰਟੈਂਸ ਦਿੱਤੀ ਜਾਵੇ।

ਸਪੀਕਰ ਸਾਹਿਬ, ਇਕ ਹੋਰ ਬੜੀ ਅਜੀਬ ਗੱਲ ਸਾਹਮਣੇ ਆਈ ਹੈ, ਜਿਸ ਬਾਰੇ ਅਸੀਂ ਇਸ ਬਿਲ ਰਾਹੀਂ ਸੋਧ ਕਰ ਰਹੇ ਹਾਂ। ਮੈਂ ਡੇਰਾਬੱਸੀ ਇਕ ਫੰਕਸ਼ਨ ਤੇ ਗਿਆ ਸੀ, ਉਥੇ ਮੇਰੇ ਕੋਲ 3-4 ਕੁੜੀਆਂ ਆਈਆਂ। ਉਹ ਰੋਣ ਲੱਗ ਗਈਆਂ, ਕਹਿਣ ਲੱਗੀਆਂ ਕਿ ਅਸੀਂ ਫਾਇਰ ਡਿਪਾਰਟਮੈਂਟ ਵਿੱਚ ਨੌਕਰੀ ਲਈ ਪੇਪਰ ਦਿੱਤਾ ਸੀ। ਅਸੀਂ ਥਿਊਰੀ ਦਾ ਪੇਪਰ ਕਲੀਅਰ ਕਰ ਲਿਆ, ਸਾਡੇ ਬਹੁਤ ਵਧੀਆ ਨੰਬਰ ਆਏ ਹਨ। ਅਕਸਰ ਕੁੜੀਆਂ ਦੇ ਨੰਬਰ ਵਧੀਆ ਆਉਂਦੇ ਹਨ। ਜੇਕਰ ਅਸੀਂ ਦੇਖੀਏ ਤਾਂ ਪੰਜਾਬ ਵਿੱਚ ਦਸਵੀਂ ਵਿਚੋਂ ਵੀ ਕੁੜੀਆਂ ਫਸਟ, 12ਵੀਂ ਵਿਚੋਂ ਵੀ ਕੁੜੀਆਂ ਫਸਟ, ਬੀਏ ਤੇ ਐਮਏ ਵਿਚੋਂ ਵੀ ਫਸਟ ਹਨ। ਲਿਖਤੀ ਟੈਸਟ ਤਾਂ ਪਾਸ ਕਰ ਲਿਆ ਪਰ ਉਹ ਕਹਿੰਦੀਆਂ ਕਿ ਫਿਜ਼ੀਕਲ ਟੈਸਟ ਵਿੱਚ ਅਸੀਂ ਫੇਲ੍ਹ ਹੋ ਗਈਆਂ ਹਾਂ। ਮੈਂ ਪੁੱਛਿਆ ਕਿ ਫੇਲ੍ਹ ਕਿਉਂ ਹੋ ਗਈਆਂ? ਉਹ ਕਹਿਣ ਲੱਗੀਆਂ ਕਿ ਪਤਾ ਨਹੀਂ ਕਦੋਂ ਦੇ ਰੂਲ ਬਣਾਏ ਹੋਏ ਹਨ, ਕਿਹੜੇ ਬਾਬਾ ਆਦਮ ਵੇਲੇ ਦੇ ਰੂਲ ਬਣੇ ਹੋਏ ਹਨ ਕਿ 60 ਕਿਲੋ ਦੀ ਬੋਰੀ ਮੁੰਡਾ ਵੀ ਚੁੱਕ ਕੇ ਦਿਖਾਏਗਾ ਅਤੇ ਫੇਰ ਭੱਜੇਗਾ। ਭੱਜਿਆ ਆਏਗਾ, 60 ਕਿਲੋ ਦੀ ਬੋਰੀ ਚੁੱਕੇਗਾ, ਆਪਣੇ ਮੋਢੇ ਤੇ ਰੱਖੇਗਾ ਅਤੇ ਅੱਗੇ ਨਿਕਲ ਜਾਵੇਗਾ। 60 ਕਿਲੋ ਦੀ ਹੀ ਬੋਰੀ ਕੁੜੀ ਨੇ ਚੁੱਕਣੀ ਹੈ। ਉਹ ਕਹਿਣ ਲੱਗੀਆਂ ਕਿ ਸਾਡੇ ਓਲੰਪਿਕ ਦੇ 100 ਮੀਟਰ ਦੀ ਦੌੜ ਦੇ ਮੁੰਡਿਆਂ ਵਾਸਤੇ ਰਿਕਾਰਡ ਹੋਰ ਹਨ ਤੇ ਕੁੜੀਆਂ ਦੇ ਰਿਕਾਰਡ ਹੋਰ ਹਨ। 400 ਮੀਟਰ ਦੀ ਦੌੜ ਲਈ ਕੁੜੀਆਂ ਵਾਸਤੇ ਰਿਕਾਰਡ ਹੋਰ ਹਨ ਤੇ ਮੁੰਡਿਆਂ ਦੇ ਹੋਰ ਹਨ। ਸੋ, ਇਹ ਕਿਵੇਂ ਹੋ ਸਕਦਾ ਹੈ ਕਿ ਅਸੀਂ 60 ਕਿਲੋ ਦੀ ਬੋਰੀ ਹੀ ਚੁੱਕਣੀ ਹੈ ਤੇ ਫੇਰ ਸਿਰਫ 60 ਕਿਲੋ ਹੀ ਕਿਉਂ? ਇਹ ਕਿਸ ਨੇ ਲਿਖ ਦਿੱਤਾ ਕਿ ਜੇ ਕਿਤੇ ਅੱਗ ਲੱਗ ਗਈ ਤਾਂ ਅੰਦਰ 60 ਕਿਲੋ ਦਾ ਹੀ ਬੰਦਾ ਬੈਠਾ ਹੋਵੇਗਾ। ਜੇਕਰ 70 ਕਿਲੋ ਦਾ ਹੋਇਆ, ਫੇਰ ਤਾਂ ਮੁੰਡਾ ਵੀ ਨਹੀਂ ਚੁੱਕ ਸਕਦਾ। ਜੇਕਰ 80 ਕਿਲੋ ਦਾ ਹੋਇਆ, ਫੇਰ ਕੀ ਕਰੋਗੇ?

**1250/Karamjit kaur/Shubham jain**

ਸੋ, ਜੇਕਰ ਕੋਈ ਇਸ ਤਰ੍ਹਾਂ ਦੀ ਐਮਰਜੰਸੀ ਆਉਂਦੀ ਹੈ ਤਾਂ ਉਥੇ ਕੋਈ ਕੁੜੀ ਇਕੱਲੀ ਥੋੜ੍ਹੀ ਜਾਵੇਗੀ? ਕਿਸੇ ਘਟਨਾ ਵਾਪਰਨ ਤੇ ਉਸ ਦੇ ਨਾਲ ਉਸ ਦੇ ਸਟਾਫ ਮੈਂਬਰ ਕੁਲੀਗਜ਼ ਮੁੰਡੇ ਜੋ ਹੋਣਗੇ, ਉਹ ਵੀ ਜਾਣਗੇ । ਸੋ, ਮੈਨੂੰ ਲੱਗਿਆ ਕਿ ਇਹ ਰੂਲ ਬਦਲ ਦੇਣਾ ਚਾਹੀਦਾ ਹੈ। ਸਾਡੇ ਦੇਸ਼ ਵਿੱਚ ਕਿਤੇ ਵੀ ਫਾਇਰ ਬ੍ਰਿਗੇਡ ਦੇ ਵਿੱਚ ਕੁੜੀਆਂ ਇੰਪਲਾਇਡ ਨਹੀਂ ਹਨ ਜੀ, ਕਿਉਂਕਿ ਇਸ ਤਰ੍ਹਾਂ ਦੇ ਰੂਲ ਬਣਾ ਰੱਖੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜਕਲ੍ਹ ਕਿਹੜਾ ਫੀਲਡ ਹੈ ਜਿਸ ਵਿੱਚ ਕੁੜੀਆਂ ਨਹੀਂ ਜਾ ਸਕਦੀਆਂ? ਭਾਵ ਕੁੜੀਆਂ ਕਿੱਥੇ ਕੰਮ ਨਹੀਂ ਕਰ ਸਕਦੀਆਂ? ਅੱਜਕੱਲ੍ਹ ਕੁੜੀਆਂ ਹਰ ਥਾਂ ਕੰਮ ਕਰ ਸਕਦੀਆਂ ਹਨ, ਮੈਡਲ ਜਿੱਤ ਸਕਦੀਆਂ ਹਨ। ਸੁਨੀਤਾ ਵਿਲੀਅਮ ਵਰਗੀਆਂ ਲੜਕੀਆਂ ਅੰਬਰਾਂ ਵਿੱਚ ਗਈਆਂ ਹੋਈਆਂ ਹਨ। ਇਸ ਤਰ੍ਹਾਂ ਦੇ ਰੂਲਜ਼ ਕਾਰਨ ਅੱਜਕੱਲ੍ਹ ਦੇ ਜ਼ਮਾਨੇ ਵਿੱਚ ਇਵੇਂ ਲਗਦਾ ਹੈ ਕਿ ਜਿਸ ਤਰ੍ਹਾਂ ਅਸੀਂ ਅਪਡੇਟ ਹੀ ਨਹੀਂ ਹੋਏ। ਸੋ, ਇਨ੍ਹਾਂ ਪੋਸਟਾਂ ਵਾਸਤੇ ਜਿਹੜੇ ਨਾਰਮਜ਼ ਹਨ, ਉਨ੍ਹਾਂ ਨੂੰ ਸੌਖੇ ਕਰ ਰਹੇ ਹਾਂ ਅਤੇ ਕੁੜੀਆਂ

ਲਈ 40 ਕਿੱਲੋ ਦੀ ਬੋਰੀ ਦਾ ਟੈਸਟ ਜਾਂ ਕੁੜੀਆਂ ਨੂੰ ਜੋ ਪ੍ਰਮਾਤਮਾ ਨੇ ਸ਼ਕਤੀ ਦਿੱਤੀ ਹੈ, ਉਸ ਦੇ ਮੁਤਾਬਕ ਨਾਰਮਜ਼ ਬਦਲ ਰਹੇ ਹਾਂ। ਸਰ, ਅਜਿਹਾ ਪਹਿਲੀ ਵਾਰ ਹੋਵੇਗਾ, ਪੰਜਾਬ ਪਹਿਲਾ ਸੂਬਾ ਹੋਵੇਗਾ ਕਿ ਜਿਸ ਸੂਬੇ ਨੇ ਆਪਣੀਆਂ ਧੀਆਂ ਨੂੰ, ਆਪਣੀਆਂ ਭੈਣਾਂ ਨੂੰ ਫਾਇਰ ਬ੍ਰਿਗੇਡ ਦੇ ਵਿੱਚ ਨੌਕਰੀਆਂ ਦਿੱਤੀਆਂ ਹੋਣਗੀਆਂ। (ਥੰਪਿੰਗ) ਸਰ, ਅਸੀਂ ਇਸ ਸਬੰਧ ਵਿੱਚ ਪੁਰਾਣੇ ਰੂਲਜ਼ ਬਦਲਣ ਲੱਗੇ ਹਾਂ। ਇਸ ਤੋਂ ਪਹਿਲਾਂ ਕਿਸੇ ਨੇ ਇਸ ਮਾਮਲੇ ਨੂੰ ਦੇਖਿਆ ਹੀ ਨਹੀਂ। ਪੁਰਾਣੇ ਰੂਲਜ਼ ਐਵੇਂ ਹੀ ਚੱਲੀ ਜਾਂਦੇ ਹਨ। ਫਾਈਲਾਂ ਤੇ ਧੂੜਾਂ ਜੰਮ ਗਈਆਂ ਅਤੇ ਕਿਸੇ ਨੇ ਧੂੜਾਂ ਝਾੜੀਆਂ ਹੀ ਨਹੀਂ। ਸੋ, ਇਸ ਕਰਕੇ ਫਾਈਲਾਂ ਤੋਂ ਬਹੁਤ ਸਾਰੀਆਂ ਧੂੜਾਂ ਅਜੇ ਝਾੜਨ ਵਾਲੀਆਂ ਹਨ ਜੀ। ਕੁਝ ਨਵੇਂ ਰੂਲਜ਼ ਬਣਾਉਣੇ ਹਨ। ਅੱਜਕੱਲ੍ਹ ਹਰ ਕੰਮ ਕਰਨ ਦੇ ਨਵੇਂ ਤਰੀਕੇ ਆ ਗਏ ਹਨ। ਦੇਖੋ, ਜੇ ਮੈਂ ਖੇਤੀ ਦੀ ਗੱਲ ਕਰਾਂ। ਅੱਜਕੱਲ੍ਹ ਇੱਕੋ ਫਸਲ ਨੂੰ ਬੀਜਣ ਦੇ ਚਾਰ-ਚਾਰ ਤਰੀਕੇ ਹਨ ਜੀ। ਕੋਈ ਕੰਪਿਊਟਰ ਨਾਲ ਬੀਜਦਾ ਹੈ, ਕੋਈ ਸਿੱਧੀ ਬਿਜਾਈ ਰਾਹੀਂ ਬੀਜਦਾ ਹੈ। ਕੋਈ ਖੇਤ ਵਿੱਚ ਪਾਣੀ ਛੱਡ ਕੇ ਬੀਜਦਾ ਹੈ ਅਤੇ ਕੋਈ ਪਹਿਲਾਂ ਪਾਣੀ ਛੱਡ ਕੇ ਰੌਣੀ ਕਰਕੇ ਫਸਲ ਬੀਜਦਾ ਹੈ ਪਰ ਫਸਲ ਇੱਕੋ ਹੀ ਹੈ ਜੀ। ਫਿਰ ਉਸ ਫਸਲ ਤੇ ਸਪਰੇਅ ਕਰਨ ਦੇ ਚਾਰ-ਚਾਰ ਤਰੀਕੇ ਹਨ ਜੀ। ਕੋਈ ਡਰੋਨ ਰਾਹੀਂ ਸਪਰੇਅ ਕਰਵਾਉਂਦਾ ਹੈ, ਕੋਈ ਸਿੱਧੀ ਕਰਦਾ ਹੈ, ਕੋਈ ਖਾਲ਼ ਦੇ ਵਿੱਚ ਹੀ ਰੱਖ ਦਿੰਦਾ ਹੈ, ਤੁਪਕਾ ਤੁਪਕਾ ਖੇਤ ਵਿੱਚ ਜਾਈ ਜਾਂਦਾ ਹੈ। ਸਰ, ਹਰ ਕੰਮ ਕਰਨ ਦੇ ਤਰੀਕੇ ਬਦਲ ਗਏ ਹਨ। ਮਾਰਕੀਟਿੰਗ ਦੇ ਤਰੀਕੇ ਵੀ ਬਦਲ ਗਏ ਹਨ। ਪਹਿਲਾਂ ਆਪਾਂ ਕੋਈ ਵੀ ਸਮਾਨ ਲੈਣ ਲਈ ਮਾਰਕੀਟ ਵਿੱਚ ਜਾਣਾ ਪੈਂਦਾ ਸੀ ਪਰ ਹੁਣ ਘਰੇ ਬੈਠੇ ਜੋ ਮਰਜ਼ੀ ਆਰਡਰ ਕਰੋ, ਸਮਾਨ ਆਪਣੇ ਘਰ ਵਿੱਚ ਆ ਜਾਂਦਾ ਹੈ ਜੀ। ਸਿਰਫ ਇਹੀ ਨਹੀਂ ਕਿ ਸਮਾਨ ਘਰੇ ਆ ਜਾਂਦਾ ਹੈ, ਨਾਲ ਇਹ ਵੀ ਟਰੈਕ ਕਰਕੇ ਦੇਖ ਸਕਦੇ ਹਾਂ ਕਿ ਸਮਾਨ ਕਿੱਥੇ ਕੁ ਪਹੁੰਚ ਚੁੱਕਾ ਹੈ। ਇਹ ਪਤਾ ਲਗਦਾ ਰਹਿੰਦਾ ਹੈ ਕਿ ਸਮਾਨ ਦੇਣ ਵਾਲਾ ਵਿਅਕਤੀ ਪਹਿਲਾਂ ਕਿਸ ਮੋੜ ਤੇ ਪਹੁੰਚਿਆ ਅਤੇ ਹੁਣ ਕਿਸ ਮੋੜ ਤੇ ਆ ਚੁੱਕਾ ਹੈ। ਸੋ, ਜੇਕਰ ਅੱਜਕੱਲ੍ਹ ਦੁਨੀਆਂ ਇੰਨੀ ਅਪਡੇਟ ਹੋ ਗਈ ਹੈ ਤਾਂ ਸਾਨੂੰ ਸਰਕਾਰਾਂ ਨੂੰ ਵੀ ਅਪਡੇਟ ਕਰਨਾ ਪਵੇਗਾ। ਇਸੇ ਕਰਕੇ ਜਿਸ ਅਦਾਰੇ ਜਾਂ ਸੰਸਥਾ ਦੇ ਨਾਲ ਸਰਕਾਰੀ ਲਫਜ਼ ਲੱਗ ਜਾਵੇ ਤਾਂ ਉਸ ਅਦਾਰੇ ਜਾਂ ਸੰਸਥਾ ਤੇ ਲੋਕਾਂ ਦਾ ਯਕੀਨ ਹੀ ਹਟ ਗਿਆ। ਲੋਕ ਸੋਚਦੇ ਹਨ ਕਿ ਇਹ ਤਾਂ ਸਰਕਾਰੀ ਹੈ, ਇਸ ਦਾ ਕੀ ਹੈ। ਅਸੀਂ ਸਰਕਾਰੀ ਬੱਸ ਵਿੱਚ ਚੜ੍ਹ ਕੇ ਰਾਜ਼ੀ ਨਹੀਂ ਹਾਂ। ਕਹਿ ਦਿੰਦੇ ਹਾਂ ਕਿ ਇਹ ਤਾਂ ਸਰਕਾਰੀ ਹੈ, ਇਸ ਦਾ ਕੀ ਪਤਾ ਕਿ ਕਦੋਂ ਖੜ੍ਹ ਜਾਵੇ। ਕਿਉਂਕਿ ਕਦੇ ਸਰਕਾਰੀ ਬੱਸਾਂ ਅਪਡੇਟ ਹੀ ਨਹੀਂ ਕੀਤੀਆਂ। ਇਨ੍ਹਾਂ ਬੱਸਾਂ ਦਾ ਮੂਹਰਲਾ ਪਾਸਾ ਕਿਤੇ ਹੋਰ ਨੂੰ ਜਾਂਦਾ ਹੁੰਦਾ ਹੈ, ਪਿਛਲੇ ਪਾਸਿਓਂ ਇੱਧਰ ਨੂੰ ਆਉਂਦੀ ਹੁੰਦੀ ਹੈ। ਜਿਸ ਨੂੰ ਵੇਖ ਕੇ ਸਮਝ ਹੀ ਨਹੀਂ ਆਉਂਦੀ ਹੁੰਦੀ ਕਿ ਉਧਰੋਂ ਬੱਸ ਜਾ ਰਹੀ ਹੈ ਜਾਂ ਆ ਰਹੀ ਹੈ। ਕਿਉਂਕਿ ਅਪਡੇਟ ਹੀ ਨਹੀਂ ਕੀਤੀਆਂ। ਜਿਸ ਕਾਰਨ ਬੱਸਾਂ ਤੇ ਆ ਗਈ ਰੋਡਵੇਜ਼ ਦੀ ਲਾਰੀ, ਨਾ ਕੋਈ ਬੂਹਾ, ਨਾ ਕੋਈ ਬਾਰੀ, ਵਰਗੇ ਗਾਣੇ ਵੀ ਬਣੇ ਹੋਏ ਹਨ। ਫਿਰ ਸਾਡੇ ਲੋਕ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਲਈ ਜਾ ਕੇ ਰਾਜ਼ੀ ਨਹੀਂ ਹਨ। ਉਥੇ ਐਮ.ਆਰ.ਆਈ. ਅਤੇ ਐਕਸ-ਰੇ ਮਸ਼ੀਨਾਂ ਵਿੱਚ ਕਬੂਤਰ ਫਿਰਦੇ ਹੁੰਦੇ ਹਨ। ਲੋਕ ਸੋਚਦੇ ਹਨ ਕਿ ਆਪਣੀ ਜ਼ਿੰਦਗੀ ਦਾ ਸਵਾਲ ਹੈ, ਆਪਾਂ ਇੱਥੇ ਇਲਾਜ ਲਈ ਕਿਉਂ ਜਾਈਏ। ਫਿਰ ਕੋਈ ਸਰਕਾਰੀ ਫੀਸ ਹੋਵੇ ਜਾਂ ਸਰਕਾਰੀ ਕੰਮ ਹੋਵੇ ਤਾਂ ਲੋਕ ਨਾਂਹ ਕਰ ਦਿੰਦੇ ਹਨ। ਕਿਉਂਕਿ ਸਾਨੂੰ ਨੌਕਰੀ ਤੋਂ ਬਿਨਾਂ ਹੋਰ ਕੁਝ ਸਰਕਾਰੀ ਨਹੀਂ ਚਾਹੀਦਾ। ਹਾਂ, ਨੌਕਰੀ ਸਰਕਾਰੀ ਚਾਹੀਦੀ ਹੈ। ਕਿਉਂਕਿ ਸਰਕਾਰੀ ਨੌਕਰੀਆਂ ਵਿੱਚ ਸਰਕਾਰ ਦੁਆਰਾ ਮੁਲਾਜ਼ਮ ਨੂੰ ਅੱਗੇ ਬੱਚਿਆਂ ਲਈ ਅਤੇ ਪੀੜ੍ਹੀਆਂ ਤੱਕ ਸ਼ਿਓਰਿਟੀ ਮਿਲਦੀ ਹੈ।

ਸੋ, ਇਸ ਕਰਕੇ ਅੱਜ ਇੱਥੇ ਖੇਤੀਬਾੜੀ ਬਾਰੇ ਗੱਲ ਚਲਦੀ ਹੈ। ਸਾਡੇ ਮਾਣਯੋਗ ਮੈਂਬਰ, ਜਾਖੜ ਸਾਹਿਬ ਨੇ ਡੀ.ਏ.ਪੀ. ਖਾਦ ਦੀ ਗੱਲ ਕੀਤੀ ਸੀ। ਮੈਂ ਸੈਂਟਰ ਸਰਕਾਰ ਦੇ ਸਬੰਧਤ ਮਨਿਸਟਰ ਸ਼੍ਰੀ ਜੇ.ਪੀ. ਨੱਢਾ ਜੀ ਨਾਲ ਫੋਨ ਤੇ ਗੱਲ ਕੀਤੀ। ਮੈਂ ਕਿਹਾ ਕਿ ਸੈਂਟਰਲ ਪੂਲ ਦੇ ਵਿੱਚ ਅਸੀਂ ਤੁਹਾਨੂੰ ਲਗਭਗ 120 ਲੱਖ ਮੀਟ੍ਰਿਕ ਟਨ ਕਣਕ ਦਿੰਦੇ ਹਾਂ। ਆਪਾਂ ਸੈਂਟਰਲ ਪੂਲ ਵਿੱਚ ਝੋਨੇ ਨਾਲੋਂ ਕਣਕ ਘੱਟ ਦਿੰਦੇ ਹਾਂ ਕਿਉਂਕਿ ਆਪਣੀ ਰੋਜ਼ ਦੀ ਖੁਰਾਕ ਕਣਕ ਹੈ। ਆਪਾਂ ਬਹੁਤ ਸਾਰੀ ਪੂਰੇ ਸਾਲ ਦੀ ਜ਼ਰੂਰਤ ਵਾਸਤੇ ਕਣਕ ਘਰੇ ਵੀ ਰੱਖ ਲੈਂਦੇ ਹਾਂ। ਆਪਣੇ ਘਰਾਂ ਵਿੱਚ ਜੋ ਕੰਮ ਕਰਦੇ ਹਨ ਅਤੇ ਜੋ ਆਪਣੇ ਨਾਲ ਸੀਰੀ ਸਾਂਝੀ ਹੁੰਦੇ ਹਨ, ਉਨ੍ਹਾਂ ਵਾਸਤੇ ਵੀ ਆਪਾਂ ਕਣਕ ਰੱਖ ਲੈਂਦੇ ਹਾਂ ਜਿਸ ਕਾਰਨ ਕਣਕ ਦਾ ਕੋਟਾ ਘੱਟ ਜਾਂਦਾ ਹੈ। ਕਿਉਂਕਿ ਚਾਵਲ ਆਪਣੀ ਰੋਜ਼ ਦੀ ਖੁਰਾਕ ਨਹੀਂ ਹੈ, ਝੋਨਾ ਤਾਂ 99 ਪਰਸੈਂਟ ਸੈਂਟਰਲ ਪੂਲ ਵਿੱਚ ਹੀ ਜਾਂਦਾ ਹੈ। ਸੋ, ਮੈਂ ਉਨ੍ਹਾਂ ਨੂੰ ਕਿਹਾ ਕਿ ਅਸੀਂ ਤੁਹਾਨੂੰ ਸੈਂਟਰਲ ਪੂਲ ਵਿੱਚ ਕਣਕ 120 ਲੱਖ ਮੀਟ੍ਰਿਕ ਟਨ ਦੇਵਾਂਗੇ। ਪਰ ਤੁਸੀਂ ਸਾਨੂੰ ਹਾਲੇ ਤੱਕ ਡੀ.ਏ.ਪੀ. ਦਾ ਅਗਸਤ ਵਾਲਾ ਕੋਟਾ ਨਹੀਂ ਦਿੱਤਾ। ਅਸੀਂ ਫਸਲ ਕਿਵੇਂ ਬੀਜਾਂਗੇ ਜਨਾਬ? ਮੈਂ ਕਿਹਾ ਕਿ ਫੇਰ ਤੁਸੀਂ ਇਹ ਨਾ ਕਹਿਓ ਕਿ ਸਾਡੇ ਕੋਲ ਪੀ.ਡੀ.ਐਸ. ਤਹਿਤ ਦੇਣ ਵਾਸਤੇ ਦਾਣੇ ਨਹੀਂ ਹਨ। ਅਸੀਂ ਇੰਨੀ ਕੁ ਫਸਲ ਤਾਂ ਉਗਾ ਲਵਾਂਗੇ ਕਿ ਸਾਡੇ ਖਾਣ ਜੋਗੀ ਹੋ ਜਾਵੇ ਜਾਂ ਵੇਚਣ ਜੋਗੀ ਫਸਲ ਵੀ ਅਸੀਂ ਕਰ ਲਵਾਂਗੇ। ਪਰ ਘੱਟੋ-ਘੱਟ ਸੈਂਟਰ ਸਰਕਾਰ ਆਪਣੀ ਜ਼ਿੰਮੇਵਾਰੀ ਤਾਂ ਪੂਰੀ ਕਰੇ। ਜੇ ਇੰਪੋਰਟ ਦਾ ਕੋਈ ਪੰਗਾ ਜਾਂ ਮਸਲਾ ਹੈ ਤਾਂ ਸੈਂਟਰ ਸਰਕਾਰ ਉਸ ਮਾਮਲੇ ਨੂੰ ਠੀਕ ਕਰੇ। ਸਾਡਾ ਬਣਦਾ ਕੋਟਾ ਤਾਂ ਤੁਸੀਂ ਦਿਉ, ਅਸੀਂ ਫਿਰ ਹੀ ਸੈਂਟਰਲ ਪੂਲ ਵਿੱਚ ਬਣਦਾ ਹਿੱਸਾ ਦੇ ਸਕਾਂਗੇ।

**1255/harpreet singh/Shubham jain**

ਉਨ੍ਹਾਂ ਨੇ ਫੋਨ ਹੋਲਡ ਕਰਕੇ ਕਿਹਾ ਕਿ ਪੰਜਾਬ ਦਾ ਕੋਟਾ ਬਿਲਕੁਲ ਪੂਰਾ ਹੋਵੇਗਾ, ਤੁਸੀਂ ਆਪਣੇ ਅਫ਼ਸਰ ਭੇਜੋ। ਇਸ ਲਈ ਮੈਂ ਆਪਣੇ ਅਫ਼ਸਰ ਕੇ.ਏ.ਪੀ. ਸਿਨਹਾ ਜੀ ਨੂੰ ਉੱਥੇ ਭੇਜਿਆ ਸੀ। ਜਾਖੜ ਸਾਹਿਬ, ਤੁਸੀਂ ਵੀ ਸੁਣ ਲਓ ਅਤੇ ਆਪਣੇ ਚਾਚਾ ਜੀ ਨੂੰ ਵੀ ਕਹਿ ਦਿਓ, ਉਹ ਇਕ ਇੰਟਰਵਿਊ ਵਿਚ ਕਹਿ ਰਹੇ ਸੀ little knowledge is too dangerous. ਜ਼ਰੂਰੀ ਨਹੀਂ ਹੁੰਦਾ ਕਿ ਨੱਢਾ ਜੀ ਨੂੰ ਮੁੱਖ ਮੰਤਰੀ ਖੁਦ ਜਾ ਕੇ ਮਿਲੇ। ਸਾਡੀ ਫੋਨ ਤੇ ਗੱਲ ਹੋ ਗਈ। ਉਨ੍ਹਾਂ ਨੇ ਕਿਹਾ ਕਿ ਆਪਣੇ ਅਫ਼ਸਰ ਭੇਜੋ, ਮੇਰੇ ਅਫ਼ਸਰਾਂ ਨਾਲ ਮਿਲਾਓ, ਤੁਹਾਡਾ ਕੰਮ ਹੋ ਜਾਵੇਗਾ। ਸਾਡੇ ਅਫ਼ਸਰ ਇੱਥੇ ਬੈਠੇ ਹਨ। ਉਨ੍ਹਾਂ ਨੇ ਕਿਹਾ ਕਿ ਤੁਹਾਡਾ ਡੀ.ਏ.ਪੀ. ਦਾ ਕੋਟਾ ਪੂਰਾ ਹੋਵੇਗਾ। ਜਿਹੜੀ ਐਸ.ਪੀ. ਹੈ, ਉਸ ਵਿਚ ਡੇਢ ਬੋਰੀ ਲਗਦੀ ਹੈ। ਮੈਂ ਕਿਹਾ ਕਿ ਇਹ ਇਸ ਦਾ ਬਦਲ ਤਾਂ ਹੈ ਪਰ ਜੇਕਰ ਤੁਹਾਡੇ ਕੋਲ ਡੀ.ਏ.ਪੀ. ਹੈ ਤਾਂ ਸਾਨੂੰ ਉਹੀ ਦਿਓ ਕਿਉਂਕਿ ਸਾਨੂੰ ਡੇ.ਏ.ਪੀ. ਦੀ ਆਦਤ ਪਈ ਹੋਈ ਹੈ। ਸੋ, ਇਸ ਗੱਲ ਦੀ ਚਿੰਤਾ ਨਾ ਕਰੋ, ਡੀ.ਏ.ਪੀ. ਦੀ ਬਿਲਕੁਲ ਘਾਟ ਨਹੀਂ ਹੋਵੇਗੀ, ਪੂਰੀ ਮਿਲੇਗੀ। (ਅਵਾਜ਼ਾਂ: ਆਉਣੀ ਸ਼ੁਰੂ ਹੋ ਗਈ) ਹਾਂ ਜੀ, ਆਉਣੀ ਸ਼ੁਰੂ ਹੋ ਗਈ। ਫੌਰਨ ਐਕਸ਼ਨ ਹੋ ਗਿਆ।

ਦੂਜੀ ਗੱਲ, ਵੈਟ ਵਿਚ ਸਾਡਾ ਓ.ਟੀ.ਐਸ ਬਹੁਤ ਕਾਮਯਾਬ ਰਿਹਾ। ਅਸੀਂ ਪਹਿਲਾਂ ਵਾਲੇ ਓ.ਟੀ.ਐਸ ਵੀ ਦੇਖੇ ਹਨ। ਕੈਪਟਨ ਸਰਕਾਰ ਅਤੇ ਚੰਨੀ ਸਰਕਾਰ ਨੇ ਦੋ ਓ.ਟੀ.ਐਸ. ਦਿੱਤੇ ਸੀ, ਦੋਵੇਂ ਹੀ ਫੇਲ੍ਹ ਹੋ ਗਏ। ਅਸੀਂ ਇਸ ਦਾ ਕਾਰਨ ਪੁੱਛਿਆ ਕਿ ਕਿਸ ਕਾਰਨ ਫਲਾਪ ਹੋ ਗਏ ਸੀ, ਫਿਰ ਅਸੀਂ ਉਸ ਦੀਆਂ ਕਮੀਆਂ ਪੂਰੀਆਂ ਕੀਤੀਆਂ ਅਤੇ 164 ਕਰੋੜ ਰੁਪਿਆ ਵੈਟ ਓ.ਟੀ.ਐਸ. ਤਹਿਤ ਆਇਆ। ਇਸ ਤਰ੍ਹਾਂ ਨਾਲੇ ਤਾਂ ਵਪਾਰੀਆਂ ਦੇ ਸਿਰਾਂ ਤੋਂ ਤਲਵਾਰ ਹਟੀ,

ਨਾਲੇ 164 ਕਰੋੜ ਰੁਪਿਆ ਖਜ਼ਾਨੇ ਵਿਚ ਆ ਗਿਆ । ਸੋ, ਇਸ ਤਰ੍ਹਾਂ ਕੁਝ ਘਟਾਉਣ ਨਾਲ ਵੀ ਕੁਝ ਵਾਧਾ ਹੋ ਜਾਂਦਾ ਹੈ। ਅਸੀਂ ਅਗਲੇ ਓ.ਟੀ.ਐਸ. ਤੇ ਵੀ ਵਿਚਾਰ ਕਰ ਰਹੇ ਹਾਂ।

ਹੁਣ ਮੈਂ ਖੇਤੀਬਾੜੀ ਨੀਤੀ ਦੀ ਗੱਲ ਕਰਦਾ ਹਾਂ। ਖੇਤੀਬਾੜੀ ਨੀਤੀ ਬਿਲਕੁਲ ਤਿਆਰ ਹੈ। ਅਸੀਂ ਬਹੁਤ ਸਾਰੇ ਮਾਹਿਰਾਂ ਨੂੰ ਬੁਲਾਇਆ, ਪੀ.ਏ.ਯੂ. ਦੇ ਮਾਹਿਰਾਂ ਨੂੰ ਬੁਲਾਇਆ, ਹੋਰ ਜਿਹੜੇ ਖੇਤੀ ਮਾਹਰ ਹਨ, ਉਨ੍ਹਾਂ ਨਾਲ ਗੱਲਬਾਤ ਕੀਤੀ। ਹੁਣ ਅਸੀਂ ਪੰਜਾਬ ਦੇ ਸਟੇਕ ਹੋਲਡਰਾਂ ਨਾਲ ਗੱਲਬਾਤ ਕਰਾਂਗੇ। ਜਿੰਨੀਆਂ ਵੀ ਯੂਨੀਅਨਾਂ ਹਨ ਜਾਂ ਖੇਤੀ ਨਾਲ ਸਬੰਧਤ ਸੰਸਥਾਵਾਂ ਹਨ ਜਾਂ ਬੁੱਧੀਜੀਵੀ ਹਨ, ਉਨ੍ਹਾਂ ਨੂੰ ਬੁਲਾਵਾਂਗੇ। ਅਸੀਂ ਇਸ ਤਰ੍ਹਾਂ ਹੀ ਟਰਾਂਸਪੋਰਟ ਪਾਲਿਸੀ ਲਾਗੂ ਕੀਤੀ ਸੀ। ਸੋ, ਉਨ੍ਹਾਂ ਨੂੰ ਪੁੱਛਾਂਗੇ ਕਿ ਕਿਵੇਂ ਕਰਨਾ ਹੈ ਕਿਉਂਕਿ ਜਿੱਥੇ ਸਮੱਸਿਆ ਹੈ, ਉੱਥੇ ਹੀ ਹੱਲ ਹੈ। ਹੋ ਸਕਦਾ ਹੈ ਇੱਥੇ ਬੈਠੇ ਬਾਬੂਆਂ ਨੂੰ ਉਹ ਗੱਲ ਨਾ ਪਤਾ ਲਗਦੀ ਹੋਵੇ ਜਿਹੜੀ ਖੇਤ ਦੇ ਨੱਕੇ ਤੇ ਬੈਠੇ ਕਿਸਾਨਾਂ ਨੂੰ ਪਤਾ ਹੋਵੇ। ਸੋ, ਇਸ ਕਰਕੇ ਸਾਰਿਆਂ ਨੂੰ ਬੁਲਾਵਾਂਗੇ। ਅਸੀਂ ਤਾਂ ਇਕ ਹਫ਼ਤੇ ਦੇ ਨੋਟਿਸ ਤੇ ਪੀ.ਏ.ਯੂ. ਵਿਚ ਕਿਸਾਨ ਮਿਲਣੀਆਂ ਕਰ ਲੈਂਦੇ ਹਾਂ। 15 ਹਜ਼ਾਰ ਤੋਂ ਵੱਧ ਕਿਸਾਨ ਉੱਥੇ ਆ ਕੇ ਆਪਣੀ ਰਾਏ ਦਿੰਦੇ ਹਨ। ਅਸੀਂ ਸਟਾਲ ਲਗਾ ਲੈਂਦੇ ਹਾਂ ਕਿ ਸਰ੍ਹੋਂ ਵਾਲੇ ਇੱਧਰ ਆ ਜਾਓ, ਮੱਕੀ ਵਾਲੇ ਇੱਧਰ ਆ ਜਾਓ, ਬਾਸਮਤੀ ਵਾਲੇ ਇੱਧਰ ਆ ਜਾਓ, ਅਮਰੂਦਾਂ ਵਾਲੇ ਇੱਧਰ ਆ ਜਾਓ, ਬਾਗਾਂ ਵਾਲੇ ਇੱਧਰ ਆ ਜਾਓ। ਅਸੀਂ ਇਹ ਦੋ ਵਾਰੀ ਕੀਤਾ ਹੈ ਅਤੇ ਅੱਗੇ ਫਿਰ ਕਰ ਲਵਾਂਗੇ। ਮੈਂ ਹਮੇਸ਼ਾ ਤੋਂ ਇਸ ਪੱਖ ਵਿਚ ਰਿਹਾ ਹਾਂ ਕਿ ਸਰਕਾਰਾਂ ਨੂੰ ਨੀਤੀਆਂ ਲੋਕਾਂ ਤੋਂ ਪੁੱਛ ਕੇ ਬਣਾਉਣੀਆਂ ਚਾਹੀਦੀਆਂ ਹਨ। ਬਾਬੂਆਂ ਨੂੰ ਨਹੀਂ ਪਤਾ ਹੋ ਸਕਦਾ, ਉਹ ਚਿੱਟੇ ਟਾਵਲ ਵਾਲੀਆਂ ਕੁਰਸੀਆਂ ਤੇ ਬੈਠ ਕੇ ਜ਼ਮੀਨੀ ਹਕੀਕਤਾਂ ਨੂੰ ਨਹੀਂ ਸਮਝ ਸਕਦੇ। ਲੋਕ ਕੁਝ ਹੋਰ ਚਾਹੁੰਦੇ ਹੁੰਦੇ ਹਨ। ਮੈਂ ਮੋਦੀ ਸਰਕਾਰ ਦੀ ਉਦਾਹਰਨ ਦਿੰਦਾ ਹਾਂ ਕਿ ਕਿਸ ਨੂੰ ਪੁੱਛ ਕੇ ਤਿੰਨ ਕਾਨੂੰਨ ਬਣਾਏ ਸੀ?ਦੇਸ਼ ਵਿਚ ਕਦੋਂ ਅਜਿਹਾ ਅੰਦੋਲਨ ਹੋਇਆ ਸੀ? ਇਹ ਬਹੁਤ ਵਧੀਆ ਕਾਨੂੰਨ ਹਨ, ਇੰਝ ਕਹਿ ਕੇ ਲਾਗੂ ਕਰਵਾ ਦਿੱਤੇ।ਬੱਸ ਬਾਬੂਆਂ ਨੇ ਮਰਵਾਤੇ। ਜਿਨ੍ਹਾਂ ਤੇ ਅਸਰ ਪੈਣਾ ਸੀ, ਉਨ੍ਹਾਂ ਨੂੰ ਪੁੱਛਿਆ ਹੀ ਨਹੀਂ, ਮੁੜ ਕੇ ਸਾਲ ਬਾਅਦ ਝੁਕਣਾ ਪੈ ਗਿਆ ਕਿ ਮੈਂ ਕਾਨੂੰਨ ਵਾਪਸ ਲੈਂਦਾ ਹਾਂ। ਜੇਕਰ ਪਹਿਲਾਂ ਹੀ ਪੁੱਛ ਲੈਂਦੇ, ਪਹਿਲਾਂ ਹੀ ਸਟੇਕ ਹੋਲਡਰਾਂ ਨਾਲ ਗੱਲਬਾਤ ਕਰ ਲੈਂਦੇ ਤਾਂ ਅਜਿਹੀ ਨੌਬਤ ਹੀ ਨਹੀਂ ਆਉਣੀ ਸੀ। ਨਾਲੇ ਬੀਬਾ ਹਰਸਿਮਰਤ ਦੀ ਕੁਰਸੀ ਬਚ ਜਾਂਦੀ, ਉਸ ਦੀ ਵੀ ਬਲੀ ਲੈ ਲਈ। ਸੋ, ਕਈ ਵਾਰ ਸਰਕਾਰਾਂ ਨੀਤੀਆਂ ਤਾਂ ਬਣਾ ਦਿੰਦੀਆਂ ਹਨ ਪਰ ਜਦੋਂ ਉਹ ਨੀਤੀਆਂ ਜ਼ਮੀਨੀ ਪੱਧਰ ਤੇ ਆਉਂਦੀਆਂ ਹਨ ਤਾਂ ਗੱਲ ਹੋਰ ਹੀ ਬਣ ਜਾਂਦੀ ਹੈ। ਅਸੀਂ ਇੰਡਸਟਰੀਅਲ ਪਾਲਿਸੀ ਬਣਾਈ ਹੈ। ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ। ਪਾਲਿਸੀ ਬਣ ਗਈ, ਲਾਗੂ ਕੀਤੀ ਅਤੇ ਕੁਝ ਕਮੀਆਂ ਨਜ਼ਰ ਆਈਆਂ ਤਾਂ ਸਟੇਕ ਹੋਲਡਰਾਂ ਨੂੰ ਪੁੱਛਿਆ ਤਾਂ ਉਹ ਕਹਿੰਦੇ ਕਿ ਆਹ ਚੀਜ਼ ਕੱਟ ਦਿਓ, ਅਸੀਂ ਕਿਹਾ ਠੀਕ ਹੈ ਕੱਟ ਦਿੰਦੇ ਹਾਂ, ਤੁਹਾਨੂੰ ਚੰਗਾ ਲਗਣਾ ਚਾਹੀਦਾ ਹੈ। ਰੈਵੇਨਿਊ ਵਿਚ ਕਮੀ ਨਹੀਂ ਆਉਣੀ ਚਾਹੀਦੀ, ਰੋਜ਼ਗਾਰ ਵਿਚ ਕਮੀ ਨਹੀਂ ਆਉਣੀ ਚਾਹੀਦੀ, ਉਨ੍ਹਾਂ ਦੀ ਪ੍ਰੋਡਕਸ਼ਨ ਵਿਚ ਕਮੀ ਨਹੀਂ ਆਉਣੀ ਚਾਹੀਦੀ, ਅਸੀਂ ਕੱਟ ਦਿੰਦੇ ਹਾਂ। ਸੋ, ਕਈ ਵਾਰ ਗਲਤੀਆਂ ਹੋ ਜਾਂਦੀਆਂ ਹਨ, ਫੋਰਡ ਵਰਗੀਆਂ ਅਮਰੀਕੀ ਕੰਪਨੀਆਂ ਤੋਂ ਵੀ ਅਜਿਹੀਆਂ ਗਲਤੀਆਂ ਹੋਈਆਂ। ਤੁਹਾਨੂੰ ਪਤਾ ਜਦੋਂ ਫੋਰਡ ਕੰਪਨੀ ਨੇ ਪਹਿਲੀ ਕਾਰ ਬਣਾਈ, ਉਸ ਵਿਚ ਕੀ ਗਲਤੀ ਰਹਿ ਗਈ। ਉਹ ਕਾਰ ਵਿਚ ਬੈਕ ਗੇਅਰ ਲਾਉਣਾ ਹੀ ਭੁੱਲ ਗਏ।

**1300/amandeep kaur/Abhishek gautam**

ਫਿਰ ਜਦੋਂ ਪਤਾ ਲੱਗਿਆ ਕਿ ਗੱਡੀ ਨੇ ਬੈਕ ਵੀ ਹੋਣਾ ਹੁੰਦਾ ਤਾਂ ਫਿਰ ਸਾਰੀਆਂ ਗੱਡੀਆਂ ਰੀਕਾਲ ਕੀਤੀਆਂ। ਫਿਰ ਦੁਬਾਰਾ ਬੈਕ ਗੇਅਰ ਲਗਾ ਕੇ ਕੱਢੀਆਂ। ਕਈ ਵਾਰ ਅਜਿਹੀਆਂ ਗਲਤੀਆਂ ਵੀ ਇੰਜੀਨੀਅਰਾਂ ਤੋਂ ਹੋ ਜਾਂਦੀਆਂ ਹਨ।

ਮੈਂ ਇੱਕ ਹੋਰ ਜਾਣਕਾਰੀ ਐਲ.ਓ.ਪੀ ਸਾਹਿਬ ਨੂੰ ਦੇਣੀ ਚਾਹੁੰਦਾ ਹਾਂ, ਉਸ ਦੇ ਵਿੱਚ ਤੁਹਾਡੀ ਰਾਏ ਅਤੇ ਸ਼ਮੂਲੀਅਤ ਚਾਹਾਂਗੇ। ਅਸੀਂ ਇੱਕ ਇੰਡਸਟਰੀਅਲ ਐਡਵਾਈਜ਼ਰੀ ਕਮਿਸ਼ਨ ਬਣਾ ਰਹੇ ਹਾਂ। ਜਿਸ ਦੇ ਵਿੱਚ ਹਰ ਫੀਲਡ ਦੇ ਬੰਦੇ ਚੁਣੇ ਜਾਣੇ ਹਨ। 25-26 ਸੈਕਟਰ ਆਈਡੈਂਟੀਫਾਈ ਕੀਤੇ ਹਨ, ਟੈਕਸਟਾਈਲ, ਰੀਅਲ ਅਸਟੇਟ, ਐਮ.ਐਸ.ਐਮ.ਈ ਅਤੇ ਫਾਰਮਾਸਿਊਟੀਕਲ ਦੇ ਨੁਮਾਇੰਦੇ ਆਈਡੈਂਟੀਫਾਈ ਕੀਤੇ ਹਨ। ਇਸ ਤੋਂ ਇਲਾਵਾਜਿਵੇਂ ਜਲੰਧਰ ਵਿੱਚ ਚਮੜੇ ਦੀਆਂ ਫੈਕਟਰੀਆਂ ਹਨ, ਇਸ ਤਰ੍ਹਾਂ ਦੇ 26 ਸੈਕਟਰ ਹਨ, ਅਸੀਂ ਉਨ੍ਹਾਂ ਨੂੰ ਕਿਹਾ ਤੁਸੀਂ 11 ਬੰਦੇ ਦਿਓ। ਤੁਸੀਂ ਆਪਣੇ ਟੈਕਸਟਾਈਲ ਦਾਕਮਿਸ਼ਨ ਬਣਾਓ। ਤੁਹਾਡਾ ਹੀ ਚੇਅਰਮੈਨ ਦਿਓ ਕਿ ਇਹ ਸਾਡਾ ਚੇਅਰਮੈਨ ਹੋਏਗਾ ਤੇ ਅਸੀਂ ਉਸ ਚੇਅਰਮੈਨ ਨੂੰ ਜੋ ਵੀ ਐਡਵਾਈਜ਼ਰੀ ਬੋਰਡ ਦੇ ਕਮਿਸ਼ਨ ਦਾ ਚੇਅਰਮੈਨ ਹੋਏਗਾ, ਅਸੀਂ ਉਸ ਨੂੰ ਕੈਬਨਿਟ ਦਾ ਰੈਂਕ ਦਿਆਂਗੇ ਤਾਂ ਕਿ ਜੇ ਕੋਈ ਗੱਲ ਚੇਂਜ ਕਰਵਾਉਣੀ ਹੈਤਾਂ ਉਸ ਦੀ ਅਫਸਰਾਂ ਦੇ ਵਿੱਚ ਚੱਲੇ। ਇਸ ਦੇ ਨਾਲ ਹੀ ਜੇ ਇੱਕਲੇ ਟੈਕਸਟਾਈਲ ਦੀ ਪ੍ਰਾਬਲਮ ਹੈ ਤਾਂ ਜ਼ਰੂਰੀ ਨਹੀਂ ਕਿ ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਇਨਵੈਸਟ ਪੰਜਾਬ ਜਾਂ ਜਿਹੜੇ ਇੰਡਸਟਰੀਅਲ ਸੰਮੇਲਨ ਹੁੰਦੇ ਹਨ, ਉਸ ਦੇ ਵਿੱਚ ਆ ਕੇ ਗੱਲ ਕਰਨੀ ਪਵੇ। ਉਹ ਇੱਕਲੇ ਵੀ ਆ ਸਕਦੇ ਹਨ। ਉਹ 2 ਬੰਦੇ ਵੀ ਭੇਜ ਸਕਦੇ ਹਨ ਕਿ ਟੈਕਸਟਾਈਲ ਦੀ ਇਹ ਪ੍ਰਾਬਲਮ ਹੈ। ਅਸੀਂ ਉਸਦਾ ਇਮੀਜੀਏਟਲੀ ਹੱਲ ਕਰਾਂਗੇ।

ਇਸੇ ਤਰ੍ਹਾਂ ਅਸੀਂ ਖੇਤੀ ਖੇਤਰ ਵਿੱਚ ਵੀ ਕਰਾਂਗੇ। ਜਿਵੇਂ ਮਾਣਯੋਗ ਸੁਪਰੀਮ ਕੋਰਟ ਨੇ ਕਮੇਟੀ ਬਣਾਈ ਹੈ, ਉਨ੍ਹਾਂ ਨੇ ਸਾਡੇ ਤੋਂ ਨਾਮ ਮੰਗੇ ਗਏ ਸਨ, ਅਸੀਂ ਚੰਗੇ ਅਫਸਰਾਂ ਦੇ ਨਾਮ ਪੁੱਛ ਕੇ ਦਿੱਤੇ ਸਨ ਕਿ ਕੌਣ ਅਜਿਹਾ ਹੋ ਸਕਦਾ ਹੈ ਜਿਸ ਨੂੰ ਖੇਤੀ ਬਾਰੇ ਵੱਧ ਤੋਂ ਵੱਧ ਟੈਕਨੀਕਲ ਗੱਲਾਂ ਦਾ ਪਤਾ ਹੋਵੇ। ਇਸ ਲਈ ਅਸੀਂ ਪੀ.ਏ.ਯੂ ਨੂੰ ਪੁੱਛ ਕੇ ਨਾਮ ਦਿੱਤੇ ਹਨ ਅਤੇ ਹਰਿਆਣਾ ਨੇ ਵੀ ਆਪਣੇ ਨਾਮ ਦਿੱਤੇ। ਮੈਂ ਇੱਥੇ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਜਿਹੜੀ ਨੀਯਤ ਹੈ ਉਹ ਚੰਗੀ ਹੈ, ਲੋਕਾਂ ਨੂੰ ਪੁੱਛ ਪੁੱਛ ਕੇ ਨੀਤੀਆਂ ਬਣਾਉਣ ਦਾ ਇਰਾਦਾ ਹੈ।ਅਸੀਂ ਖੇਤੀ ਦੇ ਮਾਹਿਰ ਲੈ ਕੇ ਇੱਕ ਕਮੇਟੀ ਦਾ ਗਠਨ ਕਰਾਂਗੇ।

ਇਸ ਤੋਂ ਅੱਗੇ ਮੈਂ ਦੱਸਣਾ ਚਾਹਾਂਗਾ ਕਿ ਪੰਚਾਇਤੀ ਰਾਜ ਸੋਧ ਬਿਲ ਵੀ ਆ ਰਿਹਾ ਹੈ। ਅਸੀਂ ਇਸ ਸਬੰਧੀ ਫੈਸਲਾ ਪਹਿਲਾਂ ਹੀ ਕੈਬਨਿਟ ਦੇ ਵਿੱਚ ਕਰ ਚੁੱਕੇ ਹਾਂ ਕਿ ਪੰਚਾਇਤਾਂ ਦੀਆਂ ਇਲੈਕਸ਼ਨਾਂ ਜਲਦੀ ਕਰਵਾਲਈਏ।ਪਿੰਡਾਂ ਵਿੱਚ ਧੜ੍ਹਿਆਂ ਦੀ ਧੜ੍ਹੇਬੰਦੀ ਕਰਕੇ ਕੋਈ 751 ਜਾਂ ਹੋਰ ਕੇਸ ਨਾ ਹੋਣ ਤਾਂ ਇਸ ਦੇ ਲਈ ਫੈਸਲਾ ਕੀਤਾ ਹੈ ਕਿ ਪੰਚਾਇਤ ਦੀਆਂ ਚੋਣਾਂ ਕਿਸੇ ਵੀ ਪੋਲੀਟੀਕਲ ਪਾਰਟੀ ਦੇ ਸਿੰਬਲ ਤੇ ਨਹੀਂ ਲੜੀਆਂ ਜਾਣਗੀਆਂ ਤਾਂ ਕਿਪਿੰਡ ਧੜ੍ਹਿਆਂ ਤੋਂ ਬਚੇ ਰਹਿਣ। ਇਸ ਦਾ ਕਾਰਨ ਇਹ ਨਹੀਂ ਹੈ ਕਿ ਅਸੀਂ ਕਿਸੇ ਨੂੰ ਬਾਰ ਕਰਨਾ ਚਾਹੁੰਦੇ ਹਾਂ।ਅਜਿਹਾ ਕਰਨ ਦਾ ਮਤਲਬ ਇਹ ਹੈ ਕਿ ਸਰਪੰਚ ਪਿੰਡ ਦਾ ਹੋਏਗਾ, ਉਹ ਕਿਸੇ ਪਾਰਟੀ ਦਾ ਨਹੀਂ ਹੋਏਗਾ ਕਿ ਇਹ ਪੰਜੇ ਵਾਲਿਆਂ ਦਾ ਹੈ, ਇਹ ਝਾੜੂ ਵਾਲਿਆਂ ਦਾ ਹੈ, ਇਹ ਹਾਥੀ ਵਾਲਿਆਂ ਦਾ ਹੈ। ਬਿਲਕੁਲ ਨਹੀਂ। ਲੋਕਲ ਪੰਚਾਇਤੀ ਚੋਣ ਧੜ੍ਹਿਆਂ ਤੋਂ ਉੱਪਰ ਹੋਣੀ ਚਾਹੀਦੀ ਹੈ। ਮੈਂ ਇੱਕ ਹੋਰ ਗੱਲ ਦੱਸਦਾ ਹਾਂ, ਸਾਲ 2018 ਦੇ ਵਿੱਚ ਪੰਚਾਇਤੀ ਚੋਣਾਂ ਹੋਈਆਂ ਸਨ। ਇੱਕ ਵੀ ਬੰਦੇ ਨੇ ਕਿਸੇ ਪਾਰਟੀ ਦਾ ਸਿੰਬਲ ਨਹੀਂ ਲਿਆ। ਇੱਕ ਵੀ ਸਰਪੰਚ ਨੇ ਕਿਸੇ ਪਾਰਟੀ ਦੇ ਸਿੰਬਲ ਤੇ ਸਰਪੰਚ ਦੀ ਚੋਣ

ਨਹੀਂ ਲੜੀ। ਪਰ ਕਾਨੂੰਨ ਇਹ ਕਹਿੰਦਾ ਕਿ ਜੇ ਉਹ ਮੰਗ ਲਏ ਕਿ ਮੈਨੂੰ ਪੰਜਾਦਿਓ ਤਾਂ ਮਨ੍ਹਾਂ ਨਹੀਂ ਕੀਤਾ ਜਾ ਸਕਦਾ। ਫਿਰ ਉਥੇ ਦਿੱਕਤ ਪੈ ਜਾਂਦੀ ਹੈ। ਬਹੁਤ ਸਾਰੇ ਪਿੰਡਾਂ ਨੇ ਮਤੇ ਪਾਏ ਕਿ ਜੇ ਕੋਈ ਸਰਪੰਚ ਕਿਸੇ ਪਾਰਟੀ ਦੇ ਸਿੰਬਲ ਤੇ ਲੜੇਗਾ ਤਾਂ ਅਸੀਂ ਉਸ ਦਾ ਬਾਈਕਾਟ ਕਰਾਂਗੇ। ਇਹ ਗੱਲ ਨਿਬੇੜਨ ਵਾਸਤੇ ਅਸੀਂ ਪਹਿਲਾਂ ਹੀ ਕਹਿ ਦਿੱਤਾ ਕਿ ਤੁਸੀਂ ਚੋਣਾਂਮੰਜੇ,ਜੱਗਜਾਂ ਲੋਕਲ ਚੋਣ ਨਿਸ਼ਾਨ ਤੇ ਲੜ ਹੀ ਲਓ, ਉਹੀ ਤੁਹਾਨੂੰ ਮਿਲਣਗੇ। ਹਾਂ ਇੱਕ ਗੱਲ ਹੋਰ, ਜੇ ਕੋਈ ਪਾਰਟੀ ਦਾ ਲੋਇਲ ਹੈ, ਜਿਸ ਨੇ ਸੋਚਿਆ ਹੋਇਆ ਹੈ ਕਿ ਮੈਂ ਸਰਪੰਚ ਬਣਨਾ ਹੈ ਤੇ ਮੈਂ ਦੱਸਣਾ ਹੈ ਕਿ ਮੈਂ ਕਿਸ ਪਾਰਟੀ ਦਾ ਹਾਂ। ਉਹ ਆਪਣੇ ਪੋਸਟਰ ਛਾਪੇਗਾ। ਫਰਜ਼ ਕਰ ਲਓ ਚੋਣ ਨਿਸ਼ਾਨ ਉਸ ਨੂੰ ਮੰਜਾ ਮਿਲ ਗਿਆ, ਪੋਸਟਰ ਮੰਜੇ ਵਾਲੇ ਛਾਪੇਗਾ ਤਾਂ ਉਹ ਪੋਸਟਰ ਤੇ ਆਪਣੇ ਵੱਡੇ ਲੀਡਰਾਂ ਦੀ ਫੋਟੋ ਲਗਾ ਸਕਦਾ ਹੈ। ਇਸ ਦੇ ਨਾਲ ਹੀ ਪਤਾ ਲੱਗ ਜਾਏਗਾ ਕਿ ਉਹ ਕਿਹੜੀ ਪਾਰਟੀ ਦਾ ਹੈ। ਉਸ ਨੂੰ ਇਨ੍ਹਾਂ ਵੋਟਾਂ ਵਿੱਚ ਨੁਕਸਾਨ ਹੁੰਦਾ, ਫਾਇਦਾ ਹੁੰਦਾ ਹੈ, ਇਹ ਉਸ ਦੀ ਮਰਜ਼ੀ ਹੈ।

**ਸਰਦਾਰ ਪਰਗਟ ਸਿੰਘ ਪੋਆਰ (ਬੈਠੇ-ਬੈਠੇ):** ਸਰ, ਇਹ ਜ਼ਰੂਰ ਕਰਵਾ ਦਿਓ ਜੀ।

**ਮੁੱਖ ਮੰਤਰੀ:** ਅਸੀਂ ਇਹ ਕਰਵਾ ਰਹੇ ਹਾਂ ਜੀ। ਹਾਈ ਕੋਰਟ ਦੇ ਵਿੱਚ ਮੇਰੇ ਏ.ਜੀ ਸਾਹਿਬ ਬੈਠੇ ਹਨ। ਹਰਿਆਣਾ ਦੀਆਂ ਇਲੈਕਸ਼ਨਾਂ ਦਾ ਕੰਮ ਚੱਲ ਰਿਹਾ ਹੈ।

**ਸਰਦਾਰ ਪਰਗਟ ਸਿੰਘ ਪੋਆਰ (ਬੈਠੇ ਬੈਠੇ):** ਕਾਰਪੋਰੇਸ਼ਨਾਂ ਦਾ ਵੀ ਕਰਵਾ ਦਿਓ।

**ਮੁੱਖ ਮੰਤਰੀ:** ਹਾਂ ਜੀ, ਕਾਰਪੋਰੇਸ਼ਨਾਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਵੀ ਸਾਰੀਆਂ ਆਉਣਗੀਆਂ। ਉਸ ਤੋਂ ਬਾਅਦ 4 ਆਪਣੀਆਂ ਚੋਣਾਂ ਵੀ ਆਉਣਗੀਆਂ। (ਹਾਸਾ)

**1305/Tarlochan Singh/Abhishek gautam**

ਉਥੇ ਵੀ ਬਾਜਵਾ ਸਾਹਿਬ ਨੇ ਕਹਿਣਾ ਹੈ ਕਿ ਇਸ ਦੀ ਮੰਜੀ ਹੁਣ ਚੁੱਕ ਕੇ ਸਤੌਜ ਛੱਡ ਕੇ ਆਉਣਗੇ। (ਹਾਸਾ) ਬੜੇ ਮੌਕੇ ਮਿਲਣਗੇ ਪਰ ਮੰਜੀ ਉਥੇ ਦੀ ਉਥੇ ਹੀ ਹੈ। ਸੋ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਪੰਚੀ ਲੋਕਲ ਹੈ, ਸਰਪੰਚੀ ਪਿੰਡ ਦੀ ਹੈ। ਹਰ ਰੋਜ਼ ਇੱਕ ਦੂਜੇ ਦੇ ਮੂੰਹ ਮੱਥੇ ਲੱਗਦੇ ਹਾਂ। ਸਰਪੰਚੀ ਦੀਆਂ ਵੋਟਾਂ ਤੇ 40-40 ਲੱਖ ਰੁਪਿਆ ਖਰਚ ਹੋਣ ਲੱਗਾ ਹੈ। ਸਰਪੰਚ 40 ਲੱਖ ਲਗਾ ਕੇ ਕਿੱਥੋਂ ਕੱਢੇਗਾ? ਇਹ ਤਾਂ ਹੋ ਨਹੀਂ ਸਕਦਾ ਕਿ ਉਸ ਨੂੰ ਕੋਈ ਕੁਰੱਪਸ਼ਨ ਦਾ ਮੌਕਾ ਮਿਲੇ।

ਮੈਂ ਅੱਜ ਇਸ ਮੁਕੱਦਸ ਹਾਊਸ ਵਿੱਚ ਇੱਕ ਹੋਰ ਗੱਲ ਅਨਾਊਂਸ ਕਰਨਾ ਚਾਹੁੰਦਾ ਹਾਂ ਕਿ ਜਿਹੜੇ ਪਿੰਡ ਪੂਰੀ ਪੰਚਾਇਤ ਦੀ ਸਰਬਸੰਮਤੀ ਕਰ ਲੈਣਗੇ, ਉਨ੍ਹਾਂ ਨੂੰ ਇਨਾਮ ਵਜੋਂ 5 ਲੱਖ ਰੁਪਿਆ ਕੈਸ਼ ਦੇਵਾਂਗੇ। (ਥੰਪਿੰਗ) ਇਸ ਰਕਮ ਨੂੰ ਪੰਚਾਇਤ ਜਿੱਥੇ ਮਰਜ਼ੀ ਵਰਤ ਸਕਦੀ ਹੈ। ਉਸ ਪਿੰਡ ਨੂੰ ਸਟੇਡੀਅਮ ਦੇਵਾਂਗੇ, ਜੇ ਸਕੂਲ ਚਾਹੁੰਦੇ ਹਨ ਤਾਂ ਸਕੂਲ ਅਤੇ ਜੇ ਹਸਪਤਾਲ ਚਾਹੁੰਦੇ ਹਨ ਤਾਂ ਹਸਪਤਾਲ ਪ੍ਰਾਇਰਟੀ ਤੇ ਮਿਲੇਗਾ। (ਥੰਪਿੰਗ) ਇਹ ਸਭ ਇਸ ਗੱਲ ਦੇ ਪ੍ਰਤੀਕ ਵਜੋਂ ਮਿਲੇਗਾ ਕਿ ਇਸ ਪਿੰਡ ਵਿੱਚ ਏਕਾ ਹੈ ਅਤੇ ਇਸ ਪਿੰਡ ਵਿੱਚ ਫੁੱਟ ਨਹੀਂ ਹੈ। ਜੇਕਰ ਇੱਕ ਬੰਦਾ 40 ਲੱਖ

ਲਗਾਉਂਦਾ ਹੈ, ਦੂਜਾ 30 ਲੱਖ ਲਗਾਵੇਗਾ ਤੇ ਤੀਜਾ 20 ਲੱਖ ਲਗਾਵੇਗਾ। ਅੱਜ ਕੱਲ੍ਹ ਇਹ ਲਗਾਉਣੇ ਪੈਂਦੇ ਹਨ। ਪਿੰਡਾਂ ਵਿੱਚ ਤਾਂ ਕਹਿ ਦਿੰਦੇ ਹਨ ਕਿ ਉਸ ਨੇ ਤਾਂ ਸ਼ੁਰੂ ਕਰ ਦਿੱਤੀ, ਤੁਸੀਂ ਕਿਉਂ ਨਹੀਂ ਕਰ ਰਹੇ? ਦੇਖ ਲਉ, ਇਹ ਤਾਂ ਆਪਣੀ ਡੈਮੋਕ੍ਰੇਸੀ ਹੈ। ਕਹਿੰਦੇ ਕਿ ਬਾਈ, ਉਨ੍ਹਾਂ ਨੇ ਤਾਂ ਰਾਤ ਸ਼ੁਰੂ ਕਰ ਦਿੱਤੀ, ਤੁਸੀਂ ਕਿਉਂ ਨਹੀਂ ਕਰਦੇ। (ਹਾਸਾ) ਫਿਰ ਅਗਲੇ ਦਿਨ ਦੂਜੇ ਨੂੰ ਵੀ ਸ਼ੁਰੂ ਕਰਨੀ ਪੈ ਜਾਂਦੀ ਹੈ। ਫਿਰ ਗੱਲ ਕੁਆਲਿਟੀ ਤੇ ਆ ਜਾਂਦੀ ਹੈ। ਕਹਿੰਦੇ ਕਿ ਮਹਾਰਾਜ, ਹੁਣ ਦੇਸੀ ਨਾਲ ਕਿੱਥੇ ਕੰਮ ਚੱਲਦਾ ਹੈ। ਸੋ, ਅਸੀਂ ਚਾਹੁੰਦੇ ਹਾਂ ਕਿ ਇਹ ਕੰਮ ਇਸ ਲੈਵਲ ਤੱਕ ਜਾਵੇ ਹੀ ਨਾ। ਮੈਂਬਰ, ਸਰਪੰਚ ਆਪਣੇ ਚੁਣੋ, ਚੰਗੇ ਬੰਦਿਆਂ ਨੂੰ ਚੁਣੋ। ਪੰਚਾਇਤਾਂ ਡੈਮੋਕ੍ਰੇਸੀ ਦੀ ਨੀਂਹ ਹਨ। ਜੇ ਪੰਚਾਇਤ ਚੰਗੀ ਹੈ ਤਾਂ ਪਿੰਡ ਤਰੱਕੀ ਕਰ ਜਾਂਦਾ ਹੈ।

ਇੱਕ ਹੰਸ ਅਤੇ ਹੰਸਣੀ ਕਿਤੇ ਦੂਰ ਉਡਾਰੀ ਮਾਰ ਚੱਲੇ ਸੀ। ਰਸਤੇ ਵਿੱਚ ਰਾਤ ਪੈ ਗਈ, ਹੰਸ ਨੇ ਕਿਹਾ ਕਿ ਇਸ ਬੋਹੜ ਦੇ ਦਰੱਖਤ ਤੇ ਰਾਤ ਕੱਟ ਲੈਂਦੇ ਹਾਂ। ਉਹ ਦੋਨੋਂ ਉਸੇ ਬੋਹੜ ਤੇ ਬੈਠ ਗਏ, ਆਲੇ ਦੁਆਲੇ ਬੜਾ ਸੁੰਨ-ਮਸਾਣ ਸੀ, ਉਜਾੜ ਸੀ। ਹੰਸਣੀ ਕਹਿੰਦੀ ਕਿ ਹੰਸ ਜੀ, ਇਸ ਇਲਾਕੇ ਵਿੱਚ ਇੰਨਾ ਉਜਾੜ ਕਿਉਂ ਹੈ? ਹੰਸ ਕਹਿੰਦਾ ਕਿ ਇੱਥੇ ਉੱਲੂਆਂ ਦਾ ਵਾਸਾ ਹੋਣਾ ਹੈ, ਇੱਥੇ ਉੱਲੂ ਰਹਿੰਦੇ ਹੋਣਗੇ। ਇਹ ਉੱਲੂਆਂ ਕਰਕੇ ਉਜਾੜ ਹੈ, ਉੱਲੂ ਉਜਾੜ ਭਾਲਦੇ ਹਨ। ਕੁਦਰਤੀ ਕੀ ਹੋਇਆ ਕਿ ਥੱਲੇ ਵਾਲੀ ਟਾਹਣੀ ਤੇ ਉੱਲੂ ਬੈਠਾ ਸੀ, ਉਸ ਨੇ ਸੁਣ ਲਿਆ। ਉਸ ਨੇ ਸੋਚਿਆ ਕਿ ਇਹ ਮੇਰੇ ਵਿਰੁੱਧ ਹੀ ਬੋਲੀ ਜਾਂਦਾ ਹੈ ਕਿ ਜਿੱਥੇ ਉੱਲੂ ਵੱਸਦੇ ਹਨ, ਉਹ ਉਜਾੜ ਹੁੰਦਾ ਹੈ। ਜਦੋਂ ਸਵੇਰ ਨੂੰ ਹੰਸ ਤੇ ਹੰਸਣੀ ਉੱਡਣ ਲੱਗੇ ਤਾਂ ਉੱਲੂ ਨੇ ਰੋਕ ਲਿਆ ਅਤੇ ਕਹਿੰਦਾ ਕਿ ਇੱਥੇ ਆਉ। ਉੱਲੂ ਕਹਿੰਦਾ ਕਿ ਮੇਰੀ ਘਰਵਾਲੀ ਨੂੰ ਕਿੱਥੇ ਲੈ ਕੇ ਚੱਲਿਆ ਹੈਂ? ਹੰਸ ਕਹਿੰਦਾ ਕਿ ਕੀ ਮਤਲਬ? ਉੱਲੂ ਕਹਿੰਦਾ ਕਿ ਜਿਹੜੀ ਤੇਰੇ ਨਾਲ ਹੈ, ਇਹ ਮੇਰੀ ਘਰਵਾਲੀ ਹੈ। ਹੰਸ ਕਹਿੰਦਾ ਕਿ ਮੈਂ ਹੰਸ ਹਾਂ, ਇਹ ਹੰਸਣੀ ਹੈ ਅਤੇ ਤੂੰ ਉੱਲੂ ਹੈਂ ਅਤੇ ਇਹ ਮੇਰੀ ਘਰਵਾਲੀ ਹੈ। ਉਹ ਉੱਲੂ ਨੂੰ ਕਹਿੰਦਾ ਕਿ ਤੂੰ ਸਾਬਤ ਕਰ। ਉੱਲੂ ਕਹਿੰਦਾ ਕਿ ਪੰਚਾਇਤ ਬੁਲਾ ਲੈਂਦੇ ਹਾਂ। ਪੰਚਾਇਤ ਬੁਲਾਈ ਗਈ ਤਾਂ ਸਰਪੰਚ ਘੋਗੜ ਸੀ। ਲੂੰਬੜੀ ਹੋਰੀਂ ਮੈਂਬਰ ਸੀ, ਕਾਂ ਹੋਰੀਂ ਵੀ ਵਿੱਚ ਹੀ ਸੀ। ਪੰਚਾਇਤ ਸਾਹਮਣੇ ਹੰਸ ਕਹਿੰਦਾ ਕਿ ਹੰਸਣੀ ਮੇਰੀ ਘਰਵਾਲੀ ਹੈ, ਸਾਡਾ ਰੰਗ, ਖੰਭ ਦੇਖੋ, ਇੱਕੋ ਜਿਹੇ ਹਨ। ਇਹ ਉੱਲੂ ਦੀ ਘਰਵਾਲੀ ਕਿਵੇਂ ਹੋ ਸਕਦੀ ਹੈ? ਪੰਚਾਇਤ ਕਹਿੰਦੀ ਕਿ ਗੱਲ ਤਾਂ ਸਹੀ ਹੈ, ਇਹ ਹੰਸ ਦੀ ਘਰਵਾਲੀ ਹੀ ਹੈ। ਇੰਨੇ ਨੂੰ ਕਾਂ ਨੇ ਕੰਨ ਵਿੱਚ ਫੂਕ ਮਾਰ ਦਿੱਤੀ ਕਿ ਮਹਾਰਾਜ, ਹੈ ਤਾਂ ਇਹ ਹੰਸ ਦੀ ਘਰਵਾਲੀ, ਪਰ ਤੁਸੀਂ ਦੇਖੋ ਤਾਂ ਸਹੀ ਕਿ ਇਹ ਕਿੰਨੀ ਸੋਹਣੀ ਹੈ। ਇਹ ਆਪਣੇ ਹਲਕੇ ਵਿੱਚ, ਇਲਾਕੇ ਵਿੱਚ ਆਈ ਹੋਈ ਹੈ। ਰੋਜ਼ ਇਹ ਇੱਥੇ ਉੱਡਿਆ ਕਰੇਗੀ, ਅਸੀਂ ਦੇਖਿਆ ਕਰਾਂਗੇ। ਹੰਸ ਨੇ ਲੈ ਕੇ ਹੁਣੇ ਹੀ ਭੱਜ ਜਾਣਾ ਹੈ, ਫਿਰ ਆਪਣੇ ਕੋਲ ਕੀ ਰਹਿ ਜਾਵੇਗਾ? ਉਹ ਕਹਿੰਦਾ ਕਿ ਇਸ ਨੂੰ ਉੱਲੂ ਦੀ ਘਰਵਾਲੀ ਡਿਕਲੇਅਰ ਕਰ ਦਿਉ। ਸਰਪੰਚ ਕਹਿੰਦਾ ਕਿ ਠੀਕ ਹੈ ਜੀ, ਇਹ ਉੱਲੂ ਦੀ ਘਰਵਾਲੀ ਹੈ। ਫੈਸਲਾ ਹੋ ਗਿਆ ਕਿ ਉਹ ਉੱਲੂ ਦੀ ਘਰਵਾਲੀ ਹੈ, ਹੰਸ ਨੂੰ ਇਸ ਗੱਲ ਦਾ ਬੜਾ ਦੁੱਖ ਲੱਗਾ। ਹੰਸ ਉੱਡਣ ਲੱਗਾ ਤਾਂ ਉੱਲੂ ਕਹਿੰਦਾ ਕਿ ਹੰਸ ਇੱਧਰ ਆ ਤੇ ਆਪਣੀ ਘਰਵਾਲੀ ਨੂੰ ਲੈ ਜਾ। ਹੰਸ ਕਹਿੰਦਾ ਕਿ ਇਹ ਕੀ ਗੱਲ ਹੈ, ਦੋ ਘੰਟੇ ਆਪਣੇ ਡਿਬੇਟ ਵਿੱਚ ਲੰਘ ਗਏ, ਉਦੋਂ ਤੂੰ ਕਹਿੰਦਾ ਰਿਹਾ ਕਿ ਮੇਰੀ ਘਰਵਾਲੀ ਹੈ, ਹੁਣ ਕਹਿੰਦਾ ਹੈ ਕਿ ਆਪਣੀ ਘਰਵਾਲੀ ਲੈ ਜਾ। ਉੱਲੂ ਕਹਿੰਦਾ ਕਿ ਮੈਂ ਤੇਰੀ ਇਸ ਤਰ੍ਹਾਂ ਕੋਈ ਬੇਇੱਜ਼ਤੀ ਨਹੀਂ ਸੀ ਕਰਨੀ ਪਰ ਰਾਤ ਮੈਂ ਤੈਨੂੰ ਕਹਿੰਦੇ ਹੋਏ ਸੁਣਿਆ, ਤੂੰ ਬੋਹੜ ਤੇ ਬੈਠਾ ਬੋਲ ਰਿਹਾ ਸੀ ਕਿ ਉੱਲੂਆਂ ਕਰਕੇ ਉਜਾੜ ਹੁੰਦਾ ਹੈ। ਮੈਂ ਤੈਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਉਜਾੜ ਉੱਲੂਆਂ ਕਰਕੇ ਨਹੀਂ ਹੁੰਦਾ ਸਗੋਂ ਜਿੱਥੇ ਇਹੋ ਜਿਹੀਆਂ ਪੰਚਾਇਤਾਂ ਹੋਣ, ਉਥੇ ਉਜਾੜ ਹੁੰਦਾ ਹੈ। (ਥੰਪਿੰਗ) ਸੋ, ਅਜਿਹੀਆਂ ਪੰਚਾਇਤਾਂ ਚੁਣਿਓ

ਹੀ ਨਾ ਜਿਸ ਨਾਲ ਉਜਾੜ ਪੈ ਜਾਵੇ, ਜਿਹੜੀਆਂ ਉਜਾੜ ਪਾਉਂਦੀਆਂ ਹੋਣ ਅਤੇ ਗਲਤ ਫੈਸਲੇ ਕਰਦੀਆਂ ਹੋਣ। ਸੋ, ਮੈਂ ਇਹੋ ਕਹਿੰਦਾ ਹਾਂ ਕਿ ਜਿਹੜਾ ਸਾਡਾ ਪੰਜਾਬ ਹੈ, ਇਸ ਵਿੱਚ ਸਰਪੰਚ ਸਾਹਿਬ ਬੜੇ ਮਾਣ ਨਾਲ ਕਿਹਾ ਜਾਂਦਾ ਹੈ। ਜੇਕਰ ਇੱਕ ਵਾਰ ਸਰਪੰਚ ਸਾਹਿਬ ਅੱਲ ਪੈ ਜਾਵੇ ਤਾਂ ਸਾਰੀ ਉਮਰ, ਕਈ ਪੀੜ੍ਹੀਆਂ ਤੱਕ ਸਰਪੰਚਾਂ ਦਾ ਘਰ ਵੱਜਦਾ ਰਹਿੰਦਾ ਹੈ। ਪੰਚਾਇਤ ਦੇ ਮੈਂਬਰ ਹੋਣਾ ਵੀ ਬੜੀ ਵੱਡੀ ਪ੍ਰਾਪਤੀ ਹੈ ਕਿ ਮੈਂ ਪੰਚਾਇਤ ਦਾ ਮੈਂਬਰ ਰਿਹਾ ਹਾਂ। ਪਹਿਲੇ ਵੇਲਿਆਂ ਵਿੱਚ ਪੰਚਾਇਤ ਦੀ ਬੜੀ ਵੱਡੀ ਪਾਵਰ ਹੁੰਦੀ ਸੀ। ਫੈਸਲੇ ਪੰਚਾਇਤ ਤੋਂ ਬਾਹਰ ਜਾਂਦੇ ਹੀ ਨਹੀਂ ਸਨ। ਹੁਣ ਤਾਂ ਸੱਸ ਨੂੰਹਾਂ ਦੇ ਝਗੜੇ ਵੀ ਸੁਪਰੀਮ ਕੋਰਟ ਵਿੱਚ ਫਿਰਦੇ ਹਨ। ਕੋਈ ਰੋਕਣ ਵਾਲਾ ਹੀ ਨਹੀਂ ਹੈ ਅਤੇ ਨਾ ਹੀ ਕੋਈ ਕਿਸੇ ਦੀ ਗੱਲ ਮੰਨਦਾ ਹੈ। ਚਾਰ ਬੰਦੇ ਇੱਧਰ ਹੋ ਜਾਂਦੇ ਹਨ, ਚਾਰ ਬੰਦੇ ਉੱਧਰ ਹੋ ਜਾਂਦੇ ਹਨ। ਜਿਹੜੇ ਫੈਸਲੇ ਪਹਿਲਾਂ ਪੰਚਾਇਤਾਂ ਵਿੱਚ ਹੁੰਦੇ ਸੀ, ਅੱਜ ਸੁਪਰੀਮ ਕੋਰਟ ਵਿੱਚ ਫਿਰਦੇ ਹਨ। ਸੋ, ਅਸੀਂ ਚਾਹੁੰਦੇ ਹਾਂ ਕਿ ਪੰਚਾਇਤੀ ਸਿਸਟਮ ਨੂੰ ਤਕੜਾ ਕਰੀਏਤੇ ਉਹ ਤਕੜਾ ਤਾਂ ਹੋਵੇਗਾ ਜੇ ਪੰਚਾਇਤ ਸਿਸਟਮ ਵਿੱਚ ਵਧੀਆ ਬੰਦੇ ਚੁਣ ਕੇ, ਲੋਕਾਂ ਦੇ ਮਨਪਸੰਦ ਬੰਦੇ ਚੁਣ ਕੇ ਆਉਣਗੇ।

ਕੱਲ੍ਹ ਵਿਰੋਧੀ ਧਿਰ ਦੇ ਨੇਤਾ ਜੀ ਵੱਲੋਂ ਇੱਕ ਬੇਅਦਬੀ ਦੀ ਐਫ.ਆਈ.ਆਰ ਦੀ ਗੱਲ ਉੱਠੀ ਸੀ। ਇੱਥੇ ਏ.ਜੀ. ਸਾਹਿਬ ਬੈਠੇ ਹਨ। ਉਸ ਸਬੰਧੀ ਸਰਕਾਰ ਨੂੰ ਬਹੁਤ ਸਾਰੇ ਨਵੇਂ ਕਲੂ ਮਿਲੇ ਹਨ, ਜਿਨ੍ਹਾਂ ਨੂੰ ਐਡ ਕਰਕੇ ਅਤੇ ਚੰਗੀ ਤਰ੍ਹਾਂ ਕਿੱਲ ਠੋਕ ਕੇ ਸਾਡੇ ਵੱਲੋਂ ਉਹ ਐਫ.ਆਈ.ਆਰ. ਬਿਲਕੁਲ ਤਿਆਰ ਹੈ ਅਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ ਕਰਕੇ ਆਉਣ ਵਾਲੇ ਚੰਦ ਦਿਨਾਂ ਵਿੱਚ ਅਸੀਂ ਉਸ ਨੂੰ ਪੇਸ਼ ਕਰਾਂਗੇ। ਜੇਕਰ ਜਲਦਬਾਜ਼ੀ ਵਿੱਚ ਉਹ ਪੇਸ਼ ਕਰ ਦੇਈਏ ਤਾਂ ਉਸ ਦਾ ਕੋਈ ਫਾਇਦਾ ਨਹੀਂ ਹੋਵੇਗਾ। ਸਾਨੂੰ ਉਸ ਬਾਰੇ ਜੋ ਨਵੇਂ ਕਲੂ ਵੀ ਮਿਲੇ ਹਨ, ਉਨ੍ਹਾਂ ਨੂੰ ਵੀ ਉਸ ਰਿਪੋਰਟ ਵਿੱਚ ਐਡ ਕਰਕੇ ਚੰਦ ਦਿਨਾਂ ਵਿੱਚ ਅਸੀਂ ਪੇਸ਼ ਕਰ ਦਿਆਂਗੇ। (ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ) ਇਹ ਸਾਡੀ ਗਾਰੰਟੀ ਵੀ ਸੀ, ਸਾਡਾ ਵਾਅਦਾ ਵੀ ਸੀ ਔਰ ਇਹ ਸਾਡਾ ਫਰਜ਼ ਵੀ ਬਣਦਾ ਹੈ ਕਿ ਸਾਡੇ ਗੁਰੂ ਸਾਹਿਬ ਦੀ ਬੇਅਦਬੀ ਦਾ ਜੇ ਕੋਈ ਦੋਸ਼ੀ ਹੈ ਤਾਂ ਉਸ ਨੂੰ ਸਜ਼ਾ ਹੋਵੇ। ਪਹਿਲਾਂ ਕੋਟਕਪੂਰੇ ਵਾਲੀ ਐਫ.ਆਈ.ਆਰ. ਕੀਤੀ ਹੈ, ਬਹਿਬਲ ਕਲਾਂ ਵਾਲੀਆਂ ਵੀ ਨਵੀਆਂ ਮੀਟਿੰਗਾਂ ਕੰਟੀਨਿਊ ਕੀਤੀਆਂ ਹਨ। ਸੋ, ਹੁਣ ਕੁਝ ਨਵੇਂ ਕਲੂ ਵੀ ਮਿਲੇ ਹਨ ਅਤੇ ਤੁਸੀਂ ਦੇਖਿਆ ਹੋਣਾ ਹੈ ਕਿ ਨਵੀਂ ਡਿਵੈਲਪਮੈਂਟ ਵੀ ਹੋਈ ਹੈ। ਮੈਂ ਆਪ ਸੱਚੇ ਦਿਲੋਂ ਚਾਹੁੰਦਾ ਹਾਂ ਕਿ ਸਾਨੂੰ ਸਾਡੇ ਬਾਪ, ਸਾਡੇ ਪਿਤਾ ਜੀ ਦੀ, ਸਾਡੇ ਬਾਪੂ ਜੀ ਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਹੜੀ ਬੇਅਦਬੀ ਹੋਈ ਹੈ, ਉਸ ਬਾਰੇ ਜੇ ਸਾਡੇ ਪੰਜਾਬ ਵਿੱਚ ਇਨਸਾਫ ਨਹੀਂ ਮਿਲੇਗਾ ਤਾਂ ਬਾਹਰੋਂ ਕੀ ਉਮੀਦ ਕੀਤੀ ਜਾ ਸਕਦੀ ਹੈ। ਇਸ ਲਈ ਜਿੱਥੋਂ ਤੱਕ ਹੋ ਸਕਦਾ ਹੋਇਆ, ਜਿੰਨੇ ਮਰਜ਼ੀ ਮਹਿੰਗੇ ਵਕੀਲ ਕਰਨੇ ਪੈਣ, ਜਿੱਥੋਂ ਮਰਜ਼ੀ ਲਿਆਉਣੇ ਪੈਣ, ਅਸੀਂ ਕੇਸ ਲੜਾਂਗੇ ਅਸੀਂ ਪਹਿਲਾਂ ਵਾਂਗ ਢਿੱਲ ਨਹੀਂ ਛੱਡਾਂਗੇ। ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਪਹਿਲਾਂ ਬਹੁਤ ਢਿੱਲਾਂ ਛੱਡੀਆਂ ਹੋਈਆਂ ਹਨ। ਤੁਹਾਨੂੰ ਵੀ ਪਤਾ ਹੈ ਤੁਸੀਂ ਸਾਰੇ ਜਾਣਦੇ ਹੋ, ਪਰ ਉਸ ਕਾਰਨ ਹੁਣ ਕੀ ਹਾਲਾਤ ਬਣ ਗਏ ਹਨ ਕਿ ਇਹ (ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੱਲ ਇਸ਼ਾਰਾ) ਦਰ-ਦਰ ਭਟਕਦੇ ਫਿਰਦੇ ਹਨ। ਪੱਚੀ ਸਾਲ ਰਾਜ ਕਰਾਂਗੇ ਕਹਿਣ ਵਾਲਿਆਂ ਕੋਲ ਹੁਣ ਪੱਚੀ ਬੰਦੇ ਵੀ ਨਹੀਂ ਹਨ। ਪਤਾ ਨਹੀਂ ਕਿਹੜੇ ਮੁੱਦੇ ਵਾਸਤੇ ਸੁਖਬੀਰ ਬਾਦਲ ਨੇ ਪੰਜ ਮੈਂਬਰੀ ਕਮੇਟੀ ਬਣਾ ਦਿੱਤੀ। ਹੁਣ ਜੇ ਕਿਤੇ ਗਿਆਰਾਂ ਮੈਂਬਰੀ ਕਮੇਟੀ ਬਣਾਉਣ ਦਾ ਜ਼ੋਰ ਪੈ ਗਿਆ ਤਾਂ ਛੇ ਬੰਦੇ ਕਿੱਥੋਂ ਲਿਆਉਣਗੇ। ਇੰਨੇ ਤਾਂ ਮੈਂਬਰ ਹੁਣ ਇਨ੍ਹਾਂ ਦੇ ਹੈ ਹੀ ਨਹੀਂ ਹਨ। ਹੁਣ ਤਾਂ ਪੰਜ ਮੈਂਬਰੀ ਕਮੇਟੀ ਬਣੀ ਹੈ ਪਰ ਇਹ ਅੱਗੇ ਦੋ-ਢਾਈ ਮੈਂਬਰਾਂ ਤੱਕ ਵੀ ਪਹੁੰਚ ਸਕਦੀ ਹੈ। ਸੋ, ਇਹ ਪਬਲਿਕ ਹੈ, ਸਭ ਜਾਣਦੀ ਹੈ।

**ਸਰਦਾਰ ਪਰਗਟ ਸਿੰਘ ਪੋਆਰ**: ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੋ ਸੀ.ਐਮ. ਸਾਹਿਬ ਬੋਲ ਰਹੇ ਹਨ, ਕੀ ਇਹ ਬਿਲ ਦਾ ਹੀ ਹਿੱਸਾ ਹੈ।

**ਮੁੱਖ ਮੰਤਰੀ**: ਮੈਂ ਸਾਰੇ ਮਸਲਿਆਂ ਬਾਰੇ ਹੀ ਬੋਲ ਰਿਹਾ ਹਾਂ। ਅੱਜ ਵੀ ਕੁਝ ਮੈਂਬਰ ਜ਼ੀਰੋ ਆਵਰ ਦੌਰਾਨ ਬੋਲੇ ਹਨ, ਮੈਂ ਉਨ੍ਹਾਂ ਮਸਲਿਆਂ ਬਾਰੇ ਵੀ ਬੋਲ ਰਿਹਾ ਹਾਂ। ਪੰਚਾਇਤੀ ਰਾਜ ਦਾ ਵੀ ਬਿਲ ਆਏਗਾ। ਕੱਲ੍ਹ ਵੀ ਜ਼ੀਰੋ ਆਵਰ ਵਿੱਚ ਬੋਲਿਆ ਗਿਆ ਸੀ, ਜੇ ਮੈਂ ਜਵਾਬ ਨਾ ਵੀ ਦੇਵਾਂ ਤਾਂ ਵੀ ਸਰ ਸਕਦਾ ਹੈ ਪਰ ਮੇਰਾ ਫਰਜ਼ ਬਣਦਾ ਹੈ ਕਿ ਮੈਂ ਇਸ ਹਾਊਸ ਨੂੰ ਦੱਸਾਂ।

## CLARIFICATION BY THE SPEAKER

**ਮਾਣਯੋਗ ਸਪੀਕਰ**: ਸੀ.ਐਮ. ਸਾਹਿਬ, ਮੈਂ ਇੱਕ ਕਲੈਰੀਫਿਕੇਸ਼ਨ ਦਿੰਦਾ ਹਾਂ ਕਿ ਲੀਡਰ ਆਫ ਦਿ ਹਾਊਸ ਕਿਸੇ ਵੀ ਸਮੇਂ, ਕਿਸੇ ਵੀ ਮੁੱਦੇ ਤੇ ਜਿੰਨਾ ਮਰਜ਼ੀ ਸਮਾਂ ਚਾਹੁਣ ਲੈ ਕੇ ਬੋਲ ਸਕਦੇ ਹਨ। ਜੀ ਪਲੀਜ਼, ਕੰਟੀਨਿਊ। (ਵਿਘਨ) ਇੱਕ ਮਿੰਟ ਜੀ, ਉਨ੍ਹਾਂ ਨੂੰ ਕੰਟੀਨਿਊ ਕਰ ਲੈਣ ਦਿਓ, ਫਿਰ ਆਪਾਂ ਗੱਲ ਕਰ ਲੈਂਦੇ ਹਾਂ। ਇਨ੍ਹਾਂ ਨੂੰ ਕੰਟੀਨਿਊ ਕਰ ਲੈਣ ਦਿਓ।

-------------------

## SPEECH BY THE CHIEF MINISTER ON VARIOUS BILLS UNDER THE HEADING LEGISLATIVE BUSINESS AND ALSO HIS STATEMENT ON VARIOUS ISSUES (INCLUDING THE ISSUE OF FIR IN BARGARHI CASE) RAISED BY THE HON'BLE MEMBERS DURING ZERO HOUR.*(Resumption)*

**ਮੁੱਖ ਮੰਤਰੀ**: ਮੈਨੂੰ ਇੱਕ ਵਾਰੀ ਫਿਨਿਸ਼ ਕਰ ਲੈਣ ਦਿਓ, ਉਸ ਤੋਂ ਬਾਅਦ ਤੁਸੀਂ ਬੋਲਿਓ। ਸੋ, ਪਰਗਟ ਸਿੰਘ ਜੀ ਨੂੰ ਤਾਂ ਪਤਾ ਹੈ ਕਿ ਜੇ ਜਾਂਦੇ-ਜਾਂਦੇ ਹਾਕੀ ਦੇ ਮੂਵ ਵਿੱਚ ਇੱਕ ਸਟਿੱਕ ਅੜਾ ਦਿੱਤੀ ਜਾਵੇ ਤਾਂ ਦੁਬਾਰਾ ਮੂਵ ਬਣਨ ਤੇ ਟਾਈਮ ਲੱਗ ਜਾਂਦਾ ਹੈ। (ਹਾਸਾ) ਤੁਹਾਨੂੰ ਤਾਂ ਪਤਾ ਹੈ ਕਿ ਜੇ ਤੁਹਾਡੀ ਲੱਤ ਵਿੱਚ ਕੋਈ ਹਾਕੀ ਅੜਾ ਦੇਵੇ ਤਾਂ ਚੰਗਾ ਭਲਾ ਗੋਲ ਹੁੰਦਾ ਹੁੰਦਾ ਰਹਿ ਜਾਂਦਾ ਹੈ। ਬਾਅਦ ਵਿੱਚ ਭਾਵੇਂ ਸਟ੍ਰੋਕ ਮਿਲੇ ਭਾਵੇਂ ਪੈਨਲਟੀ ਕਾਰਨਰ ਮਿਲੇ, ਉਹ ਤਾਂ ਬਾਅਦ ਦੀ ਗੱਲ ਹੈ। ਸੋ, ਇਸ ਤਰ੍ਹਾਂ ਦੇ ਮਾਹੌਲ ਵਿੱਚ ਗੱਲ ਹੁੰਦੀ ਰਹੇ ਤਾਂ ਬਹੁਤ ਵਧੀਆ ਲਗਦਾ ਹੈ। ਐਵੇਂ ਹੀ ਹੋਰ ਤਰ੍ਹਾਂ ਦੇ ਚੱਕਰਾਂ ਵਿੱਚ ਪਏ ਹੋਏ ਹਾਂ, ਇੱਥੋਂ ਕੀ ਲੈ ਕੇ ਜਾਣਾ ਹੈ। ਇੱਥੇ ਤਾਂ ਬੜੇ ਬੜੇ ਆ ਕੇ ਖਾਲੀ ਹੱਥ ਤੁਰ ਗਏ। ਪਬਲਿਕ ਆਪਾਂ ਨੂੰ ਦੇਖ ਰਹੀ ਹੈ। ਤੁਸੀਂ ਜਿਹੜੀ ਮਰਜ਼ੀ ਸੀਟ ਤੇ ਬੈਠੋ। ਅਸੀਂ ਵੀ ਪਹਿਲਾਂ ਉੱਧਰਲੇ ਪਾਸੇ ਹੀ ਸੀ। (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ)ਕੋਈ ਐਸੀ ਗੱਲ ਨਹੀਂ ਹੈ। ਇੱਧਰ-ਉੱਧਰ ਚਲਦਾ ਰਹਿੰਦਾ ਹੈ। ਇਹੀ ਲੋਕਤੰਤਰ ਦੀ ਖੂਬਸੂਰਤੀ ਹੈ ਤੇ ਮਾਮਲੇ ਉਠਾ ਕੇ ਜਵਾਬ ਮੰਗਣਾ ਤੁਹਾਡਾ ਫਰਜ਼ ਵੀ ਹੈ। ਲੋਕਤੰਤਰ ਦੀ ਇਹੀ ਖੂਬੀ ਹੈ, ਵਧੀਆ ਹੈ। ਹਾਲਾਂਕਿ, ਅਸੀਂ ਪਾਰਲੀਮੈਂਟ ਵਿੱਚ ਇਕੱਠੇ ਲੜਦੇ ਰਹੇ ਹਾਂ। ਉਦੋਂ ਵਿਪਕਸ਼ ਨੂੰ ਇੰਨਾ ਮੌਕਾ ਨਹੀਂ ਮਿਲਦਾ ਹੁੰਦਾ ਸੀ। ਹੁਣ ਤਾਂ ਵਿਪਕਸ਼ ਸਟ੍ਰੌਂਗ ਹੋ ਗਿਆ ਹੈ ਤਾਂ ਹੁਣ ਟਾਈਮ ਦੇਣ ਲੱਗ ਗਏ ਹਨ। ਪਹਿਲਾਂ ਤਾਂ ਕਹਿੰਦੇ ਸੀ ਕਿ no,

no, no ਹੋ ਗਿਆ, ਹੋ ਗਿਆ, ਹਾਂ ਵਾਲੇ ਹਾਂ ਕਹਿਣ, ਨਾ ਵਾਲੇ ਨਾ ਕਹਿਣ, ਚੱਲੋ, ਚੱਲੋ, ਇਸ ਤਰ੍ਹਾਂ ਉਹ ਬਿਲ ਪਾਸ ਕਰਦੇ ਰਹੇ ਹਨ। ਅਸੀਂ ਕਹਿੰਦੇ ਹੁੰਦੇ ਸੀ ਕਿ ਕੋਈ ਡਵੀਜ਼ਨ ਕਰਵਾ ਲਓ, ਵੋਟਾਂ ਪੁਆ ਲਓ। ਬਾਜਵਾ ਸਾਹਿਬ ਤਾਂ ਸਪੀਕਰ ਦੀ ਕੁਰਸੀ ਤੇ ਚੜ੍ਹ ਗਏ ਸੀ। ਮੈਨੂੰ ਲਗਦਾ ਹੈ ਕਿ ਇਨ੍ਹਾਂ ਨੇ ਮਿਣ ਰੱਖਿਆ ਹੈ, ਇਹ ਅੱਜ ਵੀ ਕਹਿੰਦੇ ਸੀ ਕਿ ਤੁਸੀਂ 30 ਕੁ ਫੁੱਟ ਉੱਚੇ ਹੋ। (ਹਾਸਾ) ਕਿਉਂਕਿ ਇਹ ਰਾਜ ਸਭਾ ਦੇ ਸਪੀਕਰ ਦੀ ਕੁਰਸੀ ਤੇ ਚੜ੍ਹੇ ਹੋਏ ਹਨ। ਸੋ, ਇਨ੍ਹਾਂ ਨੂੰ ਕੁਰਸੀਆਂ ਤੇ ਚੜ੍ਹਨਾ ਆਉਂਦਾ ਹੈ ਬਸ਼ਰਤੇ ਕਿ ਉਹ ਖਾਲੀ ਹੋਵੇ। ਇਸ ਕਰਕੇ ਮੈਂ ਸਾਰਿਆਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਔਰ ਜੇ ਤੁਹਾਡਾ ਸਰਕਾਰ ਨੂੰ ਕਿਸੇ ਕਿਸਮ ਦਾ ਕੋਈ ਸਵਾਲ ਹੈ ਜਾਂ ਸਰਕਾਰ ਨੂੰ ਮਿਲਣਾ ਹੈ ਤਾਂ ਮੁੱਖ ਮੰਤਰੀ ਦਫਤਰ ਵਿੱਚ ਆ ਜਾਓ, ਸਾਡੇ ਮੰਤਰੀ ਹਰ ਵਕਤ ਅਵੇਲੇਬਲ ਹਨ। ਕੋਈ ਪਰਸਨਲ ਕੰਮ-ਕਾਰ ਲੈ ਕੇ ਆਉਣਾ ਹੈ ਤਾਂ ਆਓ।

**1310/mehak/BS khokhar**

ਅਸੀਂ ਕੋਈ ਇਸ ਤਰ੍ਹਾਂ ਦੀ ਗੱਲ ਨਹੀਂ ਕਰਦੇ ਕਿ ਇੱਥੇ ਵੋਟਾਂ ਨਹੀਂ ਪਾਈਆਂ, ਇਨ੍ਹਾਂ ਦੀ ਗਲੀ ਵਿੱਚੋਂ ਪੁਲੀਆਂ ਪੁੱਟ ਦਿਉ। ਅਸੀਂ ਕਹਿੰਦੇ ਹਾਂ ਕਿ ਵੋਟਾਂ ਡੈਮੋਕ੍ਰੇਸੀ ਦਾ ਹਿੱਸਾ ਹਨ, ਲੋਕ ਜਦੋਂ ਮਰਜ਼ੀ ਅਤੇ ਜਿਸ ਮਰਜ਼ੀ ਨੂੰ ਵੋਟਾਂ ਪਾ ਸਕਦੇ ਹਨ ਪਰ ਜਦੋਂ ਮੈਂਬਰ ਬਣ ਗਏ ਤਾਂ ਉਦੋਂ ਤੁਸੀਂ ਸਾਰਿਆਂ ਦੇ ਹੋ। ਸਪੀਕਰ ਸਾਹਿਬ, ਤੁਸੀਂ ਆਮ ਆਦਮੀ ਪਾਰਟੀ ਵੱਲੋਂ ਕੋਟਕਪੂਰਾ ਤੋਂ ਐਮ.ਐਲ.ਏ. ਹੋ ਪਰ ਜਦੋਂ ਤੁਹਾਨੂੰ ਸਪੀਕਰ ਦਾ ਅਹੁਦਾ ਮਿਲ ਗਿਆ ਤਾਂ ਤੁਸੀਂ 116 ਮੈਂਬਰਜ਼ ਦੇ ਕਸਟੋਡੀਅਨ ਹੋ। ਤੁਹਾਡਾ ਫਰਜ਼ ਸਾਰਿਆਂ ਦੇ ਹੱਕ ਨੂੰ ਪ੍ਰੋਟੈਕਟ ਕਰਨਾ ਹੈ। ਬਤੌਰ ਮੁੱਖ ਮੰਤਰੀ ਮੇਰਾ ਫਰਜ਼ ਬਣਦਾ ਹੈ ਕਿ ਮੈਂ ਕੋਈ ਇਸ ਤਰ੍ਹਾਂ ਦਾ ਇਲਾਕਾ ਨਾ ਛੱਡਾਂ ਕਿ ਮੈਂ ਇੱਥੋਂ ਜਿੱਤਿਆ ਨਹੀਂ ਤਾਂ ਮੈਂ ਇਸ ਇਲਾਕੇ ਨੂੰ ਕੋਈ ਸਹੂਲਤ ਨਾ ਦੇਵਾਂ। ਉਸ ਇਲਾਕੇ ਦੇ ਲੋਕਾਂ ਦਾ ਕੋਈ ਕਸੂਰ ਨਹੀਂ ਹੈ। ਸਾਡਾ ਹੀ ਕੋਈ ਕਸੂਰ ਰਿਹਾ ਹੋਵੇਗਾ, ਸਾਡੇ ਉਮੀਦਵਾਰ ਅਤੇ ਪਾਰਟੀ ਦੀ ਕਮੀ ਰਹੀ ਹੋਵੇਗੀ ਕਿ ਅਸੀਂ ਉੱਥੋਂ ਜਿੱਤ ਨਹੀਂ ਸਕੇ ਪਰ ਲੋਕਾਂ ਦਾ ਕੋਈ ਕਸੂਰ ਨਹੀਂ ਹੈ। ਜਿੰਨਾ ਫਤਿਹਗੜ੍ਹ ਚੂੜੀਆਂ ਹਲਕੇ ਨੂੰ ਮਿਲੇਗਾ, ਜਿੰਨਾ ਡੇਰਾ ਬਾਬਾ ਨਾਨਕ ਹਲਕੇ ਨੂੰ ਮਿਲੇਗਾ, ਜਿੰਨਾ ਦਾਖਾ ਹਲਕੇ ਨੂੰ ਮਿਲੇਗਾ, ਓਨਾ ਹੀ ਬਾਕੀ ਸਾਰਿਆਂ ਨੂੰ ਵੀ ਮਿਲੇਗਾ। ਇਸ ਕਰਕੇ ਤੁਸੀਂ ਕਦੇ ਇਸ ਕਿਸਮ ਦੀ ਚੀਜ਼ ਮਨ ਵਿੱਚ ਨਹੀਂ ਰੱਖਣੀ। ਮੈਂ ਇਸ ਮਾਮਲੇ ਵਿੱਚ ਕਦੇ ਕੋਈ ਖੁੰਧਕਬਾਜ਼ੀ ਜਾਂ ਪ੍ਰਸਨਲ ਨਹੀਂ ਰੱਖਦਾ।

ਮੈਨੂੰ ਬਹੁਤ ਚੰਗਾ ਲੱਗ ਰਿਹਾ ਹੈ ਕਿ ਤੁਸੀਂ ਬਹੁਤ ਸ਼ਾਂਤੀ ਨਾਲ ਅਤੇ ਬੜੇ ਅੱਛੇ ਮਾਹੌਲ ਵਿੱਚ ਡਿਬੇਟ ਨੂੰ ਸੁਣ ਰਹੇ ਹੋ। ਇੱਥੇ ਬਹੁਤ ਸਾਰੇ ਲੋਕ ਸਮਾਜ ਦੇ ਅਲੱਗ-ਅਲੱਗ ਫੀਲਡਾਂ ਤੋਂ ਆਏ ਹੋਏ ਹਨ, ਸਕੂਲਾਂ ਦੇ ਬੱਚੇ ਬੈਠੇ ਹਨ, ਇਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੇ ਭਵਿੱਖ ਵਿੱਚ ਇੱਥੇ ਹੀ ਆਉਣਾ ਹੈ। ਸੋ, ਅਸੀਂ ਇੱਕ ਅਜਿਹਾ ਮਾਹੌਲ ਦੇਈਏ ਕਿ ਇਹ ਲੜਾਈ ਵਾਲਾ ਘਰ ਨਹੀਂ ਹੈ, ਇੱਥੇ ਡਿਸਕਸ ਵੀ ਹੁੰਦਾ ਹੈ, ਇੱਥੇ ਸਾਡੇ ਸਿਲੇਬਸ ਦੀਆਂ ਗੱਲਾਂ ਵੀ ਹੁੰਦੀਆਂ ਹਨ। ਇੱਥੇ ਸਾਡੀ ਪੜ੍ਹਾਈ ਦੇ ਬਦਲੇ ਸਾਨੂੰ ਨੌਕਰੀਆਂ ਮਿਲਣ ਦੀਆਂ ਗੱਲਾਂ ਅਤੇ ਨੌਕਰੀ ਦੇ ਮੌਕੇ ਪੈਦਾ ਹੋਣ ਦੇ ਬਿਲ ਵੀ ਆਉਂਦੇ ਹਨ। ਬਾਕੀ ਮੈਂ ਇਹੀ ਕਹਿਣਾ ਚਾਹਾਂਗਾ ਕਿ ਪੰਜਾਬ ਸਰਕਾਰ ਵੱਲੋਂ ਜਿੰਨੇ ਵੀ ਬਿਲ ਆਏ ਹਨ, ਉਨ੍ਹਾਂ ਤੇ ਪਰਾਪਰ ਡਿਬੇਟ ਹੋਵੇਗੀ। ਤੁਸੀਂ ਵੀ ਚਾਹੁੰਦੇ ਹੋ ਤਾਂ ਡਿਬੇਟ ਕਰੋ। ਮੈਂ ਖੁਦ ਇਸ ਗੱਲ ਦਾ ਪੀੜਤ ਹਾਂ ਕਿ ਸਾਡੇ ਤੋਂ ਦਿੱਲੀ ਇਸ ਤਰ੍ਹਾਂ ਦੇ ਬਿਲ ਵੀ ਪਾਸ ਕਰਵਾ ਲਏ ਕਿ ਸਾਨੂੰ ਬੋਲਣ ਦਾ ਮੌਕਾ ਹੀ ਨਹੀਂ ਦਿੱਤਾ। ਬੱਸ ਨਹੀਂ, ਨਹੀਂ, ਨਹੀਂ ਜੀ, ਹੋਰ ਨਹੀਂ ਬੋਲਣਾ, ਬੱਸ ਹੁਣ ਤਾਂ ਹੋ ਗਿਆ। ਇਸ ਤਰ੍ਹਾਂ ਅੱਧੇ-ਅੱਧੇ ਘੰਟੇ ਵਿੱਚ ਵੱਡੇ-ਵੱਡੇ ਬਿਲ ਪਾਸ ਕਰਵਾ ਲਏ।

ਉਹੀ ਬਿਲ ਬਾਅਦ ਵਿੱਚ ਦੇਸ਼ ਲਈ ਕਿੰਨੇ ਖਤਰਨਾਕ ਸਾਬਤ ਹੋਏ। ਮੈਨੂੰ ਲੱਗਦਾ ਹੈ ਕਿ ਬੀ.ਜੇ.ਪੀ. ਦੇ ਮੈਂਬਰ ਤਾਂ ਵਿਧਾਨ ਸਭਾ ਵਿੱਚ ਆਉਣ ਤੋਂ ਹੀ ਹਟ ਗਏ। ਮੈਨੂੰ ਲੱਗਦਾ ਹੈ ਕਿ ਉਹ ਕੱਲ੍ਹ ਵੀ ਨਹੀਂ ਆਏ। ਹੁਣ ਤਾਂ ਚਲੋ ਛੱਡ ਗਏ, ਚਲੋ ਖੈਰ ਉਨ੍ਹਾਂ ਵਾਸਤੇ ਹੈ ਵੀ ਕੁਝ ਨਹੀਂ, ਇੱਥੇ ਆਉਣਾ ਵੀ ਕਾਹਦੇ ਵਾਸਤੇ ਹੈ। ਉਹ ਇਕੱਲਾ ਇੱਥੋਂ ਨਹੀ ਬਲਕਿ ਸਾਰੇ ਪਾਸੇ ਤੋਂ ਭੱਜ ਰਹੇ ਹਨ। ਇਕੱਲੀਆਂ ਇਲੈਕਸ਼ਨ ਦੀਆਂ ਤਰੀਕਾਂ ਬਦਲਾ ਕੇ ਕੰਮ ਨਹੀਂ ਚੱਲਣਾ, ਇੱਕ ਦੀ ਬਜਾਏ ਪੰਜ ਤਰੀਕ ਨੂੰ ਪੈ ਜਾਣਗੀਆਂ। ਵੋਟਾਂ ਪੈਣਗੀਆਂ ਤਾਂ ਉੱਥੇ ਹੀ ਜਿੱਥੇ ਲੋਕਾਂ ਨੇ ਸੋਚਿਆ ਹੋਇਆ ਹੈ। ਸੋ, ਇਸ ਕਰਕੇ ਸੁਣਿਆ ਹੈ ਕਿ ਬੀ.ਜੇ.ਪੀ. ਦੀ ਹਾਲਤ ਕਾਫੀ ਮਾੜੀ ਹੈ। ਮੈਂ ਤਾਂ ਪਾਰਲੀਮੈਂਟ ਵਿੱਚ ਵੀ ਕਹਿ ਦਿੱਤਾ ਸੀ ਕਿ ਹਰ ਗੱਲ ਝੂਠ, ਹਰ ਗੱਲ ਜੁਮਲਾ, ਗੱਲ ਹੀ ਕੋਈ ਹੋਰ ਨਿਕਲਦੀ ਹੈ। ਮੈਂ ਪਾਰਲੀਮੈਂਟ ਵਿੱਚ ਕਹਿ ਦਿੱਤਾ ਸੀ, ਮੋਦੀ ਜੀ ਬੈਠੇ ਸਨ, ਮੈਂ ਕਿਹਾ ਕਿ

15 लाख की रकम लिखता हूं तो कलम रुक जाती है,

15 लाख की रकम लिखता हूं तो कलम रुक जाती है,

काले धन के बारे में सोचता हूं तो सियाही सूख जाती है,

मोदी जी हर बात जुमला निकली,

अब तो यह भी शक है कि क्या चाय बनानी आती है।

ਮਤਲਬ ਸਾਨੂੰ ਤਾਂ ਇਹ ਵੀ ਸ਼ੱਕ ਹੈ ਕਿ ਚਾਹ ਵੀ ਬਣਾਉਣੀ ਨਹੀਂ ਆਉਂਦੀ ਹੋਣੀ, ਉਹ ਵੀ ਝੂਠ ਹੀ ਹੋਣਾ। ਇਸ ਕਰਕੇ ਦੇਸ਼ ਨਾਲ ਇੰਨਾ ਝੂਠ ਨਾ ਬੋਲੋ ਕਿਉਂਕਿ ਕਦੇ ਨਾ ਕਦੇ ਤਾਂ ਫੜਿਆ ਹੀ ਜਾਂਦਾ ਹੈ। ਕਾਠ ਦੀ ਹਾਂਡੀ ਕਿੰਨੇ ਕੁ ਚਿਰ ਚਲਦੀ ਹੈ? ਸੋ, ਸੱਚ ਦੇ ਆਧਾਰ ਤੇ ਲੋਕਾਂ ਨਾਲ ਵਾਅਦੇ ਕਰਕੇ ਆਏ ਹਾਂ, ਗਰੰਟੀਆਂ ਦੇ ਕੇ ਆਏ ਹਾਂ ਔਰ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਜੀ ਦੇ ਪਿੰਡ ਖਟਕੜ ਕਲਾਂ ਜਾ ਕੇ ਸਹੁੰ ਖਾਧੀ ਹੈ। ਅੱਜ ਵੀ ਉਨ੍ਹਾਂ ਨੂੰ ਗਵਾਹ ਪਾਇਆ ਹੋਇਆ ਹੈ। ਜਦੋਂ ਵੀ ਕੋਈ ਫਾਈਲ ਤੇ ਸਾਈਨ ਕਰਦੇ ਹਾਂ ਤਾਂ ਇਹੀ ਸੋਚਦੇ ਹਾਂ ਕਿ ਪ੍ਰਮਾਤਮਾ ਕੋਈ ਚੰਗੀ ਫਾਈਲ ਤੇ ਸਾਈਨ ਕਰਵਾ ਲਈਂ, ਕਿਸੇ ਦੇ ਘਰ ਦਾ ਰੋਜ਼ਗਾਰ ਅਤੇ ਤਰੱਕੀ ਵਾਲਾ ਦੀਵਾ ਜਗੇ। ਕੋਈ ਇਹੋ ਜਿਹੀ ਫਾਈਲ ਸਾਈਨ ਨਾ ਕਰਵਾ ਲਈ ਜਿਸ ਨਾਲ ਕਿਸੇ ਨੂੰ ਨੁਕਸਾਨ ਹੋਵੇ। ਜਦੋਂ ਵੀ ਸਾਡੇ ਕੋਲ ਕੋਈ ਆਵੇਗਾ, ਕੋਈ ਫੈਸਲਾ ਕਰਨ ਵਾਸਤੇ ਫਾਈਲ ਆਵੇਗੀ, ਜੋ ਲੋਕਾਂ ਦੇ ਹੱਕ ਵਿੱਚ ਹੋਈ, ਉਹ ਸਾਈਨ ਕੀਤੇ ਜਾਣਗੇ। ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਜੋ ਫਾਇਰ ਸੇਫਟੀ ਦਾ ਬਿਲ ਹੈ, ਮੈਂ ਉਸ ਤੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਉਸ ਦੇ ਹੱਕ ਵਿੱਚ ਹਾਂ ਅਤੇ ਇਸ ਨੂੰ ਲਗਭਗ ਸਰਬਸੰਮਤੀ ਨਾਲ ਹੀ ਪਾਸ ਕੀਤਾ ਜਾਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਣਯੋਗ ਸਪੀਕਰ:** ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਜੀ।

**ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ (ਫਤਿਹਗੜ੍ਹ ਚੂੜੀਆਂ):** ਸੀ.ਐਮ. ਸਾਹਿਬ ਤੁਸੀਂ ਪੰਚਾਇਤ ਇਲੈਕਸ਼ਨਾਂ ਦੀ ਗੱਲ ਕੀਤੀ ਹੈ, ਬਹੁਤ ਵਧੀਆ ਗੱਲ ਹੈ। ਜੋ ਇਲਾਕੇ ਵਿੱਚ ਅਤੇ ਸਾਡੇ ਲੋਕਾਂ ਵਿੱਚ ਖਦਸ਼ਾ ਹੈ ਕਿ ਪੇਪਰ ਰਿਜੈਕਟ ਹੋਣ ਦਾ ਫਾਰਮੂਲਾ ਵਰਤਿਆ ਜਾਵੇਗਾ ਜਾਂ ਇਲੈਕਸ਼ਨ ਹੋਣ ਦਿੱਤੀ ਜਾਵੇਗੀ? (ਵਿਘਨ) (ਸ਼ੋਰ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਸ਼ੋਰ ਸੀ।)

**ਮਾਣਯੋਗ ਸਪੀਕਰ:** ਮਾਣਯੋਗ ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ:** ਇੱਕ ਮਿੰਟ ਜੀ। ਤ੍ਰਿਪਤ ਰਜਿੰਦਰ ਬਾਜਵਾ ਜੀ, ਹੁਣ ਤੁਹਾਡੇ ਵਾਲੇ ਫਾਰਮੂਲੇ ਨਹੀਂ ਚੱਲਣਗੇ। (ਸਦਨ ਵਿੱਚ ਹਾਸਾ) ਸੋ, ਬਿਲਕੁਲ ਵੀ ਕਿਸੇ ਦਾ ਪੇਪਰ ਰਿਜੈਕਟ ਨਹੀਂ ਹੋਵੇਗਾ ਬਲਕਿ ਹੋਰ ਦੋ-ਦੋ ਭਰਾਵਾਂਗੇ ਕਿ ਨਾਲ ਇੱਕ-ਅੱਧਾ ਸੈੱਟ ਹੋਰ ਦੇ ਦਿਉ ਤਾਂ ਕਿ ਕੋਈ ਕਮੀ ਨਾ ਰਹਿ ਜਾਵੇ।

**1315/Sukhpiar Singh/BS khokhar**

ਤੁਸੀਂ ਬਿਲਕੁਲ ਸਹੀ ਹੋ ਕਿਉਂਕਿ ਸਾਉਣ ਦੇ ਅੰਨ੍ਹੇ ਨੂੰ ਸਾਰਾ ਕੁਝ ਹਰਾ-ਹਰਾ ਦਿਖਦਾ ਹੁੰਦਾ ਹੈ। ਤੁਹਾਨੂੰ ਲੱਗਦਾ ਹੈ ਕਿ ਪੇਪਰ ਰਿਜੈਕਟ ਹੋਣਗੇ? ਇਹ ਰਿਜੈਕਟ ਨਹੀਂ ਹੁੰਦੇ ਕਿਉਂਕਿ ਪਹਿਲਾਂ ਇਹ ਰਿਜੈਕਟ ਹੁੰਦੇ ਰਹੇ ਹਨ।

**ਮਾਣਯੋਗ ਸਪੀਕਰ:** ਹਾਂ ਜੀ, ਲਾਡੀ ਜੀ।

**ਸਰਦਾਰ ਹਰਦੇਵ ਸਿੰਘ ਲਾਡੀ (ਸ਼ਾਹਕੋਟ):** ਸਪੀਕਰ ਸਾਹਿਬ, ਮੈਂ ਵੀ ਇਹੋ ਗੱਲ ਰੱਖਣੀ ਸੀ, ਜਿਹੜੀ ਬਾਜਵਾ ਸਾਹਿਬ ਨੇ ਰੱਖੀ ਹੈ। (ਹਾਸਾ)

**ਮਾਣਯੋਗ ਸਪੀਕਰ:** ਅੱਛਾ ਇਹੋ ਹੀ ਰੱਖਣੀ ਸੀ।

**ਸਰਦਾਰ ਹਰਦੇਵ ਸਿੰਘ ਲਾਡੀ:** ਸਪੀਕਰ ਸਾਹਿਬ, ਮੈਂ ਇੱਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਮੇਰੇ ਹਲਕੇ ਸ਼ਾਹਕੋਟ ਵਿੱਚ 234 ਪੰਚਾਇਤਾਂ ਅਤੇ 15 ਬਲਾਕ ਸੰਮਤੀਆਂ ਹਨ। ਇੱਕ ਵੀ ਕਾਗਜ਼ ਕਿਸੇ ਦਾ ਰਿਜੈਕਟ ਨਹੀਂ ਹੋਣ ਦਿੱਤਾ। 110 ਪੰਚਾਇਤਾਂ ਤੇ ਸਰਬਸੰਮਤੀ ਕਰਵਾਈ ਸੀ। ਮੈਂ ਕਹਿੰਦਾ ਹਾਂ ਕਿ ਇਹ ਪ੍ਰਥਾ ਜਿਹੜੀ ਤੁਸੀਂ ਤੋਰਨ ਲੱਗੇ ਹੋ, ਇਹ ਚੰਗੀ ਹੈ।

**ਮੁੱਖ ਮੰਤਰੀ: (ਬੈਠੇ-ਬੈਠੇ):** 110 ਤੋਂ ਵੀ ਵਧਾਵਾਂਗੇ।

**ਸਰਦਾਰ ਹਰਦੇਵ ਸਿੰਘ ਲਾਡੀ:** ਸਪੀਕਰ ਸਾਹਿਬ, ਸਾਡਾ ਲੋਕਤੰਤਰ ਤਾਂ ਹੀ ਮਜ਼ਬੂਤ ਹੋਵੇਗਾ, ਜੇਕਰ ਅਸੀਂ ਇਸ ਪ੍ਰਥਾ ਨੂੰ ਅੱਗੇ ਵਧਾਵਾਂਗੇ। ਆਪਾਂ ਲੋਕਾਂ ਨੂੰ ਮੌਕਾ ਦੇਈਏ ਅਤੇ ਸਹੀ ਦਿਸ਼ਾ ਉਥੋਂ ਸ਼ੁਰੂ ਹੋਵੇ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਉਹ ਸਰਬਸੰਮਤੀ ਵਾਲਾ ਫਾਰਮੂਲਾ ਵੀ ਦੱਸ ਦਿਓ।

**ਸਰਦਾਰ ਹਰਦੇਵ ਸਿੰਘ ਲਾਡੀ (ਬੈਠੇ-ਬੈਠੇ):** ਸਾਰਾ ਪਿੰਡ ਇਕੱਠਾ ਕਰਕੇ ਬਿਠਾ ਲਿਆ ਸੀ, ਕਿਸੇ ਨੇ ਨਹੀਂ ਕਿਹਾ ਮੇਰਾ ਸਰਪੰਚ ਬਣੂ, ਮੇਰਾ ਸਰਪੰਚ ਬਣੂ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਠੀਕ ਹੈ। ਹਾਂ ਜੀ, ਸ਼ੈਰੀ ਕਲਸੀ ਜੀ।

**ਸ਼੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) (ਬਟਾਲਾ):** ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਜੀ ਨੇ ਬੜੀ ਵਧੀਆ ਗੱਲ ਰੱਖੀ ਹੈ। ਇਨ੍ਹਾਂ ਦੇ ਹਲਕੇ ਵਿੱਚ ਹੀ ਮੇਰਾ ਕੋਟਲਾਸ਼ਾਹੀਆ ਪਿੰਡ ਪੈਂਦਾ ਹੈ। ਮੇਰਾ ਛੋਟਾ ਭਰਾ ਜਿਹੜਾ ਪਿੰਡੋਂ ਸਰਪੰਚੀ ਦੀ ਇਲੈਕਸ਼ਨ ਲੜਨੀ ਚਾਹੁੰਦਾ ਸੀ, ਇਨ੍ਹਾਂ ਦੇ ਵੇਲੇ ਉਸ ਦੇ ਕਾਗਜ਼ ਰਿਜੈਕਟ ਹੋ ਗਏ ਸਨ। (ਹਾਸਾ)

-------------

## 2. THE PUNJAB FIRE AND EMERGENCY SERVICE BILL, 2024

**ਮਾਨਯੋਗ ਸਪੀਕਰ :** ਹੁਣ ਮੰਤਰੀ ਜੀ ਦਿ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿਲ, 2024 ਪੇਸ਼ ਕਰਨਗੇ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਬਲਕਾਰ ਸਿੰਘ) :** ਸ਼੍ਰੀਮਾਨ ਜੀ, ਮੈਂ ਦਿ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿਲ, 2024 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਦਿ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਦਿ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

**ਮਾਣਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ 2 ਅਤੇ 3**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 78**

**ਮਾਣਯੋਗ ਸਪੀਕਰ** : ਕਿਉਂਜੋ ਕਲਾਜ਼ਾਂ 2 ਤੋਂ 78 ਵਿੱਚ ਕੋਈ ਸੋਧਨਾ ਨਹੀਂ ਹੈ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ।

(ਅਵਾਜ਼ਾਂ : ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 78 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ ਕਲਾਜ਼ (1)**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸਥਾਨਕ ਸਰਕਾਰ ਮੰਤਰੀ (ਸਰਦਾਰ ਬਲਕਾਰ ਸਿੰਘ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਦਿ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਦਿ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿਲ ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਦਿ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਬਿਲ ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

-------

## 3. THE PUNJAB PANCHAYATI RAJ (AMENDMENT) BILL, 2024

**ਮਾਣਯੋਗ ਸਪੀਕਰ** : ਸਰਦਾਰ ਲਾਲਜੀਤ ਸਿੰਘ ਭੁੱਲਰ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਬਿਲ ਪੇਸ਼ ਕਰਨ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ)** : ਸ਼੍ਰੀਮਾਨ ਜੀ, ਮੈਂ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**1320/Manika Rani/Rajneesh kumar**

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਲਾਲਜੀਤ ਸਿੰਘ ਭੁੱਲਰ)** : ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹੈ -

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਬਿਲ ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2024 ਬਿਲ, ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

--------

**4. THE PUNJAB AGRICULTURAL PRODUCE MARKETS (AMENDMENT) BILL, 2024**

**ਮਾਨਯੋਗ ਸਪੀਕਰ** : ਮੰਤਰੀ ਜੀ, ਬਿਲ ਪੇਸ਼ ਕਰਨਗੇ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ)** : ਸ਼੍ਰੀਮਾਨ ਜੀ, ਮੈਂ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧਨਾ) ਬਿਲ, 2024 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ (ਸਰਦਾਰ ਗੁਰਮੀਤ ਸਿੰਘ ਖੁੱਡੀਆਂ):** ਸਪੀਕਰ ਸਾਹਿਬ, ਪੰਜਾਬ ਖੇਤੀਬਾੜੀ ਉਪਜ ਮੰਡੀਆਂ ਐਕਟ 1961 ਦੀ ਸੋਧ ਨੋਟੀਫਿਕੇਸ਼ਨ ਨੰਬਰ 162022 ਮਿਤੀ 27-7-2022 ਰਾਹੀਂ ਜਾਰੀ ਕੀਤੀ ਗਈ ਸੀ ਜਿਸ ਦੇ ਸਿੱਟੇ ਵਜੋਂ ਮਾਰਕਿਟ ਕਮੇਟੀਆਂ ਸੁਪਰਸੀਡ ਕਰਨ ਉਪਰੰਤ ਉਨ੍ਹਾਂ ਦੀ ਥਾਂ ਪ੍ਰਬੰਧਕ ਨਿਯੁਕਤ ਕਰਕੇ ਉਨ੍ਹਾਂ ਨੂੰ ਸਬੰਧਤ ਮਾਰਕੀਟ ਕਮੇਟੀਆਂ ਦਾ ਕੰਮ-ਕਾਜ ਸੰਭਾਲਣ ਦੇ ਅਧਿਕਾਰ ਦਿੱਤੇ ਗਏ ਸਨ। ਮਾਰਕੀਟ ਕਮੇਟੀਆਂ ਦੇ ਪੁਨਰ ਗਠਨ ਕਰਨ ਦਾ ਸਮਾਂ ਮਿਤੀ 26-07-2023 ਨੂੰ ਖਤਮ ਹੋ ਚੁੱਕਾ ਹੈ। ਹੁਣ ਤੱਕ 62 ਮਾਰਕੀਟ ਕਮੇਟੀਆਂ ਦੇ ਚੇਅਰਮੈਨਾਂ ਦੀ ਨਿਯੁਕਤੀ ਕੀਤੀ ਗਈ ਹੈ ਅਤੇ ਬਾਕੀ ਰਹਿੰਦੀਆਂ 94 ਮਾਰਕੀਟ ਕਮੇਟੀਆਂ ਦੇ ਪੁਨਰਗਠਨ ਕਰਨ ਲਈ ਹੋਰ ਸਮਾਂ ਲੋੜੀਂਦਾ ਹੈ। ਇਸ ਲਈ ਇਨ੍ਹਾਂ ਕਮੇਟੀਆਂ ਨੂੰ ਬਣਾਉਣ ਦੇ ਸਮੇਂ ਵਿੱਚ ਵਾਧਾ ਕਰਨਾ ਜ਼ਰੂਰੀ ਹੈ। ਇਸ ਲਈ ਮਾਰਕਿਟ ਕਮੇਟੀਆਂ ਦਾ ਪੁਨਰ ਗਠਨ ਕਰਨ ਲਈ ਇੱਕ ਸਾਲ ਦੇ ਸਮੇਂ ਵਿੱਚ ਹੋਰ ਦੋ ਸਾਲ ਦੇ ਸਮੇਂ ਦਾ ਮਿਤੀ 26-07-2025 ਤੱਕ ਵਾਧਾ ਕਰ ਦਿੱਤਾ ਜਾਵੇ। ਜੇਕਰ ਫਿਰ ਵੀ ਮਿੱਥੇ ਸਮੇਂ ਵਿੱਚ ਸਾਰੀਆਂ ਮਾਰਕੀਟ ਕਮੇਟੀਆਂ ਦਾ ਪੁਨਰ ਗਠਨ ਨਹੀਂ ਹੁੰਦਾ ਤਾਂ ਸਰਕਾਰ ਨਿਯੁਕਤ ਕੀਤੇ ਗਏ ਪ੍ਰਬੰਧਕ ਮਾਰਕੀਟ ਕਮੇਟੀਆਂ ਦਾ ਕੰਮ ਕਾਜ ਕਰਦੇ ਰਹਿਣਗੇ। ਜਦੋਂ ਤੱਕ ਸਰਕਾਰ ਵੱਲੋਂ ਅਜਿਹੀਆਂ ਮਾਰਕੀਟ ਕਮੇਟੀਆਂ ਦਾ ਪੁਨਰਗਠਨ ਨਹੀਂ ਕਰ ਦਿੱਤਾ ਜਾਂਦਾ। ਇਸ ਬਿਲ ਨੂੰ ਪੇਸ਼ ਕਰਨਾ ਉਪਰੋਕਤ ਅਨੁਸਾਰ ਲਾਭਦਾਇਕ ਹੋਵੇਗਾ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਇਸ ਦਾ ਕਾਰਨ ਤਾਂ ਦੱਸ ਦੇਵੋ ਕਿ ਇਸ ਦੇ ਲਈ ਹੋਰ ਇੰਨਾ ਲੰਮਾ ਸਮਾਂ ਕਿਉਂ ਚਾਹੀਦਾ ਹੈ?

**ਮਾਣਯੋਗ ਸਪੀਕਰ:** ਠੀਕ ਹੈ, ਤੁਹਾਡੀ ਗੱਲ ਆ ਗਈ ਹੈ। ਹਾਂ ਜੀ, ਅਵਤਾਰ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸ਼੍ਰੀ ਅਵਤਾਰ ਸਿੰਘ ਜੂਨੀਅਰ (ਜਲੰਧਰ ਸ਼ਹਿਰੀ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਤੁਸੀਂ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧਨਾ) ਬਿਲ, 2024 ਤੇ ਬੋਲਣ ਦਾ ਮੌਕਾ ਦਿੱਤਾ। ਇਹ ਐਗਰੀਕਲਚਰ ਪ੍ਰੋਡਿਊਸ ਸਟੇਟ ਹੈ। ਇਸ ਦੀ ਸਭ ਤੋਂ ਜ਼ਿਆਦਾ ਮੁੱਢਲੀ ਜ਼ਰੂਰਤ ਮਾਰਕੀਟ ਕਮੇਟੀਆਂ ਨੂੰ ਮਜ਼ਬੂਤ ਕਰਨ ਦੀ ਹੈ। ਸਰ, ਇਹ ਬਹੁਤ ਹੀ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪਿਛਲੇ ਇੱਕ ਸਾਲ ਵਿੱਚ ਸਿਰਫ 62 ਮਾਰਕੀਟ ਕਮੇਟੀਆਂ ਦੇ ਹੀ ਚੇਅਰਮੈਨ ਲੱਗੇ ਹਨ। ਬਾਕੀ 94 ਅਜਿਹੀਆਂ ਹਨ ਜਿਨ੍ਹਾਂ ਦੇ ਚੇਅਰਮੈਨ ਨਹੀਂ ਲੱਗੇ ਅਤੇ ਅਸੀਂ ਹਾਲੇ ਦੋ ਸਾਲ ਦੀ ਐਕਸਟੈਂਸ਼ਨ ਮੰਗ ਰਹੇ ਹਾਂ। ਸਰ, ਅੱਜ ਜਿਹੜੀਆਂ ਮਾਰਕੀਟ ਕਮੇਟੀਆਂ ਹਨ, ਖਾਸ ਕਰਕੇ ਮੇਰੇ ਹਲਕੇ ਜਲੰਧਰ ਵਿੱਚ ਜਿਹੜੀ ਮਾਰਕੀਟ ਕਮੇਟੀ ਹੈ, ਮੈਂ ਉਸ ਬਾਰੇ ਗੱਲ ਰੱਖਣੀ ਚਾਹੁੰਦਾ ਹਾਂ।

**1325/Gurpreet kaur/Rajneesh kumar**

**ਮੁੱਖ ਮੰਤਰੀ (ਸ਼੍ਰੀ ਭਗਵੰਤ ਮਾਨ)** : ਹੁਣ ਖੇਤੀਬਾੜੀ ਮੰਤਰੀ ਸਾਹਿਬ ਨਾਲ ਡਿਸਕਸ ਹੋ ਰਿਹਾ ਸੀ ਕਿ 94 ਮਾਰਕੀਟ ਕਮੇਟੀਆਂ ਦਾ ਪੁਨਰਗਠਨ ਹਾਲੇ ਰਹਿੰਦਾ ਹੈ। ਕਈਆਂ ਦੇ ਮੈਂਬਰ ਪੂਰੇ ਨਹੀਂ ਸਨ, ਕਈਆਂ ਦੀ ਮਿਆਦ ਵੀ ਅਜੇ ਰਹਿੰਦੀ ਸੀ ਅਤੇ ਕਈ ਵਾਰ ਮਾਮਲਾ ਮਾਣਯੋਗ ਹਾਈਕੋਰਟ ਵਿੱਚ ਵੀ ਜਾਂਦਾ ਰਿਹਾ ਹੈ। ਅਸੀਂ ਦੋ ਸਾਲ ਦੀ

ਐਕਸਟੈਂਸ਼ਨ ਨਹੀਂ ਮੰਗ ਰਹੇ ਹਾਂ, ਹੋ ਸਕਦਾ ਹੈ ਕਿ ਅਸੀਂ ਇੱਕ ਮਹੀਨੇ ਜਾਂ ਦੋ ਮਹੀਨੇ ਵਿੱਚ ਪੂਰੇ ਕਰ ਲਈਏ। ਅਸੀਂ ਬਿਲ ਵਿੱਚ ਇਹ ਕਹਿ ਰਹੇ ਹਾਂ ਕਿ ਜਿਹੜੇ ਪ੍ਰਬੰਧਕ ਹੁਣ ਲੱਗੇ ਹੋਏ ਹਨ, ਕਿਉਂਕਿ ਆਉਣ ਵਾਲੀ 01 ਅਕਤੂਬਰ ਤੋਂ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਹੋ ਜਾਵੇਗੀ। ਇਸ ਤਰ੍ਹਾਂ ਨਾ ਹੋਵੇ ਕਿ ਕੋਈ ਪ੍ਰਬੰਧਕ ਵੀ ਨਾ ਹੋਵੇ ਅਤੇ ਕੋਈ ਚੇਅਰਮੈਨ ਵੀ ਨਾ ਹੋਵੇ। ਅਸੀਂ ਕੋਸ਼ਿਸ਼ ਕਰਾਂਗੇ ਕਿ ਜਲਦੀ ਹੀ ਮਾਰਕੀਟ ਕਮੇਟੀਆਂ ਨੂੰ not only Chairman , ਸਾਰੇ ਮੈਂਬਰ ਵੀ ਪੂਰੇ ਕਰ ਦਿੱਤੇ ਜਾਣ। ਇਸ ਤਰ੍ਹਾਂ ਆਰ.ਡੀ.ਐਫ. ਦੇ ਮਾਮਲੇ ਸਬੰਧੀ ਮਾਣਯੋਗ ਹਾਈਕੋਰਟ ਦੇ ਵਿੱਚ 9 ਸਤੰਬਰ ਦੀ ਤਰੀਕ ਹੈ, ਹੋ ਸਕਦਾ ਹੈ ਕਿ ਆਰ.ਡੀ.ਐਫ. ਸਬੰਧੀ ਫੈਸਲਾ ਸਾਡੇ ਹੱਕ ਵਿੱਚ ਆ ਜਾਵੇ ਅਤੇ ਸੈਂਟਰ ਸਰਕਾਰ ਸਾਨੂੰ ਪੈਸੇ ਦੇ ਦੇਵੇ। ਅਸੀਂ ਇਸ ਨਾਲ ਮੰਡੀਆਂ ਦਾ ਪ੍ਰਬੰਧ ਵੀ ਠੀਕ ਕਰ ਦਿਆਂਗੇ। ਇਹ ਛੋਟਾ ਜਿਹਾ ਬਿਲ ਹੈ, ਇਸ ਨੂੰ ਅਸੀਂ ਇਸ ਕਰਕੇ ਲੈ ਰਹੇ ਹਾਂ ਕਿ ਜਿੰਨਾ ਚਿਰ ਇਹ ਪੋਸਟਾਂ ਭਰੀਆਂ ਨਹੀਂ ਜਾਂਦੀਆਂ, ਓਨਾ ਚਿਰ ਇਸ ਨੂੰ ਪ੍ਰਬੰਧਕ ਹੀ ਦੇਖ ਲੈਣ।

**ਮਾਣਯੋਗ ਸਪੀਕਰ** : ਹਾਂ ਜੀ, ਸਰਦਾਰ ਪ੍ਰਤਾਪ ਸਿੰਘ ਬਾਜਵਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)** : ਸਰ, ਗੱਲ ਇਸ ਤਰ੍ਹਾਂ ਹੈ ਕਿ ਇੱਕ ਸਾਲ ਤੋਂ ਤਿੰਨ ਸਾਲ ਸਬੰਧੀ ਦਲੀਲ ਤਾਂ ਮੰਤਰੀ ਸਾਹਿਬ ਦੇ ਹੀ ਨਹੀਂ ਸਕੇ। ਮੈਂ ਇਹ ਸਮਝਦਾ ਹਾਂ ਕਿ ਇਹ ਬਹੁਤ ਵੱਡੀ ਕੰਟਰਾਡਿਕਸ਼ਨ ਹੈ, ਇਸ ਨੂੰ ਜਾਂ ਤਾਂ ਸਟੀਕ ਕੀਤਾ ਜਾਵੇ ਕਿਉਂਕਿ ਇਹ ਗੌਰਮਿੰਟ ਦਾ ਇਨਡਾਇਰੈਕਟ ਢੰਗ ਹੈ। ਗੌਰਮਿੰਟ ਆਪਣੇ ਇਲੈਕਟਡ ਰਿਪ੍ਰੈਜ਼ੈਂਟੇਟਿਵਜ਼ ਦੀ ਬਜਾਏ ਬਾਬੂਆਂ ਦੇ ਹੱਥਾਂ ਵਿੱਚ ਪਾਵਰਾਂ ਦੇ ਰਹੀ ਹੈ, ਜਿਹੜੀਆਂ ਕਿ ਆਲਰੇਡੀ ਬਹੁਤ ਮਿਸਯੂਜ਼ ਹੋ ਰਹੀਆਂ ਹਨ। ਸੋ, ਕਿਰਪਾ ਕਰਕੇ ਇਹ ਕੰਮ ਨਾ ਕਰੋ। ਤੁਹਾਨੂੰ ਜਿੱਥੇ ਵੀ ਸਾਡੀ ਸੁਪੋਰਟ ਦੀ ਲੋੜ ਸੀ, ਅਸੀਂ ਤੁਹਾਨੂੰ ਸਰਬਸੰਮਤੀ ਨਾਲ ਸੁਪੋਰਟ ਕੀਤਾ ਹੈ। ਇਹ ਚੀਜ਼ ਇਹੋ ਜਿਹੀ ਹੈ, ਜਿਸ ਵਿੱਚ ਇਹ ਕੋਈ ਆਪਣੀ ਦਲੀਲ ਪੇਸ਼ ਨਹੀ ਕਰ ਸਕੇ। ਮੇਰੀ ਗੁਜਾਰਿਸ਼ ਹੈ ਕਿ ਜੇਕਰ ਤੁਸੀਂ ਇੱਕ ਮਹੀਨੇ ਜਾਂ ਦੋ ਮਹੀਨੇ ਵਿੱਚ ਕਰਨਾ ਚਾਹੁੰਦੇ ਹੋ, everything is already in your hands. ਜਿੱਥੇ ਕਿਤੇ ਵੀ ਤੁਹਾਡੇ ਚੇਅਰਮੈਨ ਜਾਂ ਬਾਡੀਜ਼ ਨਹੀਂ ਹਨ, ਉੱਥੇ ਤਾਂ ਆਟੋਮੈਟਿਕਲੀ ਮੰਡੀਕਰਨ ਬੋਰਡ ਦੇ ਆਫਿਸ਼ੀਅਲ ਮਾਰਕੀਟ ਕਮੇਟੀਆਂ ਨੂੰ ਟੇਕਓਵਰ ਕਰ ਲੈਂਦੇ ਹਨ। ਸੋ, there is something serious ਜੋ ਮੈਂ ਇਹ ਸਮਝਦਾ ਹਾਂ ਕਿ ਇਹ ਬਾਬੂਆਂ ਦਾ ਬਣਾਇਆ ਹੋਇਆ ਹੈ। ਜਿਵੇਂ ਸੀ.ਐਮ. ਸਾਹਿਬ ਨੇ ਵੀ ਕਿਹਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਜੀ ਨੇ ਵੀ ਜਿਹੜੀ ਗੱਲ ਬਾਅਦ ਵਿੱਚ ਤਜਰਬੇ ਨਾਲ ਸਿੱਖੀ, ਉਹੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹੀ ਬਾਬੂਆਂ ਦਾ ਢੰਗ ਹੈ, ਇਸ ਨੂੰ ਇੱਕ ਸਾਲ ਤੋਂ ਤਿੰਨ ਸਾਲ ਲੈ ਕੇ ਜਾਣਾ ਤੇ ਆਪਣੇ ਮੇਨ ਪੋਲੀਟੀਕਲ ਲੋਕਾਂ ਦੇ ਹੱਥਾਂ ਵਿੱਚੋਂ ਪਾਵਰ ਖੋਹ ਕੇ ਬਾਬੂਆਂ ਦੇ ਹੱਥਾਂ ਵਿੱਚ ਦੇਣੀ ਹੈ। ਸੋ, ਅਸੀਂ ਇਸ ਗੱਲ ਦੇ ਵਿੱਚ ਸਹਿਮਤ ਨਹੀਂ ਹਾਂ।

**ਮਾਣਯੋਗ ਸਪੀਕਰ** : ਮੇਰਾ ਖਿਆਲ ਹੈ ਕਿ ਜਿਹੜੇ ਮੰਤਰੀ ਸਾਹਿਬਾਨ ਹਨ, ਉਹ ਵੀ ਮੁੱਖ ਮੰਤਰੀ ਸਾਹਿਬ ਦੇ ਬਿਹਾਫ ਤੇ ਹੀ ਜਵਾਬ ਦਿੰਦੇ ਹਨ। ਕੋਈ ਐਸੀ ਗੱਲ ਨਹੀਂ ਹੈ। ਹਾਂ ਜੀ, ਮੁੱਖ ਮੰਤਰੀ ਜੀ।

**ਮੁੱਖ ਮੰਤਰੀ** : ਜੇਕਰ ਤੁਸੀਂ ਵਿੱਚ ਆਖਰੀ ਲਾਈਨ ਪੜ੍ਹੋ ਤਾਂ ਇਸ ਵਿੱਚ ਲਿਖਿਆ ਹੈ ਕਿ till 26.07.2025 not two years. ਇਸ ਤੋਂ ਪਹਿਲਾਂ ਪਹਿਲਾਂ ਅਸੀਂ ਕਰ ਦਿਆਂਗੇ।

**ਮਾਣਯੋਗ ਸਪੀਕਰ :** ਖੇਤੀਬਾੜੀ ਮੰਤਰੀ ਜੀ। ਹਾਂ ਜੀ, ਬਾਜਵਾ ਜੀ, ਹੁਣ ਗੱਲ ਸੁਣ ਲਵੋ।

**ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ :** ਹੁਣ ਇੱਕ ਮਿੰਟ ਸੁਣ ਲਓ ਜੀ, ਤੁਸੀਂ ਕਿਹਾ ਕਿ ਮੰਤਰੀ ਸਾਹਿਬ ਜਵਾਬ ਨਹੀਂ ਦੇ ਸਕੇ। ਜਦੋਂ ਮਾਣਯੋਗ ਮੁੱਖ ਮੰਤਰੀ ਜੀ ਬੋਲਣ ਲੱਗੇ ਸਨ, ਮੇਰਾ ਫਰਜ਼ ਨਹੀਂ ਬਣਦਾ ਸੀ ਕਿ ਉਨ੍ਹਾਂ ਦੇ ਅੱਗੇ ਹੋ ਕੇ ਮੈਂ ਬੋਲਾਂ। ਪਹਿਲਾਂ ਕਾਂਗਰਸ ਪਾਰਟੀ ਦਾ ਰਾਜ ਵੀ ਸੀ, ਹੌਲੀ ਹੌਲੀ ਮਾਰਕੀਟ ਕਮੇਟੀ ਨਵੀਂਆਂ ਬਣਾਈਆਂ ਅਤੇ ਉਨ੍ਹਾਂ ਦੀ ਮਿਆਦ ਨੂੰ ਵੀ ਸੁਪਰਸੀਡ ਕਰ ਦਿੱਤਾ ਗਿਆ ਪਰ ਜਿਹੜੀਆਂ ਨਵੀਂਆਂ ਮਾਰਕੀਟ ਕਮੇਟੀਆਂ ਬਣਨਗੀਆਂ, ਉਹ ਵੀ ਜਲਦੀ ਹੀ ਬਣਾਵਾਂਗੇ ਪਰ ਇੱਕ ਵਾਰ ਸਮਾਂ ਜ਼ਰੂਰ ਲੈਣਾ ਪੈਂਦਾ ਹੈ ਤਾਂ ਕਿ ਕੰਮ- ਕਾਰ ਸੁਚਾਰੂ ਢੰਗ ਨਾਲ ਚੱਲ ਸਕਣ। 6 ਮਹੀਨਿਆਂ ਬਾਅਦ ਸਾਡੀ ਫਸਲ ਆ ਜਾਂਦੀ ਹੈ, ਹੁਣ ਮਹੀਨੇ ਬਾਅਦ ਝੋਨੇ ਦੀ ਫਸਲ ਵੀ ਆ ਜਾਣੀ ਹੈ। ਸਾਰਾ ਕੁਝ ਸੰਭਾਲਣ ਵਾਸਤੇ ਉਸ ਦਾ ਪ੍ਰਸ਼ਾਸਕ ਲਾਉਣਾ ਜ਼ਰੂਰੀ ਹੁੰਦਾ ਹੈ। ਇਸ ਕਰਕੇ ਇਹ ਬਿਲ ਇਸ ਹਾਊਸ ਵਿੱਚ ਰੱਖਿਆ ਗਿਆ ਹੈ। ਇਸ ਲਈ ਅਸੀਂ ਮਾਰਕਿਟ ਕਮੇਟੀਆਂ ਜਲਦੀ ਹੀ ਪੂਰੀਆਂ ਕਰ ਦਿਆਂਗੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧਨਾ) ਬਿਲ, 2024 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**1330/Rajneet Kaur/Monika sharma**

**ਕਲਾਜ਼ 2**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ 1 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ:** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ:** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ-

ਕਿ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ-

ਕਿ ਪੰਜਾਬ ਖੇਤੀਬਾੜੀ ਉਤਪਾਦ ਮੰਡੀਆਂ (ਸੋਧਨਾ) ਬਿਲ, 2024 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।*** (ਥੰਪਿੰਗ)

-----------

**ਮਾਣਯੋਗ ਸਪੀਕਰ:** ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

*01.36 ਵਜੇ ਬਾਅਦ ਦੁਪਹਿਰ (*ਇਸ ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

---------

**1335/Kuldeep kaur/Monika sharma**